ਵੀਰਵਾਰ, 30 ਜਨਵਰੀ, 2025
15 ਮਾਘ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 240

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • THURSDAY, 30 JANUARY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮਹਾਂ-ਕੁੰਭ 'ਚ ਮਹਾਂ-ਤ੍ਰਾਸਦੀ



ਸਟਰੇਚਰ 'ਤੇ ਵੀ ਸਾਥੀ ਨੇ ਲਾਸ਼ ਦਾ ਹੱਥ ਨਹੀਂ ਛੱਡਿਆ। ਉਸ ਨੂੰ ਡਰ ਸੀ ਕਿ ਲਾਸ਼ ਗੁਆਚ ਨਾ ਜਾਵੇ!



ਭਗਦੜ ਮਚਣ ਤੋਂ ਬਾਅਦ ਸੰਗਮ ਵਿੱਚ ਡੁਬਕੀ ਲਾਏ ਬਿਨਾਂ ਮੁੜਦਾ ਸਾਧੂ।

**ਪ੍ਰਯਾਗਰਾਜ** : ਇੱਥੇ ਚੱਲ ਰਹੇ ਮਹਾਂਕੁੰਭ ਮੇਲੇ ਵਿੱਚ ਸੰਗਮ ਤੱਟ 'ਤੇ ਭਗਦੜ 'ਚ 35 ਤੋਂ 40 ਲੋਕ ਮਰ ਗਏ ਤੇ ਇਹ ਅੰਕੜਾ ਵੱਧ ਸਕਦਾ ਹੈ। ਮੰਗਲਵਾਰ ਰਾਤ ਕਰੀਬ ਡੇਢ ਵਜੇ ਭਗਦੜ ਮਚੀ ਜਦੋਂ ਲੋਕ ਸੰਗਮ ਤੱਟ 'ਤੇ ਮੌਨੀ ਮੱਸਿਆ ਦੇ ਇਸ਼ਨਾਨ ਲਈ ਉਡੀਕ ਕਰ ਰਹੇ ਸਨ। ਹਾਦਸੇ ਦੇ ਕਾਰਨ ਦਾ ਫੌਰੀ ਪਤਾ ਨਹੀਂ ਲੱਗ ਸਕਿਆ ਕਿਉਂਕਿ ਯੂ ਪੀ ਸਰਕਾਰ ਨੇ ਦੇਰ ਸ਼ਾਮ ਤਕ ਕੋਈ ਬਿਆਨ ਨਹੀਂ ਦਿੱਤਾ। ਪੱਤਰਕਾਰਾਂ ਨੇ ਸ੍ਰਿਸ਼ਟੀ ਮੈਡੀਕਲ ਕਾਲਜ ਵਿੱਚ 20 ਲਾਸ਼ਾਂ ਦੇਖੀਆਂ।

ਭਾਰੀ ਭੀੜ ਨੂੰ ਦੇਖਦਿਆਂ ਪ੍ਰਯਾਗਰਾਜ ਵਿੱਚ ਦਾਖਲ ਹੋਣ ਦੇ 8 ਰਾਹ ਬੰਦ ਕਰ ਦਿੱਤੇ ਗਏ ਹਨ। ਪੂਰੇ ਮੇਲਾ ਖੇਤਰ ਨੂੰ ਨੋ-ਵਹੀਕਲ ਜ਼ੋਨ ਐਲਾਨ ਦਿੱਤਾ ਗਿਆ ਹੈ। ਸਾਰੇ ਵਹੀਕਲ ਪਾਸ ਰੱਦ ਕਰ ਦਿੱਤੇ ਗਏ ਹਨ। ਸ਼ਹਿਰ ਵਿੱਚ ਫੋਰ-ਵ੍ਹੀਲਰ ਦੀ ਐਂਟਰੀ ਰੋਕ ਦਿੱਤੀ ਗਈ ਹੈ। ਇਹ ਵਿਵਸਥਾ ਚਾਰ ਫਰਵਰੀ ਤਕ ਰਹੇਗੀ।

ਯੂ ਪੀ ਦੇ ਮੰਤਰੀ ਸੰਜੇ ਨਿਸ਼ਾਦ ਨੇ ਇਹ ਪੀੜਾਦਾਇਕ ਬਿਆਨ ਦਿੱਤਾ ਕਿ ਜਿੱਥੇ ਏਨੀ ਭੀੜ ਹੁੰਦੀ ਹੈ ਉਥੇ ਅਜਿਹੀ ਨਿੱਕੀ-ਮੋਟੀ ਘਟਨਾ ਹੋ ਜਾਂਦੀ ਹੈ।

ਪ੍ਰਸ਼ਾਸਨ ਮੁਤਾਬਕ ਸੰਗਮ ਸਮੇਤ 44 ਘਾਟਾਂ 'ਤੇ ਬੁੱਧਵਾਰ ਦੇਰ ਰਾਤ ਤਕ 8 ਤੋਂ 10 ਕਰੋੜ ਸ਼ਰਧਾਲੂਆਂ ਦੇ ਡੁੱਬਕੀ ਲਾਉਣ ਦਾ ਅਨੁਮਾਨ ਹੈ।

ਅਮ੍ਰਿਤ ਇਸ਼ਨਾਨ ਕਾਰਨ ਜ਼ਿਆਦਾਤਰ ਪੰਟੂਨ ਪੁਲ ਬੰਦ ਸਨ। ਇਸ ਕਾਰਨ ਲੱਖਾਂ ਦੀ ਭੀੜ ਇਕੱਠੀ ਹੁੰਦੀ ਗਈ। ਇਸ ਦੌਰਾਨ ਬੈਰੀਕੇਡ ਵਿੱਚ ਫਸ ਕੇ ਕੁਝ ਲੋਕ ਡਿੱਗ ਗਏ। ਇਸ ਤੋਂ ਬਾਅਦ ਭਗਦੜ ਮਚ ਗਈ।

ਸੰਗਮ ਨੋਜ਼ 'ਤੇ ਦਾਖਲ ਹੋਣ 'ਤੇ ਵਾਪਸ ਜਾਣ ਦੇ ਰਾਹ ਵੱਖਰੇ-ਵੱਖਰੇ ਨਹੀਂ ਸਨ। ਲੋਕ ਜਿੱਧਰੋਂ ਆ ਰਹੇ ਸਨ, ਉਧਰੋਂ ਹੀ ਮੁੜ ਰਹੇ ਸਨ। ਭਗਦੜ ਮਚੀ ਤਾਂ ਭੱਜਣ ਦਾ ਮੌਕਾ ਨਹੀਂ ਮਿਲਿਆ ਤੇ ਲੋਕ ਇੱਕ-ਦੂਜੇ 'ਤੇ ਡਿਗਦੇ ਗਏ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮ੍ਰਿਤਕਾਂ ਦੇ ਪਰਵਾਰ ਵਾਲਿਆਂ ਨਾਲ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਕਰੋੜਾਂ ਸ਼ਰਧਾਲੂ ਪੁੱਜੇ ਹਨ। ਕੁਝ ਸਮੇਂ ਲਈ ਇਸ਼ਨਾਨ ਵਿੱਚ ਰੁਕਾਵਟ ਆਈ ਸੀ, ਪਰ ਫਿਰ ਲੋਕ ਆਰਾਮ ਨਾਲ ਇਸ਼ਨਾਨ ਕਰ ਰਹੇ ਸਨ। ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਨੇ ਲੋਕਾਂ ਨੂੰ ਸੰਜਮ ਵਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਸ਼ਰਧਾਲੂ ਸੰਗਮ 'ਤੇ ਹੀ ਇਸ਼ਨਾਨ ਦੀ ਨਾ ਸੋਚਣ, ਗੰਗਾ ਹਰ ਥਾਂ ਪਵਿੱਤਰ ਹੈ, ਜਿੱਥੇ ਤੱਟ 'ਤੇ ਥਾਂ ਮਿਲਦੀ ਹੈ, ਉਥੇ ਇਸ਼ਨਾਨ ਕਰ ਲੈਣ। ਰਾਹੁਲ ਗਾਂਧੀ ਨੇ ਕਿਹਾ ਕਿ ਵੀ ਆਈ ਪੀ ਕਲਚਰ 'ਤੇ ਸਰਕਾਰ ਦੀ ਬਦਇੰਤਜ਼ਾਮੀ ਕਾਰਨ ਭਗਦੜ ਮਚੀ। ਉਨ੍ਹਾ ਕਿਹਾ ਕਿ ਅਜਿਹੀ ਘਟਨਾ ਦੁਬਾਰਾ ਵਾਪਰ ਸਕਦੀ ਹੈ, ਇਸ ਨੂੰ ਰੋਕਣ ਲਈ ਢੁੱਕਵੇਂ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਸਪਾ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਕਿ ਮਹਾਕੁੰਭ ਨੂੰ ਫੌਜ ਹਵਾਲੇ ਕਰ ਦੇਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਵਿਸ਼ਵ ਪੱਧਰੀ ਵਿਵਸਥਾ ਦੇ ਦਾਅਵਿਆਂ ਪਿਛਲੀ ਸੱਚਾਈ ਸਾਹਮਣੇ ਆ ਗਈ ਹੈ। ਇਸ ਲਈ ਜਿਹੜੇ ਲੋਕ ਅਜਿਹੇ ਦਾਅਵੇ ਕਰ ਰਹੇ ਸਨ, ਉਨ੍ਹਾਂ ਨੂੰ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ— ਅੱਧੀਆਂ-ਅਧੂਰੀਆਂ ਤਿਆਰੀਆਂ, ਵੀ ਆਈ ਪੀ ਮੂਵਮੈਂਟ ਤੇ ਪ੍ਰਬੰਧਨ ਦੀ ਬਜਾਏ ਸਵੈ-ਪ੍ਰਚਾਰ 'ਤੇ ਧਿਆਨ ਕੇਂਦਰਤ ਕਰਨ ਕਾਰਨ ਅਜਿਹੀ ਘਟਨਾ ਵਾਪਰੀ। ਹਜ਼ਾਰਾਂ ਕਰੋੜ ਰੁਪਏ ਖਰਚ ਕਰਨ ਦੇ ਬਾਵਜੂਦ ਅਜਿਹੀਆਂ ਤਿਆਰੀਆਂ ਨਿੰਦਣਯੋਗ ਹਨ। ਤੀਰਥ ਯਾਤਰੀਆਂ ਲਈ ਰਿਹਾਇਸ਼ ਅਤੇ ਮੁੱਢਲੀ ਸਹਾਇਤਾ ਸਹੂਲਤਾਂ ਦਾ ਵਿਸਤਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਵੀ ਆਈ ਪੀਜ਼ ਦੀ ਆਵਾਜਾਈ 'ਤੇ ਰੋਕ ਲਗਾਈ ਜਾਣੀ ਚਾਹੀਦੀ ਹੈ। ਸਾਡੇ ਸੰਤ ਵੀ ਇਹੀ ਚਾਹੁੰਦੇ ਹਨ।

## ਮੰਤਰੀ ਲਈ ਨਿੱਕੀ ਘਟਨਾ!

ਯੂ ਪੀ ਦੇ ਮੰਤਰੀ ਸੰਜੇ ਨਿਸ਼ਾਦ ਨੇ ਇਹ ਪੀੜਾਦਾਇਕ ਬਿਆਨ ਦਿੱਤਾ ਕਿ ਜਿੱਥੇ ਏਨੀ ਭੀੜ ਹੁੰਦੀ ਹੈ, ਉਥੇ ਅਜਿਹੀ ਨਿੱਕੀ-ਮੋਟੀ ਘਟਨਾ ਹੋ ਹੀ ਜਾਂਦੀ ਹੈ।

## ਪੰਜਾਬ ਦੇ ਸ਼ਰਧਾਲੂ

**ਪਟਿਆਲਾ** : ਮਹਾਕੁੰਭ ਵਿੱਚ ਪੰਜਾਬ ਤੋਂ ਵੀ ਵੱਡੀ ਗਿਣਤੀ 'ਚ ਸ਼ਰਧਾਲੂ ਇਸ਼ਨਾਨ ਲਈ ਗਏ ਹਨ। ਮੰਡੀ ਗੋਬਿੰਦਗੜ੍ਹ ਦੇ ਨਿਸ਼ਚਿੰਤ ਕੁਮਾਰ ਨੇ ਕਿਹਾ—ਮੈਂ ਸਵੇਰੇ 7 ਵਜੇ ਤੋਂ ਆਪਣੇ ਪਿਤਾ ਅਤੇ ਮਾਤਾ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਹੁਣ ਤੱਕ ਸੰਪਰਕ ਨਹੀਂ ਹੋ ਸਕਿਆ। ਲੁਧਿਆਣਾ ਵਾਸੀ ਮਨੋਜ ਸੂਦ ਨੇ ਕਿਹਾ—ਅਸੀਂ ਖ਼ੁਸ਼ਕਿਸਮਤ ਹਾਂ ਕਿ ਘਟਨਾ ਤੋਂ ਕੁੱਝ ਸਮਾਂ ਪਹਿਲਾਂ ਉਥੋਂ ਰਵਾਨਾ ਹੋ ਗਏ ਅਤੇ ਸੁਰੱਖਿਅਤ ਘਰ ਵਾਪਸ ਪੁੱਜ ਗਏ।



## 100ਵੀ ਸਫਲ ਲਾਂਚਿੰਗ

**ਸ੍ਰੀਹਰੀਕੋਟਾ** : ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਬੁੱਧਵਾਰ ਸਵੇਰੇ ਆਂਧਰਾ ਪ੍ਰਦੇਸ਼ ਦੇ ਸ੍ਰੀਹਰੀਕੋਟਾ ਵਿਖੇ ਐੱਨਵੀਐੱਸ-02 ਨੂੰ ਲੈ ਕੇ ਜਾਣ ਵਾਲਾ ਆਪਣਾ ਜੀਐੱਸਐੱਲਵੀ-ਐੱਫ15 ਪੁਲਾੜ ਵਾਹਨ ਸਫਲਤਾਪੂਰਵਕ ਲਾਂਚ ਕੀਤਾ। ਇਹ ਦੇਸ਼ ਦੀ ਪੁਲਾੜ ਬੰਦਰਗਾਹ ਤੋਂ ਇਸਰੋ ਦੀ 100ਵੀਂ ਲਾਂਚ ਹੈ। ਇਸ ਰਾਹੀਂ ਲਾਂਚ ਕੀਤਾ ਗਿਆ ਨੇਵੀਗੇਸ਼ਨ ਸੈਟੇਲਾਈਟ ਧਰਤੀ, ਹਵਾਈ ਅਤੇ ਸਮੁੰਦਰੀ ਨੇਵੀਗੇਸ਼ਨ ਅਤੇ ਖੇਤੀਬਾੜੀ ਸੰਬੰਧੀ ਸ਼ੁੱਧਤਾ ਵਿੱਚ ਮਦਦ ਕਰੇਗਾ। ਇਸ ਦੇ ਨਾਲ ਹੀ ਜੀਐੱਸਐੱਲਵੀ-ਐੱਫ15 ਭਾਰਤ ਦੇ ਜੀਓਸਿੰਕ੍ਰੋਨਸ ਸੈਟੇਲਾਈਟ ਲਾਂਚ ਵਹੀਕਲ (ਜੀਐੱਸਐੱਲਵੀ) ਦੀ 17ਵੀਂ ਉਡਾਣ ਹੈ ਅਤੇ ਦੇਸ਼ ਵਿਚ ਹੀ ਤਿਆਰ ਕ੍ਰਾਇਓ ਪੜਾਅ ਵਾਲੀ 11ਵੀਂ ਉਡਾਣ ਹੈ। 16 ਜਨਵਰੀ ਨੂੰ ਇਸਰੋ ਦੇ ਚੇਅਰਮੈਨ ਦਾ ਅਹੁਦਾ ਸੰਭਾਲਣ ਵਾਲੇ ਵੀ ਨਾਰਾਇਣਨ ਮਿਸ਼ਨ ਕੰਟਰੋਲ ਸੈਂਟਰ ਤੋਂ ਕਿਹਾ—ਮੈਨੂੰ ਇਸਰੋ ਦੇ ਸਪੇਸਪੋਰਟ ਤੋਂ ਇਹ ਐਲਾਨ ਕਰਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਇਸ ਸਾਲ 2025 ਦਾ ਪਹਿਲਾ ਲਾਂਚ ਸਫਲਤਾਪੂਰਵਕ ਪੂਰਾ ਹੋ ਗਿਆ ਹੈ। ਵਾਹਨ ਨੇ ਨੇਵੀਗੇਸ਼ਨ ਸੈਟੇਲਾਈਟ ਐੱਨਵੀਐੱਸ-02 ਨੂੰ ਲੋੜੀਂਦੇ ਗ੍ਰਹਿ ਪੰਧ 'ਤੇ ਸਹੀ ਢੰਗ ਨਾਲ ਇੰਜੈਕਟ ਕੀਤਾ ਹੈ।

## ਕੇਜਰੀਵਾਲ ਖਿਲਾਫ਼ ਕੇਸ ਦਾਇਰ

**ਚੰਡੀਗੜ੍ਹ** : ਹਰਿਆਣਾ ਦੇ ਮਾਲ ਅਤੇ ਆਪਦਾ ਪ੍ਰਬੰਧਨ ਮੰਤਰੀ ਵਿਪੁਲ ਗੋਇਲ ਨੇ ਕਿਹਾ ਕਿ ਦਿੱਲੀ ਵਿਚ ਸਪਲਾਈ ਕੀਤੇ ਜਾਣ ਵਾਲੇ ਪਾਣੀ ਨੂੰ ਲੈ ਕੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਬਿਆਨ 'ਤੇ ਹਰਿਆਣਾ ਸਰਕਾਰ ਨੇ ਆਪਦਾ ਪ੍ਰਬੰਧਨ ਐਕਟ ਤਹਿਤ ਕੇਜਰੀਵਾਲ ਦੇ ਖਿਲਾਫ ਸੋਨੀਪਤ ਦੀ ਅਦਾਲਤ ਵਿਚ ਕੇਸ ਦਾਇਰ ਕਰ ਦਿੱਤਾ ਹੈ।ਗੋਇਲ ਨੇ ਕਿਹਾ ਕਿ ਹਰਿਆਣਾ 'ਤੇ ਇਸ ਤਰ੍ਹਾਂ ਦਾ ਦੋਸ਼ ਲਗਾ ਕੇ ਕੇਜਰੀਵਾਲ ਨੇ ਘਟੀਆ ਰਾਜਨੀਤੀ ਕੀਤੀ ਹੈ। ਮੰਤਰੀ ਨੇ ਕਿਹਾ ਕਿ ਜੋ ਪਾਣੀ ਦਿੱਲੀ ਨੂੰ ਸਪਲਾਈ ਕੀਤਾ ਜਾ ਰਿਹਾ ਹੈ ਉਹੀ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਕੇਂਦਰੀ ਮੰਤਰੀ ਵੀ ਪੀਂਦੇ ਹਨ। ਕੇਜਰੀਵਾਲ ਨੇ ਇਹ ਬਿਆਨ ਦੇ ਕੇ ਦਿੱਲੀ ਹੀ ਨਹੀਂ ਹਰਿਆਣਾ ਦੀ ਜਨਤਾ ਵਿਚ ਵੀ ਡਰ ਫੈਲਾਉਣ ਦਾ ਕੰਮ ਕੀਤਾ ਹੈ।ਉਨ੍ਹਾਂ ਨੇ ਕਿਹਾ ਕਿ ਦਿੱਲੀ ਸਰਕਾਰ ਯਮੁਨਾ ਨੂੰ ਸਾਫ ਬਨਾਉਣ ਵਿਚ ਪੂਰੀ ਤਰ੍ਹਾ ਅਸਫਲ ਰਹੀ ਹੈ। ਚੋਣ ਵਿਚ ਆਪਣੀ ਸਾਖ ਬਚਾਉਣ ਲਈ ਅਰਵਿੰਦ ਕੇਜਰੀਵਾਲ ਨੇ ਹਰਿਆਣਾ ਦੀ ਜਨਤਾ 'ਤੇ ਸ਼ਰਮਨਾਕ ਅਤੇ ਬੇਬੁਨਿਆਦ ਦੋਸ਼ ਲਗਾਏ ਹਨ।ਕੇਜਰੀਵਾਲ ਇਹ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੇ ਜਹਿਰੀਲੇ ਪਾਣੀ ਨੂੰ ਦਿੱਲੀ ਵਿਚ ਪ੍ਰਵੇਸ਼ ਕਰਨ ਤੋਂ ਰੋਕ ਦਿੱਤਾ, ਪਰ ਉਨ੍ਹਾਂ ਦੇ ਕੋਲ ਇਸ ਦਾਵੇ ਦਾ ਕੋਈ ਸਬੂਤ ਨਹੀਂ ਹੈ।

## ਕੀ ਜ਼ਹਿਰੀਲਾ ਪਾਣੀ ਦੇ ਕੇ ਹਰਿਆਣਾ ਮੈਨੂੰ ਮਾਰੇਗਾ : ਮੋਦੀ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਆਮ ਆਦਮੀ ਪਾਰਟੀ (ਆਪ) 'ਤੇ ਤਿੱਖਾ ਹਮਲਾ ਕਰਦਿਆਂ ਉਸ ਦੇ ਹਰਿਆਣਾ ਸਰਕਾਰ ਵਲੋਂ ਯਮੁਨਾ ਨਦੀ ਨੂੰ ਜ਼ਹਿਰੀਲਾ ਕਰਨ ਦੇ ਦਾਅਵੇ ਨੂੰ ਖਾਰਜ ਕੀਤਾ। ਉਨ੍ਹਾਂ ਕਿਹਾ ਕਿ ਉਹ ਖੁਦ ਯਮੁਨਾ ਦਾ ਪਾਣੀ ਪੀਂਦੇ ਹਨ। ਦਿੱਲੀ ਦੇ ਕਰਤਾਰ ਨਗਰ ਵਿੱਚ ਇੱਕ ਰੈਲੀ 'ਚ ਮੋਦੀ ਨੇ ਦਿੱਲੀ ਦੇ ਲੋਕਾਂ ਨੂੰ ਗੁੰਮਰਾਹ ਕਰਨ ਲਈ 'ਆਪ' ਉੱਤੇ ਕਈ ਸ਼ਬਦੀ ਹਮਲੇ ਕੀਤੇ। ਉਨ੍ਹਾ ਪੁੱਛਿਆ—ਕੀ ਹਰਿਆਣਾ ਦੇ ਲੋਕ ਦਿੱਲੀ ਤੋਂ ਵੱਖਰੇ ਹਨ? ਕੀ ਉਨ੍ਹਾਂ ਦੇ ਪਰਵਾਰ ਅਤੇ ਰਿਸ਼ਤੇਦਾਰ ਇੱਥੇ ਨਹੀਂ ਰਹਿੰਦੇ? ਕੀ ਉਹ ਜ਼ਹਿਰ ਦੇ ਸਕਦੇ ਹਨ?

ਇਸ ਦਾਅਵੇ 'ਤੇ ਤਨਜ਼ ਕਸਦਿਆਂ ਮੋਦੀ ਨੇ ਕਿਹਾ—ਇਹ ਪ੍ਰਧਾਨ ਮੰਤਰੀ ਵੀ ਉਹੀ ਪਾਣੀ ਪੀਂਦਾ ਹੈ। ਵਿਦੇਸ਼ੀ ਡਿਪਲੋਮੈਟ, ਰਾਜਦੂਤ, ਇੱਥੋਂ ਤੱਕ ਕਿ ਦਿੱਲੀ ਦੇ ਗਰੀਬ ਵੀ ਇਹੀ ਪਾਣੀ ਪੀਂਦੇ ਹਨ। ਕੀ 'ਆਪ' ਨੂੰ ਲੱਗਦਾ ਹੈ ਕਿ ਹਰਿਆਣਾ ਦੀ ਭਾਜਪਾ ਸਰਕਾਰ ਮੋਦੀ ਮਾਰਨ ਲਈ ਜ਼ਹਿਰੀਲਾ ਕਰੇਗੀ? ਇਹ ਕਿਹੋ ਜਿਹਾ ਬੇਤੁਕਾ ਦਾਅਵਾ ਹੈ? ਅਜਿਹੇ ਗੁਨਾਹਾਂ ਨੂੰ ਨਾ ਤਾਂ ਦਿੱਲੀ ਮਾਫ਼ ਕਰਦੀ ਹੈ ਅਤੇ ਨਾ ਹੀ ਦੇਸ਼।

## ਅਮਰੀਕਾ ਭੇਜੇ ਧਾਗੇ 'ਚ ਨੀਂਦ ਦੀਆਂ ਗੋਲੀਆਂ ਮਿਲੀਆਂ

**ਵਾਸ਼ਿੰਗਟਨ** : ਅਮਰੀਕਾ ਦੇ ਕਸਟਮ ਅਤੇ ਸੀਮਾ ਸੁਰੱਖਿਆ ਵਿਭਾਗ ਨੇ ਭਾਰਤ ਤੋਂ ਆਈ ਧਾਗੇ ਦੀ ਇਕ ਖੇਪ ਵਿੱਚੋਂ ਲੱਗਭੱਗ 70,000 ਨੀਂਦ ਦੀਆਂ ਗੋਲੀਆਂ ਜ਼ਬਤ ਕੀਤੀਆਂ ਹਨ। ਜ਼ੋਲਪੀਡੇਮ ਟਾਰਟਰੇਟ ਨਾਮਕ ਇਨ੍ਹਾਂ ਗੋਲੀਆਂ ਦੀ ਕੀਮਤ 33,000 ਅਮਰੀਕੀ ਡਾਲਰ ਦੇ ਕਰੀਬ ਹੈ। ਇਹ ਖੇਪ ਕੈਲੀਫੋਰਨੀਆ ਦੇ ਬਿਊਨਾ ਪਾਰਕ ਸਥਿਤ ਇਕ ਪਤੇ 'ਤੇ ਭੇਜੀ ਜਾ ਰਹੀ ਸੀ।

ਅਧਿਕਾਰੀਆਂ ਨੇ 17 ਦਸੰਬਰ ਨੂੰ ਵਾਸ਼ਿੰਗਟਨ ਡਲੈਸ ਹਵਾਈ ਅੱਡੇ ਦੇ ਨੇੜੇ ਇੱਕ ਏਅਰ ਕਾਰਗੋ ਗੋਦਾਮ ਵਿੱਚ ਕਾਲੇ ਧਾਗੇ ਦੇ 96 ਰੋਲਾਂ ਦੀ ਖੇਪ ਦੀ ਜਾਂਚ ਕੀਤੀ। ਉਨ੍ਹਾਂ ਨੇ ਕਾਲੇ ਧਾਗੇ ਦੇ 96 ਸਪੂਲਾਂ ਵਿੱਚੋਂ ਹਰ ਇੱਕ ਵਿੱਚ ਗੋਲੀਆਂ ਪ੍ਰਾਪਤ ਕੀਤੀਆਂ, ਜਿਨ੍ਹਾਂ ਦੀ ਕੁੱਲ ਸੰਖਿਆ 69,813 ਸੀ।

## ਰੂਹੁੱਲ੍ਹਾ ਮਹਿਦੀ ਦੀ ਮੀਰਵਾਇਜ਼ ਨਾਲ ਲੰਮੀ ਮੀਟਿੰਗ

**ਸ੍ਰੀਨਗਰ** : ਨੈਸ਼ਨਲ ਕਾਨਫਰੰਸ ਦੇ ਸੰਸਦ ਮੈਂਬਰ ਆਗਾ ਸੱਯਦ ਰੂਹੁੱਲ੍ਹਾ ਮਹਿਦੀ ਨੇ ਬੁੱਧਵਾਰ ਦਿੱਲੀ ਵਿੱਚ ਵੱਖਵਾਦੀ ਆਗੂ ਤੇ ਹੁਰੀਅਤ ਕਾਨਫਰੰਸ ਆਗੂ ਮੀਰਵਾਇਜ਼ ਉਮਰ ਫ਼ਾਰੂਕ ਨਾਲ ਬੈਠਕ ਕੀਤੀ। ਦੋਵਾਂ ਆਗੂਆਂ ਦੇ ਨੇੜਲੇ ਸੂਤਰਾਂ ਨੇ ਕਿਹਾ ਕਿ ਮਹਿਦੀ ਤੇ ਫ਼ਾਰੂਕ ਨੇ ਜੰਮੂ-ਕਸ਼ਮੀਰ ਅਤੇ ਦੇਸ਼ ਵਿੱਚ ਮੁਸਲਿਮ ਭਾਈਚਾਰੇ ਨਾਲ ਜੁੜੇ ਮਸਲਿਆਂ 'ਤੇ ਚਰਚਾ ਕੀਤੀ। ਮੀਰਵਾਇਜ਼ 24 ਜਨਵਰੀ ਨੂੰ ਵਕਫ਼ ਬਿੱਲ ਬਾਰੇ ਸਾਂਝੀ ਸੰਸਦੀ ਕਮੇਟੀ ਨਾਲ ਬੈਠਕ ਮਗਰੋਂ ਦਿੱਲੀ ਵਿੱਚ ਹੀ ਹਨ। ਸੂਤਰਾਂ ਨੇ ਕਿਹਾ ਕਿ ਦੋਵੇਂ ਸਿਆਸੀ ਆਗੂ ਇਕ-ਦੂਜੇ ਨਾਲੋਂ ਵੱਖਰੀ ਵਿਚਾਰਧਾਰਾ ਵਾਲੇ ਸਿਆਸੀ ਤਾਣੇ-ਬਾਣੇ ਨਾਲ ਜੁੜੇ ਹਨ। ਦੋਵਾਂ ਆਗੂਆਂ ਨੇ ਇਕ ਘੰਟੇ ਤੋਂ ਵੱਧ ਸਮਾਂ ਮੀਟਿੰਗ ਕੀਤੀ ਤੇ ਇਸ ਦੌਰਾਨ ਉਨ੍ਹਾਂ ਧਾਰਾ 370 ਮਨਸੂਖ਼ ਕੀਤੇ ਜਾਣ ਮਗਰੋਂ ਜੰਮੂ-ਕਸ਼ਮੀਰ ਦੇ ਹਾਲਾਤ, ਰਾਜ ਦੇ ਦਰਜੇ ਦੀ ਬਹਾਲੀ ਤੇ ਸਿਆਸੀ ਕੈਦੀਆਂ ਦੀ ਰਿਹਾਈ ਸਣੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ। ਸੂਤਰਾਂ ਨੇ ਕਿਹਾ—ਦੋਵਾਂ ਆਗੂਆਂ ਨੇ ਵਕਫ਼ ਸੋਧ ਬਿੱਲ, ਦੇਸ਼ ਵਿੱਚ ਮੁਸਲਿਮ ਭਾਈਚਾਰੇ ਦੀ ਦੁਰਦਸ਼ਾ, 5 ਅਗਸਤ 2019 ਮਗਰੋਂ ਕਸ਼ਮੀਰ ਦੀ ਹਾਲਤ ਤੇ ਕਈ ਹੋਰ ਮੁੱਦਿਆਂ 'ਤੇ ਚਰਚਾ ਕੀਤੀ।

## ਕਾਂਗਰਸ ਵੱਲੋਂ ਪੂਰਵਾਂਚਲੀ ਮੰਤਰਾਲੇ ਦਾ ਵਾਅਦਾ

**ਨਵੀਂ ਦਿੱਲੀ** : ਦਿੱਲੀ ਚੋਣਾਂ ਤੋਂ ਕੁਝ ਦਿਨ ਪਹਿਲਾਂ ਕਾਂਗਰਸ ਨੇ ਬੁੱਧਵਾਰ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਦਾਅਵਾ ਕੀਤਾ ਕਿ ਜੇ ਉਹ ਰਾਜਧਾਨੀ ਵਿੱਚ ਸੱਤਾ ਵਿੱਚ ਆਉਂਦੀ ਹੈ ਤਾਂ ਜਾਤੀ ਜਨਗਣਨਾ ਕਰਵਾਈ ਜਾਵੇਗੀ ਅਤੇ ਪੂਰਵਾਂਚਲੀਆਂ ਲਈ ਇੱਕ ਮੰਤਰਾਲੇ ਦੀ ਸਥਾਪਨਾ ਕੀਤੀ ਜਾਵੇਗੀ। 2013 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਪ ਤੋਂ ਹਾਰ ਮਿਲਣ ਤੋਂ ਬਾਅਦ ਕਾਂਗਰਸ ਸੱਤਾ ਤੋਂ ਬਾਹਰ ਚੱਲੀ ਆ ਰਹੀ ਹੈ। ਮੈਨੀਫੈਸਟੋ ਵਿੱਚ ਕਾਂਗਰਸ ਪਾਰਟੀ ਨੇ ਔਰਤਾਂ ਨੂੰ 2500 ਰੁਪਏ ਮਹੀਨਾ, 300 ਯੂਨਿਟ ਤੱਕ ਮੁਫਤ ਬਿਜਲੀ ਅਤੇ 500 ਰੁਪਏ ਵਿੱਚ ਐੱਲ ਪੀ ਜੀ ਸਿਲੰਡਰ ਦੇਣ ਦਾ ਵਾਅਦਾ ਕੀਤਾ ਹੈ। ਇਸ ਤੋਂ ਇਲਾਵਾ 25 ਲੱਖ ਰੁਪਏ ਤੱਕ ਦਾ ਮੁਫਤ ਸਿਹਤ ਬੀਮਾ ਅਤੇ ਮੁਫਤ ਰਾਸ਼ਨ ਕਿੱਟਾਂ ਵੀ ਪਾਰਟੀ ਦੀਆਂ ਗਾਰੰਟੀਆਂ ਵਿੱਚ ਸ਼ਾਮਲ ਹਨ। ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਇੱਕ ਸਾਲ ਲਈ 8500 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦੇਣ ਦਾ ਵੀ ਵਾਅਦਾ ਕੀਤਾ ਗਿਆ ਹੈ। ਪਾਰਟੀ ਨੇ ਸ਼ਹਿਰ ਭਰ ਵਿੱਚ 100 ਇੰਦਰਾ ਕੰਟੀਨਾਂ ਸ਼ੁਰੂ ਕਰਨ ਦਾ ਪ੍ਰਸਤਾਵ ਵੀ ਰੱਖਿਆ, ਜੋ 5 ਰੁਪਏ ਵਿੱਚ ਖਾਣਾ ਮੁਹੱਈਆ ਕਰਵਾਉਣਗੀਆਂ। ਦਿੱਲੀ ਵਿੱਚ 5 ਫਰਵਰੀ ਨੂੰ ਵੋਟਾਂ ਪੈਣਗੀਆਂ ਅਤੇ ਨਤੀਜੇ 8 ਫਰਵਰੀ ਨੂੰ ਐਲਾਨੇ ਜਾਣਗੇ।

## ਸਾਈਬਰ ਧੋਖਾਧੜੀ ਰੈਕੇਟ 'ਚ 6 ਗ੍ਰਿਫਤਾਰ

**ਪੁਣੇ** : ਪਿੰਪਰੀ ਚਿੰਚਵਾੜ ਪੁਲਸ ਦੀ ਸਾਈਬਰ ਕ੍ਰਾਈਮ ਯੂਨਿਟ ਨੇ ਛੇ ਵਿਅਕਤੀਆਂ ਦੀ ਗ੍ਰਿਫਤਾਰੀ ਦੇ ਨਾਲ ਇੱਕ ਅੰਤਰਰਾਜੀ ਸਾਈਬਰ ਧੋਖਾਧੜੀ ਰੈਕੇਟ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮ ਸਾਈਬਰ ਧੋਖਾਧੜੀ ਦੇ ਕੰਮ ਵਿੱਚ ਵਰਤੇ ਜਾਂਦੇ ਬੈਂਕ ਖਾਤੇ ਅੰਤਰਰਾਸ਼ਟਰੀ ਪੱਧਰ 'ਤੇ ਮੁਹੱਈਆ ਕਰਵਾਉਣ 'ਚ ਸ਼ਾਮਲ ਸਨ।

ਫੜੇ ਗਏ ਮੁਲਜ਼ਮਾਂ ਦੀ ਪਛਾਣ ਸ਼ੁਭਮ ਮੋਹਨ, ਸੈਮ ਉਰਫ ਡੇਵਿਡ ਉਰਫ ਸੰਬਿਧ ਕੁਮਾਰ ਸ਼੍ਰੀਪਤੀ ਨਾਇਕ, ਪ੍ਰੋਫੈਸਰ ਉਰਫ ਹਿਮਾਂਸ਼ੂ ਕੁਮਾਰ ਗਣੇਸ਼ ਠਾਕੁਰ, ਰਾਜਾਂਸ਼ ਸਿੰਘ ਸੰਤੋਸ਼ ਸਿੰਘ, ਗੌਰਵ ਅਨਿਲ ਕੁਮਾਰ ਸ਼ਰਮਾ ਅਤੇ ਅੰਕੁਸ਼ ਰਾਮਰਾਓ ਮੋਰੇ ਵਜੋਂ ਹੋਈ ਹੈ। ਮੁੱਖ ਮੁਲਜ਼ਮ ਸੈਮ ਉਰਫ਼ ਡੇਵਿਡ, ਪਿਛਲੇ ਦੋ ਸਾਲਾਂ ਤੋਂ ਟੈਲੀਗ੍ਰਾਮ ਰਾਹੀਂ ਭਾਰਤ-ਭਰ ਦੇ ਖਾਤਾਧਾਰਕਾਂ ਨਾਲ ਸੰਪਰਕ ਕਰ ਰਿਹਾ ਸੀ। ਫਿਰ ਇਨ੍ਹਾਂ ਖਾਤਿਆਂ ਨੂੰ ਕੰਬੋਡੀਆ ਸਥਿਤ ਮੁਢਲੇ ਸ਼ੱਕੀ ਨੂੰ ਮੁਹੱਈਆ ਕਰਵਾਇਆ ਗਿਆ ਸੀ। ਕਾਰਵਾਈ ਦੌਰਾਨ ਪੁਲਸ ਨੇ ਨੌਂ ਮੋਬਾਈਲ ਫ਼ੋਨ, ਇੱਕ ਟੈਬਲੇਟ ਅਤੇ ਦਸ ਚੈੱਕਬੁੱਕ ਜ਼ਬਤ ਕੀਤੇ ਹਨ। ਮੁਲਜ਼ਮਾਂ ਨੇ ਪਿਛਲੇ ਦੋ ਸਾਲਾਂ ਵਿੱਚ ਕੰਬੋਡੀਆ ਵਿੱਚ ਮੁੱਖ ਸ਼ੱਕੀ ਨੂੰ ਹਜ਼ਾਰਾਂ ਬੈਂਕ ਖਾਤੇ ਮੁਹੱਈਆ ਕਰਵਾਏ ਹਨ। ਇਹ ਸਫਲਤਾ ਉਦੋਂ ਮਿਲੀ ਜਦੋਂ ਪਿੰਪਰੀ ਚਿੰਚਵਾੜ ਪੁਲਸ ਦੀ ਇੱਕ ਸਾਈਬਰ ਕ੍ਰਾਈਮ ਟੀਮ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਦਰਜ ਕੀਤੇ ਗਏ ਇੱਕ ਸ਼ੇਅਰ ਟਰੇਡਿੰਗ ਸਾਈਬਰ ਧੋਖਾਧੜੀ ਦੇ ਮਾਮਲੇ ਦੀ ਜਾਂਚ ਕੀਤੀ, ਜਿਸ ਵਿੱਚ ਪੀੜਤ ਨੇ ਉੱਚ ਰਿਟਰਨ ਦੇ ਵਾਅਦੇ 'ਤੇ 7.6 ਲੱਖ ਰੁਪਏ ਗੁਆ ਦਿੱਤੇ ਸਨ।

ਜਾਂਚ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਸੈਮ ਡੇਵਿਡ ਘੱਟੋ-ਘੱਟ 20 ਵੱਖ-ਵੱਖ ਫ਼ੋਨ ਨੰਬਰਾਂ ਦੀ ਵਰਤੋਂ ਕਰਦਾ ਸੀ, ਜਿਸਦਾ ਮੁੱਢਲਾ ਅਧਾਰ ਗੋਆ ਵਿਚ ਸੀ ਅਤੇ ਉਹ ਅਕਸਰ ਪੂਰੇ ਭਾਰਤ ਵਿਚ ਘੁੰਮਦਾ ਰਹਿੰਦਾ ਸੀ। ਇੱਕ ਸੂਹ ਦੇ ਅਧਾਰ 'ਤੇ ਉਸਨੂੰ 23 ਜਨਵਰੀ ਨੂੰ ਹਿੰਜਵਾੜੀ ਵਿੱਚ ਉਸਦੇ ਅਸਲ ਨਾਂਅ ਸੰਬਿਧ ਕੁਮਾਰ ਸ਼੍ਰੀਪਤੀ ਨਾਇਕ (22) ਵਜੋਂ ਗ੍ਰਿਫਤਾਰ ਕੀਤਾ ਗਿਆ।

## ਅੱਜ-ਨਾਮਾ

ਟਰੰਪ ਸਖਤੀਆਂ ਲਈ ਬੰਨ੍ਹੀ ਲੜੀ ਜਾਂਦਾ,
ਚੁਣ-ਚੁਣ ਰਿਹਾ ਈ ਫੁੰਡ ਸ਼ਿਕਾਰ ਬੇਲੀ।
ਜੀਹਦੇ ਉੱਪਰ ਪਾਬੰਦੀ ਦਾ ਹੁਕਮ ਦਿੰਦਾ,
ਕਰੇ ਉਹ ਕਦੇ ਨਾ ਪੁਨਰ-ਵਿਚਾਰ ਬੇਲੀ।
ਨਿਮਾਣੇ ਦੇਸ਼ ਨੂੰ ਧਮਕੀ ਨਹੀਂ ਦੇਣ ਔਖੀ,
ਉਹ ਹੈ ਤਕੜਿਆਂ 'ਤੇ ਕਰਦਾ ਵਾਰ ਬੇਲੀ।
ਸੁਖੀ ਰਹਿਣਾ ਨਹੀਂ ਕਿਸੇ ਨੂੰ ਰਹਿਣ ਦੇਣਾ,
ਮਨ ਵਿੱਚ ਰੱਖਿਆ ਜਿਵੇਂ ਉਸ ਧਾਰ ਬੇਲੀ।
ਆਪਣਾ ਬਖਸ਼ਿਆ ਕਦੇ ਨਹੀਂ ਯਾਰ-ਬੇਲੀ,
ਸੰਗੀ-ਸਾਥੀ ਕੋਈ ਸੁੱਕਾ ਨਹੀਂ ਛੱਡਦਾ ਈ।
ਸੁਬਹਾ ਉੱਠੇ ਤੇ ਵਿੰਹਦਾ ਕਿ ਕੌਣ ਬਚਿਆ,
ਝੰਡਾ ਫਿਰ ਉਹਦੇ ਖਿਲਾਫ ਜਾ ਗੱਡਦਾ ਈ।

-ਤੀਸ ਮਾਰ ਖਾਂ

## ਓਂਟਾਰੀਓ ਵਿਧਾਨ ਸਭਾ ਦੀਆਂ ਮੱਧਕਾਲੀ ਚੋਣਾਂ 27 ਨੂੰ

**ਵੈਨਕੂਵਰ** : ਕੈਨੇਡਾ ਦੇ ਸਭ ਤੋਂ ਵੱਡੇ ਸੂਬੇ ਓਂਟਾਰੀਓ ਦੀ ਵਿਧਾਨ ਸਭਾ ਭੰਗ ਹੋਣ ਤੋਂ ਬਾਅਦ 27 ਫਰਵਰੀ ਨੂੰ ਮੱਧਕਾਲੀ ਚੋਣਾਂ ਦਾ ਐਲਾਨ ਹੋ ਗਿਆ ਹੈ। ਸੂਬੇ ਦੀ 43ਵੀਂ ਵਿਧਾਨ ਸਭਾ ਮਾਰਚ ਦੇ ਪਹਿਲੇ ਹਫਤੇ ਗਠਤ ਹੋਣੀ ਹੈ। ਵਿਧਾਨ ਸਭਾ ਦੀ ਚੋਣ 7 ਜੂਨ 2022 ਨੂੰ ਹੋਈ ਸੀ, ਜਿਸ ਵਿੱਚ 124 ਮੈਂਬਰੀ ਹਾਊਸ ਲਈ ਡੱਗ ਫੋਰਡ ਦੀ ਅਗਵਾਈ ਵਾਲੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ 83 ਸੀਟਾਂ ਜਿੱਤੀਆਂ ਤੇ 31 ਸੀਟਾਂ 'ਤੇ ਐੱਨ ਡੀ ਪੀ ਕਾਬਜ਼ ਹੋਈ। ਇਸ ਤੋਂ ਇਲਾਵਾ ਲਿਬਰਲ ਪਾਰਟੀ ਨੇ 8 ਤੇ ਗਰੀਨ ਪਾਰਟੀ ਤੇ ਅਜ਼ਾਦ ਨੇ ਇੱਕ-ਇੱਕ ਸੀਟ ਜਿੱਤੀਆਂ ਸਨ। ਡੱਗ ਫੋਰਡ ਨੇ 2018 ਦੀਆਂ ਚੋਣਾਂ ਵਿੱਚ ਜਿੱਤ ਹਾਸਲ ਕਰਕੇ 15 ਸਾਲਾਂ ਚੋਂ ਕਾਬਜ਼ ਲਿਬਰਲ ਪਾਰਟੀ ਨੂੰ ਵਿਰੋਧੀ ਧਿਰ ਵਿਚ ਬੈਠਣ ਲਈ ਮਜਬੂਰ ਕਰ ਦਿੱਤਾ ਸੀ।

## ਭਾਰਤ ਵੱਲੋਂ ਕੈਨੇਡੀਅਨ ਕਮਿਸ਼ਨ ਦੀ ਰਿਪੋਰਟ ਰੱਦ

**ਨਵੀਂ ਦਿੱਲੀ** : ਭਾਰਤ ਨੇ ਇੱਕ ਕੈਨੇਡੀਅਨ ਕਮਿਸ਼ਨ ਵੱਲੋਂ ਉਸ ਵਿਰੁੱਧ ਕੀਤੇ ਗਏ ਇਸ਼ਾਰਿਆਂ ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ ਹੈ। ਇਸ ਕਮਿਸ਼ਨ ਨੇ ਇਨ੍ਹਾਂ ਦੋਸ਼ਾਂ ਦੀ ਜਾਂਚ ਕੀਤੀ ਸੀ ਕਿ ਕੁਝ ਵਿਦੇਸ਼ੀ ਸਰਕਾਰਾਂ ਕੈਨੇਡਾ ਦੀਆਂ ਚੋਣਾਂ ਵਿੱਚ ਦਖ਼ਲ ਦੇ ਰਹੀਆਂ ਸਨ। ਇੱਕ ਸਖ਼ਤ ਪ੍ਰਤੀਕਿਰਿਆ ਵਿੱਚ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਰਿਪੋਰਟ ਦੇ ਭਾਰਤ ਵੱਲ ਇਸ਼ਾਰਿਆਂ ਨੂੰ ਰੱਦ ਕਰਦਾ ਹੈ। ਭਾਰਤੀ ਪ੍ਰਤੀਕਿਰਿਆ ਵਿਚ ਕਿਹਾ ਗਿਆ ਹੈ ਕਿ ਅਸਲ ਵਿੱਚ ਇਹ ਕੈਨੇਡਾ ਹੈ, ਜੋ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਲਗਾਤਾਰ ਦਖ਼ਲ ਦੇ ਰਿਹਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਕੈਨੇਡਾ ਨੇ ਗੈਰ-ਕਾਨੂੰਨੀ ਪਰਵਾਸ ਅਤੇ ਸੰਗਠਤ ਅਪਰਾਧਿਕ ਗਤੀਵਿਧੀਆਂ ਲਈ ਇੱਕ ਮਾਹੌਲ ਵੀ ਬਣਾਇਆ ਹੈ। ਭਾਰਤ ਉਮੀਦ ਕਰਦਾ ਹੈ ਕਿ ਕੈਨੇਡਾ 'ਚ ਗੈਰ-ਕਾਨੂੰਨੀ ਪਰਵਾਸ ਨੂੰ ਸਮਰੱਥ ਬਣਾਉਣ ਵਾਲੀ ਸਹਾਇਤਾ ਪ੍ਰਣਾਲੀ ਨੂੰ ਹੋਰ ਸਮਰਥਨ ਨਹੀਂ ਦਿੱਤਾ ਜਾਵੇਗਾ। ਕਮਿਸ਼ਨ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਉਸ ਨੂੰ ਸਿੱਧੇ ਵਿਦੇਸ਼ੀ ਦਖ਼ਲ ਦੇ ਸਬੂਤ ਨਹੀਂ ਮਿਲੇ, ਪਰ ਵਿਦੇਸ਼ੀ ਸਰਕਾਰਾਂ ਵੱਲੋਂ ਕੈਨੇਡਾ ਵਿੱਚ ਮਨਪਸੰਦ ਪਾਰਟੀ ਦੀ ਸਰਕਾਰ ਬਣਾਉਣ ਲਈ ਅਸਿੱਧੇ ਤੌਰ 'ਤੇ ਕੁਝ ਉਮੀਦਵਾਰਾਂ ਦੀ ਹਮਾਇਤ ਦੇ ਸ਼ੱਕ ਜ਼ਰੂਰ ਹਨ।



# ਲੇਬਰ ਦਾ ਕੰਮ ਕਰਦੇ ਵਿਅਕਤੀ ਦੀ ਟਰੈਕਟਰ-ਟਰਾਲੀ ਹਾਦਸੇ 'ਚ ਮੌਤ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਥਰਮਲ ਪਲਾਂਟ ਵਿਖੇ ਕਲਗੀਧਰ ਕਰੈਸ਼ਰ ਕੰਪਨੀ ਅਧੀਨ ਲੇਬਰ ਦਾ ਕੰਮ ਕਰਦੇ ਹਰਵਿੰਦਰ ਸਿੰਘ ਉਰਫ ਬਲਵੀਰ ਸਿੰਘ ਪੁੱਤਰ ਸੰਤ ਪ੍ਰਤਾਪ ਸਿੰਘ, ਵਾਸੀ ਪਿੰਡ ਲਹਿਰਾ ਮੁਹੱਬਤ (ਜ਼ਿਲ੍ਹਾ ਬਠਿੰਡਾ) ਦੀ ਥਰਮਲ ਵਿਖੇ ਕੰਮ ਕਰਦੇ ਸਮੇਂ 25 ਜਨਵਰੀ ਨੂੰ ਸਵੇਰੇ 6 ਵਜੇ ਟਰੈਕਟਰ ਹਾਦਸੇ ਵਿੱਚ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਹੈ।

ਹਰਵਿੰਦਰ ਸਿੰਘ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਥਰਮਲ ਵਿੱਚ ਡਿਊਟੀ ਕਰਦਾ ਸੀ। ਕਰੀਬ ਸਾਢੇ 5 ਵਜੇ ਹੋਈ ਘਟਨਾ ਦੌਰਾਨ ਸਵਰਾਜ ਟਰੈਕਟਰ ਤੋਂ ਬੱਜਰੀ ਲਾਉਂਦੇ ਸਮੇਂ ਟਰੈਕਟਰ ਰੁੜ੍ਹ ਗਿਆ। ਜਦ ਉਸ ਨੇ ਟਰੈਕਟਰ-ਟਰਾਲੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਟਰੈਕਟਰ ਤੇ ਟਰਾਲੀ ਦੇ ਸੰਨ ਵਿਚਕਾਰ ਆ ਗਿਆ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਤੁਰੰਤ ਸਰਕਾਰੀ ਹਸਪਤਾਲ ਭੁੱਚੋ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਹ ਹਾਦਸਾ ਅਚਾਨਕ ਹੋਇਆ ਦੱਸਿਆ ਜਾ ਰਿਹਾ ਹੈ। ਪੋਸਟਮਾਰਟਮ ਕਰਾਉਣ ਤੋਂ ਬਾਅਦ ਦੇਰ ਸ਼ਾਮ ਮ੍ਰਿਤਕ ਦਾ ਸਵਰਗ ਧਾਮ ਵਿਖੇ ਅੰਤਮ ਸਸਕਾਰ ਕਰ ਦਿੱਤਾ ਗਿਆ। ਮ੍ਰਿਤਕ ਆਪਣੇ ਪਿੱਛੇ ਬਜ਼ੁਰਗ ਮਾਤਾ ਤੇ ਪਤਨੀ ਤੋਂ ਇਲਾਵਾ 6 ਨਾਬਾਲਗ ਬੱਚੇ (ਤਿੰਨ ਧੀਆਂ ਤੇ ਤਿੰਨ ਪੁੱਤਰ) ਛੱਡ ਗਿਆ ਹੈ। ਮ੍ਰਿਤਕ ਦੀ ਪਤਨੀ ਅਮਰਜੀਤ ਕੌਰ ਦੇ ਬਿਆਨਾਂ 'ਤੇ ਪੁਲਸ ਵੱਲੋਂ ਅ/ਧ 194 ਬੀ. ਐਨ. ਐਸ. ਐਸ. ਤਹਿਤ ਕਾਰਵਾਈ ਕੀਤੀ ਜਾ ਰਹੀ ਹੈ।

# ਭਗਵੰਤ ਮਾਨ ਕੇਜਰੀਵਾਲ ਦੀ ਸੁਰੱਖਿਆ ਦੀ ਫ਼ਿਕਰ ਛੱਡ ਪੰਜਾਬ ਦਾ ਫ਼ਿਕਰ ਕਰੇ : ਜਸਵਿੰਦਰ ਸਿੰਘ ਰਿਖੀ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** ਭਾਜਪਾ ਆਗੂ ਜਸਵਿੰਦਰ ਸਿੰਘ ਰਿਖੀ ਨੇ ਪੰਜਾਬ ਦੀ ਦਿਨੋ ਦਿਨ ਖਰਾਬ ਹੁੰਦੀ ਕਨੂੰਨ ਵਿਵਸਥਾ 'ਤੇ ਫ਼ਿਕਰ ਜ਼ਾਹਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਨੂੰ ਕੇਜਰੀਵਾਲ ਦੀ ਸੁਰੱਖਿਆ ਦੀ ਫ਼ਿਕਰ ਛੱਡ ਕੇ ਪੰਜਾਬ ਦੇ ਲੋਕਾਂ ਦੀ ਫ਼ਿਕਰ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹੀ ਮੁੱਖ ਮੰਤਰੀ ਨੂੰ ਮਾਣ ਸਤਿਕਾਰ ਬਖਸ਼ਿਆ ਹੈ, ਪਰ ਅੱਜ ਮੁੱਖ ਮੰਤਰੀ ਪੰਜਾਬ ਨੂੰ ਵਿਸਾਰ ਕੇ ਦਿੱਲੀ ਲਈ ਜ਼ਿਆਦਾ ਫ਼ਿਕਰਮੰਦ ਜਾਪ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਨਾਂਅ ਦੀ ਕੋਈ ਚੀਜ਼ ਨਹੀਂ ਤੇ ਪੰਜਾਬ ਦੇ ਹਾਲਾਤ ਦਿਨ ਬ ਦਿਨ ਬਹੁਤ ਜ਼ਿਆਦਾ ਖਰਾਬ ਹੁੰਦੇ ਜਾ ਰਹੇ ਹਨ। ਨਾ ਤਾਂ ਤਿੰਨ ਸਾਲ ਵਿੱਚ ਨਸ਼ਾ ਬੰਦ ਹੋਇਆ ਤੇ ਦਿਨ ਦਿਹਾੜੇ ਕਤਲ ਹੋ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਦੇ ਹਲਕੇ ਧੂਰੀ ਦੀ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਆਪਣੇ ਹਲਕੇ ਦੇ ਹਾਲਾਤ ਵੀ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ ਅਤੇ ਸ਼ਰੇਆਮ ਲੁੱਟਾਂ ਖੋਹਾਂ ਚੋਰੀਆਂ ਹੋ ਰਹੀਆਂ ਹਨ ਤੇ ਹਲਕਾ ਨਿਵਾਸੀ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ।

# ਸੀਨੀਅਰ ਸਿਟੀਜ਼ਨ ਵੈੱਲਫੇਅਰ ਫੋਰਮ ਨੇ ਗਣਤੰਤਰ ਦਿਹਾੜਾ ਮਨਾਇਆ



**ਜਗਰਾਉਂ (ਅਮਿਤ ਖੰਨਾ)** ਸੀਨੀਅਰ ਸਿਟੀਜ਼ਨ ਵੈਲਫੇਅਰ ਫੋਰਮ ਦੇ ਮੈਂਬਰਾਂ ਵੱਲੋਂ ਗਣਤੰਤਰ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ।ਇਹ ਗਣਤੰਤਰ ਦਿਹਾੜਾ ਸੀਨੀਅਰ ਸਿਟੀਜ਼ਨ ਭਵਨ ਰੈੱਡ ਕਰਾਸ ਵਿਖੇ ਸ਼੍ਰੀ ਮਦਨ ਲਾਲ ਬਾਂਸਲ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ।

ਝੰਡਾ ਲਹਿਰਾਉਣ ਦੀ ਰਸਮ ਸਿਟੀਜ਼ਨ ਵੈਲਫੇਅਰ ਫੋਰਮ ਦੇ ਮੈਂਬਰਾਂ ਵੱਲੋਂ ਕੀਤੀ ਗਈ। ਮਦਨ ਲਾਲ ਬਾਸਲ ਨੇ ਦੱਸਿਆ ਕਿ 26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ।ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਉ ਅੰਬੇਦਕਰ ਨੇ ਬਹੁਤ ਹੀ ਮਿਹਨਤ ਨਾਲ ਵੱਖ-ਵੱਖ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕਰਕੇ ਭਾਰਤ ਦਾ ਸੰਵਿਧਾਨ ਤਿਆਰ ਕੀਤਾ ਤੇ ਲੋਕਤੰਤਰ ਦੀ ਸਥਾਪਨਾ ਦੇ ਨਾਲ-ਨਾਲ ਨਾਗਰਿਕਾਂ ਦੇ ਅਧਿਕਾਰਾਂ ਨੂੰ ਵਿਸ਼ੇਸ਼ ਪਹਿਲ ਦਿੱਤੀ ਗਈ।ਨਾਗਰਿਕਾਂ ਨੂੰ ਆਪਣਾ ਨੇਤਾ ਆਪ ਚੁਣਨ ਦਾ ਅਧਿਕਾਰ ਦਿੱਤਾ। ਇਸ ਮੌਕੇ ਸੀਨੀਅਰ ਸਿਟੀਜ਼ਨ ਵੈਲਫੇਅਰ ਫੋਰਮ ਦੇ ਮੈਂਬਰ ਹਾਜ਼ਰ ਸੀ।

# ਦਿੱਲੀ ਚੋਣਾਂ ਲਈ ਬਾਜਵਾ ਦੇ ਸੀਨੀਅਰ ਅਬਜ਼ਰਵਰ ਨਿਯੁਕਤ ਹੋਣ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ : ਦੌਲਤਪੁਰ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** ਪੰਜਾਬ ਵਿਧਾਨ ਸਭਾ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਦਿੱਲੀ ਚੋਣਾਂ ਲਈ 'ਸੀਨੀਅਰ ਅਜਰਬਰ' ਨਿਯੁਕਤ ਕੀਤੇ ਜਾਣ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਉਨ੍ਹਾਂ ਨਾਲ ਮੁਲਾਕਾਤ ਕਰਕੇ ਮੁਬਾਰਕਬਾਦ ਦਿੱਤੀ ਹੈ। ਉਨ੍ਹਾਂ ਪਾਰਟੀ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੁਲਝੇ ਹੋਏ ਵਿਅਕਤੀ ਨੂੰ ਵੱਡੀ ਜ਼ਿੰਮੇਵਾਰੀ ਦੇਣ ਨਾਲ ਦਿੱਲੀ ਚੋਣਾਂ ਵਿੱਚ ਕਾਂਗਰਸ ਨੂੰ ਫ਼ਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਤੇ ਦਿੱਲੀ ਵਿੱਚ 'ਆਪ' ਸਰਕਾਰ ਦੀਆਂ ਨੀਤੀਆਂ ਕਾਰਨ ਹਜ਼ਾਰਾਂ ਲੋਕ ਬੇਰੁਜ਼ਗਾਰ ਹਨ। ਉਨ੍ਹਾ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਤੇ 'ਆਪ' ਦੀ ਦਿੱਲੀ ਸਰਕਾਰ ਦੀਆਂ ਨਿੱਜੀਕਰਨ ਤੇ ਠੇਕਾ ਨੌਕਰੀਆਂ ਦੀਆਂ ਨੀਤੀਆਂ ਕਾਰਨ, ਹਜ਼ਾਰਾਂ ਲੋਕ ਬੇਰੁਜ਼ਗਾਰ ਹਨ ਤੇ ਉਨ੍ਹਾਂ ਨੂੰ ਸਹੀ ਤਨਖਾਹ ਨਹੀਂ ਮਿਲ ਰਹੀ। ਉਨ੍ਹਾਂ ਕਿਹਾ ਕਿ ਕਾਂਗਰਸ ਇਸ ਮੁੱਦੇ ਨੂੰ ਉਠਾ ਰਹੇ ਹਨ ਕਿ ਨਿੱਜੀਕਰਨ ਤੇ ਠੇਕੇ ਦੀਆਂ ਨੌਕਰੀਆਂ ਗਰੀਬਾਂ ਤੇ ਬਹੁਜਨਾਂ ਦੇ ਅਧਿਕਾਰਾਂ ਨੂੰ ਖੋਹਣ ਦੇ ਹਥਿਆਰ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਕਾਂਗਰਸ ਦੀ ਸਰਕਾਰ ਬਣਨ 'ਤੇ ਸਭ ਤੋਂ ਪਹਿਲਾਂ ਇਸ ਦਾ ਹੱਲ ਕਰਨ ਸਬੰਧੀ ਸ੍ਰੀ ਰਾਹੁਲ ਗਾਂਧੀ ਐਲਾਨ ਕਰ ਚੁੱਕੇ ਹਨ। ਉਨ੍ਹਾਂ ਪੰਜਾਬ ਵਿੱਚ ਸੰਵਿਧਾਨ ਦੇ ਨਿਰਮਾਤਾ ਬਾਬਾ ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਭੰਨਤੋੜ ਕਰਨ ਸਬੰਧੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਜਿਹੀਆਂ ਵਾਪਰ ਰਹੀਆਂ ਘਟਨਾਵਾਂ ਤੇ ਸਰਕਾਰ ਨੂੰ ਸਖਤੀ ਨਾਲ ਕਾਰਵਾਈ ਕਰਨੀ ਚਾਹਦੀ ਹੈ।

# 3200 ਨਸ਼ੀਲੀਆਂ ਗੋਲੀਆਂ ਸਮੇਤ ਦੋ ਸਮੱਗਲਰ ਗ੍ਰਿਫਤਾਰ

**ਜਲੰਧਰ, (ਸ਼ੈਲੀ ਐਲਬਰਟ)**-ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਪੁਲਿਸ ਕਮਿਸ਼ਨਰੇਟ ਨੇ ਦੋ ਸਮੱਗਲਰਾਂ ਨੂੰ ਗ੍ਰਿਫਤਾਰ ਕਰਕੇ ਨਸ਼ੇ ਦੀ ਤਸਕਰੀ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਵੱਲੋਂ ਇੱਕ ਇਤਲਾਹ ਦੇ ਆਧਾਰ 'ਤੇ ਸ਼ਹਿਰ ਵਿੱਚ ਗਸ਼ਤ ਕੀਤੀ ਜਾ ਰਹੀ ਸੀ ਤਾਂ ਉਨ੍ਹਾਂ ਨੇ ਇੱਕ ਚਿੱਟੇ ਰੰਗ ਦੀ ਐਕਟਿਵਾ (ਨੰਬਰ ਪਲੇਟ: ਪੀ.ਬੀ.08ਬੀ.ਵਾਈ.4804) 'ਤੇ ਸਵਾਰ ਦੋ ਵਿਅਕਤੀਆਂ ਨੂੰ ਸ਼ੱਕੀ ਹਾਲਤ ਵਿੱਚ ਦੇਖਿਆ। ਜਿਨ੍ਹਾਂ ਨੌਜਵਾਨ ਦੀ ਪਹਿਚਾਣ ਨਿਤਿਨ ਗੋਗਨਾ ਪੁੱਤਰ ਦੀਪਕ ਗੋਗਨਾ ਵਾਸੀ ਐਚ ਨੰ. 242, ਮੁਹੱਲਾ ਚਰਨਜੀਤਪੁਰਾ, ਜਲੰਧਰ ਅਤੇ ਹਰਪ੍ਰੀਤ ਕਸ਼ਯਪ ਪੁੱਤਰ ਹੀਰਾ ਲਾਲ ਵਾਸੀ ਐਚ 343/17, ਕ੍ਰਿਸ਼ਨਾ ਨਗਰ, ਜਲੰਧਰ ਵਜੋਂ ਹੋਈ ਹੈ। ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਿਸ ਨੇ ਵਿਅਕਤੀਆਂ ਕੋਲੋਂ 3200 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਦੋਵਾਂ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਥਾਣਾ ਡਵੀਜ਼ਨ ਨੰਬਰ 02, ਜਲੰਧਰ ਕਾਕਲਾ ਦਰਜ ਕੀਤਾ ਗਿਆ ਹੈ। ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।



# 10 ਗ੍ਰਾਮ ਹੈਰੋਇਨ ਸਮੇਤ ਨੌਜਵਾਨ ਕਾਬੂ

**ਬੰਗਾ (ਅਵਤਾਰ ਕਲੇਰ)**- ਪੁਲਸ ਨੇ ਹਾਈਟੈਕ ਨਾਕਾ ਦੌਰਾਨ ਪਿੰਡ ਬਹੂਆ ਵਿਖੋਂ 10 ਗ੍ਰਾਮ ਹੈਰੋਇਨ ਸਮੇਤ ਨੌਜਵਾਨ ਨੂੰ ਕਾਬੂ ਕੀਤਾ ਹੈ। ਚੌਕੀ ਇੰਚਾਰਜ਼ ਮੇਹਲੀ ਏ ਐੱਸ ਆਈ ਦੁਨੀ ਚੰਦ ਨੇ ਦੱਸਿਆ ਕਿ ਨਾਕੇ 'ਤੇ ਚੈਕਿੰਗ ਦੌਰਾਨ ਇੱਕ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ, ਜੋ ਨਾਕੇ 'ਤੇ ਚੈਕਿੰਗ ਹੁੰਦੀ ਦੇਖ ਘਬਰਾ ਕੇ ਆਪਣੇ ਹੱਥ ਵਿੱਚ ਫੜਿਆ ਲਿਫਾਫਾ ਸੁੱਟ ਕੇ ਪਿੱਛੇ ਮੁੜਨ ਲੱਗਾ। ਉਸ ਨੂੰ ਸ਼ੱਕ ਦੀ ਬਿਨਾਹ 'ਤੇ ਸਾਥੀ ਕਰਮਚਾਰੀਆਂ ਦੀਆਂ ਮੱਦਦ ਨਾਲ ਕਾਬੂ ਕੀਤਾ ਤਾਂ ਉਸ ਵਲੋਂ ਸੁੱਟੇ ਲਿਫਾਫੇ ਵਿੱਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਉਸ ਨੇ ਆਪਣਾ ਨਾਮ ਦਲਜੀਤ ਸਿੰਘ (ਜੀਤਾ) ਪੁੱਤਰ ਹਰਭਜਨ ਸਿੰਘ ਵਾਸੀ ਜੰਡਿਆਲਾ (ਸ਼ਹੀਦ ਭਗਤ ਸਿੰਘ ਨਗਰ) ਦੱਸਿਆ। ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਐੱਮ ਆਰ ਸਿਟੀ ਪਬਲਿਕ ਸਕੂਲ 'ਚ ਗਣਤੰਤਰ ਦਿਵਸ ਮੌਕੇ ਵਿਸ਼ੇਸ਼ ਅਸੈਂਬਲੀ

**ਬਲਾਚੌਰ (ਜਸਵਿੰਦਰ ਬੈਂਸ)**— ਐੱਮ. ਆਰ. ਸਿਟੀ ਪਬਲਿਕ ਸਕੂਲ, ਬਲਾਚੌਰ ਵਿਖੇ ਗਣਤੰਤਰ ਦਿਵਸ ਮੌਕੇ ਵਿਸ਼ੇਸ਼ ਅਸੈਂਬਲੀ ਕਰਵਾਈ ਗਈ। ਜਿਸ ਦੀ ਸ਼ੁਰੂਆਤ ਗਾਇਤਰੀ ਮੰਤਰ ਨਾਲ ਕੀਤੀ ਗਈ। ਇਸ ਤੋਂ ਬਾਅਦ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ, ਦੇਸ਼ ਭਗਤੀ ਤੇ ਆਜ਼ਾਦੀ ਨਾਲ ਸੰਬੰਧਿਤ ਕਵਿਤਾਵਾਂ ਤੇ ਗੀਤ ਪੇਸ਼ ਕੀਤੇ। ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ 26 ਜਨਵਰੀ ਨੂੰ ਸੰਵਿਧਾਨ ਵਿੱਚ ਦੇਸ਼ ਦੀਆਂ ਕੌਮਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਬਰਾਬਰ ਹੱਕ ਦਿੱਤੇ ਗਏ।ਸਭਾ ਵਿੱਚ ਕਿੰਡਰ ਗਾਰਡਨ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਅਨੇਕਤਾ ਵਿੱਚ ਏਕਤਾ ਦੇ ਭਾਵ ਨੂੰ ਪ੍ਰਗਟਾਉਂਦਿਆਂ ਵੱਖ ਵੱਖ ਰਾਜਾਂ ਦੇ ਪਹਿਰਾਵੇ, ਲੋਕ ਗੀਤ ਤੇ ਲੋਕ ਨਾਚ ਨੂੰ ਪੇਸ਼ ਕੀਤਾ। ਇਹ ਜਸ਼ਨ ਰਾਸ਼ਟਰੀ ਗੀਤ ਦੇ ਗਾਇਨ ਨਾਲ ਸਮਾਪਤ ਹੋਇਆ। ਇਸ ਮੌਕੇ 'ਤੇ ਸਕੂਲ ਦੇ ਚੇਅਰਮੈਨ ਰਾਮਜੀ ਦਾਸ ਅਤੇ ਪ੍ਰਿੰਸੀਪਲ ਰਿਤੂ ਬਤਰਾ ਨੇ ਸਭ ਨੂੰ ਗਣਤੰਤਰ ਦਿਵਸ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ।



# ਡੀ ਐੱਸ ਪੀ ਦੀ ਅਗਵਾਈ ਹੇਠ ਨਸ਼ਾ ਤਸਕਰ ਦੀਆਂ ਗੱਡੀਆਂ ਫਰੀਜ




**ਬਾਘਾ ਪੁਰਾਣਾ, (ਮਨੀ ਸਿੰਗਲਾ)** ਡੀ.ਐਸ.ਪੀ ਦਲਬੀਰ ਸਿੰਘ ਨੇ ਦੱਸਿਆ ਕਿ ਨਸ਼ਾ ਤਸਕਰਾਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੇ ਤਹਿਤ ਪੁਲਸ ਵੱਲੋਂ ਅਮਨਦੀਪ ਸਿੰਘ ਉਰਫ ਅਮਨਾ ਨਿਵਾਸੀ ਪਿੰਡ ਸੁਖਾਨੰਦ ਦੀਆਂ ਦੋ ਗੱਡੀਆਂ ਫ੍ਰੀਜ਼ ਕੀਤੀਆਂ ਗਈਆਂ, ਜਿਨ੍ਹਾਂ ਦੀ ਕੀਮਤ 20 ਲੱਖ 19 ਹਜ਼ਾਰ 378 ਰੁਪਏ ਦੱਸੀ ਗਈ ਹੈ। ਉਨ੍ਹਾਂ ਦੱਸਿਆ ਕਿ ਜਾਂਚ ਸਮੇਂ ਪੁਲਸ ਨੂੰ ਪਤਾ ਲੱਗਾ ਸੀ ਕਿ ਕਥਿਤ ਮੁਲਜ਼ਮ ਨੇ ਨਸ਼ਾ ਤਸਕਰੀ ਦੇ ਨਾਲ ਆਪਣੀਆਂ ਗੱਡੀਆਂ ਖਰੀਦ ਕੀਤੀਆਂ ਹਨ, ਜਿਸ 'ਤੇ ਪੁਲਸ ਨੇ ਇਸ ਸਬੰਧ ਵਿਚ ਸਬੰਧਤ ਅਥਾਰਟੀ ਨੂੰ ਲਿਖ ਕੇ ਭੇਜਿਆ ਸੀ, ਜਿਸ ਦੀ ਮਨਜ਼ੂਰੀ ਆਉਣ ਦੇ ਬਾਅਦ ਡੀਐਸਪੀ ਬਾਘਾ ਪੁਰਾਣਾ ਦਲਬੀਰ ਸਿੰਘ ਅਤੇ ਥਾਣਾ ਸਮਾਲਸਰ ਦੇ ਮੁੱਖ ਅਫਸਰ ਜਨਕ ਰਾਜ ਵੱਲੋਂ ਉਨ੍ਹਾਂ ਦੇ ਘਰ ਜਾ ਕੇ ਆਰਡਰਾਂ ਦੀ ਕਾਪੀ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਦਿੱਤੀ ਅਤੇ ਨਾਲ ਹੀ ਆਰਡਰ ਚਿਪਕਾਏ ਗਏ। ਉਨ੍ਹਾਂ ਦੱਸਿਆ ਕਿ ਜਾਂਚ ਸਮੇਂ ਪਤਾ ਲੱਗਾ ਸੀ ਕਿ ਉਸ ਨੇ ਨਸ਼ਾ ਤਸਕਰੀ ਨਾਲ ਗੱਡੀਆਂ ਦੀ ਖਰੀਦ ਕੀਤੀ ਹੈ, ਜਿਸ ਦਖ਼ਿਲਾਫ਼ ਵੱਖ-ਵੱਖ ਥਾਣਿਆਂ ਵਿੱਚ ਐਨਡੀਪੀਐਸ ਐਕਟ ਦੇ ਤਹਿਤ ਚਾਰ ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਜੇਕਰ ਕੋਈ ਨਸ਼ਾ ਤਸਕਰ ਨਸ਼ਿਆ ਦੀ ਵਿਕਰੀ ਕਰਕੇ ਜਾਇਦਾਦ ਬਣਾਉਂਦਾ ਹੈ ਤਾਂ ਉਸ ਦੇ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਉਸਦੀ ਜਾਇਦਾਦ ਫ੍ਰੀਜ਼ ਕਰਨ ਲਈ ਸਬੰਧਤ ਅਥਾਰਟੀ ਨੂੰ ਲਿਖ ਕੇ ਭੇਜਿਆ ਜਾਵੇਗਾ। ਡੀਐਸਪੀ ਬਾਘਾ ਪੁਰਾਣਾ ਦਲਬੀਰ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਦੋ ਗੱਡੀਆਂ ਜ਼ਬਤ ਕੀਤੀਆਂ ਗਈਆਂ ਹਨ। ਇਸ ਸਬੰਧ ਵਿਚ 45 ਦਿਨ ਦਾ ਨੋਟਿਸ ਦਿੱਤਾ ਗਿਆ ਹੈ। ਕਥਿਤ ਮੁਲਜ਼ਮ ਇਸ ਸਬੰਧ ਵਿਚ ਸਬੰਧਤ ਅਥਾਰਟੀ ਕੋਲ ਅਪੀਲ ਦਾਇਰ ਕਰ ਸਕਦੇ ਹਨ, ਜੇਕਰ ਅਪੀਲ ਖਾਰਜ ਹੋ ਜਾਂਦੀ ਹੈ ਤਾਂ ਗੱਡੀਆਂ ਜ਼ਬਤ ਕੀਤੀਆਂ ਜਾ ਸਕਦੀਆਂ ਹਨ।

# ਖਟਕੜ ਕਲਾਂ ਸਕੂਲ 'ਚ ਤਰਕਸ਼ੀਲ ਸੁਸਾਇਟੀ ਵੱਲੋਂ ਇਨਾਮ ਵੰਡ ਸਮਾਗਮ



**ਬੰਗਾ (ਅਵਤਾਰ ਕਲੇਰ)**

ਸ਼ਹੀਦ-ਏ-ਆਜ਼ਮ ਭਗਤ ਸਿੰਘ ਹਾਈ ਸਕੂਲ ਖਟਕੜ ਕਲਾਂ ਵਿਖੇ ਤਰਕਸ਼ੀਲ ਸੁਸਾਇਟੀ ਇਕਾਈ ਬੰਗਾ ਵਲੋਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਗਈ।ਜਿਸ 'ਚੋਂ ਸਫਲ ਹੋਏ ਵਿਦਿਆਰਥੀਆਂ ਨੂੰ ਇਨਾਮ ਵਜੋਂ ਕਿਤਾਬਾਂ ਦੇ ਸੈੱਟ ਅਤੇ ਸਨਮਾਨ ਪੱਤਰ ਦਿੱਤੇ ਗਏ। ਮਿਡਲ ਪੱਧਰ ਦੀ ਪ੍ਰੀਖਿਆ ਵਿੱਚੋਂ ਅੱਠਵੀਂ ਦੇ ਲੜਕੇ ਅਭਿਸ਼ੇਕ ਪੁੱਤਰ ਗਯਾ ਪ੍ਰਸਾਦ ਨੇ ਪਹਿਲਾ ਸਥਾਨ, ਛੇਵੀਂ ਜਮਾਤ ਦੀ ਵਿਦਿਆਰਥਣ ਜਯੋਤੀ ਰਾਜ ਪੁੱਤਰੀ ਗਯਾ ਪ੍ਰਸਾਦ ਨੇ ਦੂਸਰਾ ਅਤੇ ਅੱਠਵੀਂ ਜਮਾਤ ਦੀ ਵਿਦਿਆਰਥਣ ਵੰਸ਼ਕਾ ਪੁੱਤਰੀ ਸਤਨਾਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸੈਕੰਡਰੀ ਪੱਧਰ ਦੀ ਪ੍ਰੀਖਿਆ ਵਿੱਚੋਂ ਦਸਵੀਂ ਦੀ ਲੜਕੀ ਖੁਸ਼ੀ ਪੁੱਤਰੀ ਰਣਜੀਤ ਸਿੰਘ ਨੇ ਪਹਿਲਾ,ਨੌਂਵੀਂ ਦੀ ਸਿਮਰਨ ਪੁੱਤਰੀ ਰਾਜ ਕੁਮਾਰ ਨੇ ਦੂਸਰਾ,ਅਤੇ ਨੌਂਵੀਂ ਜਮਾਤ ਦੀ ਹਿਨਾ ਪੁੱਤਰੀ ਆਸਿਫ਼ ਨੇ ਸਕੂਲ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ। ਜੋਨ ਨਵਾਂਸ਼ਹਿਰ ਦੇ ਮੀਡੀਆ ਮੁਖੀ ਮਾ.ਜਗਦੀਸ਼ ਰਾਏਪੁਰ ਡੱਬਾ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਇਸ ਪ੍ਰੀਖਿਆ ਦਾ ਮੁੱਖ ਮੰਤਵ ਵਿਦਿਆਰਥੀਆਂ ਦੀ ਸੋਚ ਨੂੰ ਵਿਗਿਆਨਕ ਬਣਾਉਣਾ ਹੈ। ਉਹਨਾਂ ਅੱਗੇ ਦੱਸਿਆ ਕਿ ਕਸਰਾਂ ਕੀ ਹੁੰਦੀਆਂ, ਦਬਾਅ ਕਿਵੇਂ ਪੈਂਦਾ,ਖ਼ੂਨ ਦੇ ਛਿੱਟੇ ਕਿਵੇਂ ਪੈਂਦੇ ਹਨ, ਪੇਟੀਆਂ ਚ, ਪਏ ਕੱਪੜੇ ਕਿਵੇਂ ਕੱਟੇ ਜਾਂਦੇ ਹਨ, ਅੱਗਾਂ ਕਿਵੇਂ ਲੱਗਦੀਆਂ, ਗਹਿਣੇ ਅਤੇ ਪੈਸੇ ਕਿਵੇਂ ਗੁੰਮ ਹੁੰਦੇ ਹਨ। ਉਹਨਾਂ ਦੱਸਿਆ ਕਿ ਇਹੋ ਜਿਹੇ ਕੇਸਾਂ ਵਿੱਚ ਕਿਸੇ ਭੂਤ- ਪ੍ਰੇਤ,ਆਤਮਾ, ਗੈਬੀ ਸ਼ਕਤੀਆਂ ਕੰਮ ਨਹੀਂ ਕਰਦੀਆਂ ਬਲਕਿ ਇਹਨਾਂ ਪਿੱਛੇ ਕੋਈ ਨਾ ਕੋਈ ਮਨੁੱਖੀ ਹੱਥ ਹੀ ਹੁੰਦਾ ਹੈ। ਉਹਨਾਂ ਇਹੋ ਜਿਹੇ ਕੁੱਝ ਹੱਲ ਕੀਤੇ ਕੇਸਾਂ ਸੰਬੰਧੀ ਵੀ ਜਾਣਕਾਰੀ ਦਿੱਤੀ।ਇਸ ਮੌਕੇ ਸਕੂਲ ਦੇ ਇੰਚਾਰਜ ਕਿਰਨਜੀਤ ਕੌਰ ਅਤੇ ਸਾਇੰਸ ਮਾਸਟਰ ਕੁਲਵੀਰ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਤਰਕਸ਼ੀਲ ਆਗੂ ਸੁਖਵਿੰਦਰ ਲੰਗੇਰੀ ਨੇ ਬੱਚਿਆਂ ਨੂੰ ਜਾਦੂ ਦੇ ਟਰਿੱਕ ਦਿਖਾਏ ਅਤੇ ਦੱਸਿਆ ਇਹ ਇੱਕ ਕਲਾ ਹੈ, ਹੱਥ ਦੀ ਸਫਾਈ ਹੈ ਅਤੇ ਪ੍ਰੈਕਟਿਸ ਨਾਲ ਇਸ ਨੂੰ ਕੋਈ ਵੀ ਸਿੱਖ ਸਕਦਾ ਹੈ। ਉਹਨਾਂ ਨੇ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ। ਬੱਚਿਆਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ।ਸਕੂਲ ਇੰਚਾਰਜ ਕਿਰਨਜੀਤ ਕੌਰ ਨੇ ਕਿਹਾ ਕਿ ਛਿੱਟੇ ਦੇਣ ਨਾਲ, ਪੂਜਾ ਪਾਠਾਂ ਨਾਲ, ਪੁਜਾਰੀਆਂ ਦੇਣ ਨਾਲ ਜਾਂ ਸੁੱਖਾ ਸੁੱਖਣ ਨਾਲ ਜ਼ਿੰਦਗੀ ਵਿੱਚ ਸਫਲ ਨਹੀਂ ਹੋਇਆ ਜਾਂਦਾ। ਤੁਸੀਂ ਸਫ਼ਲ ਹੋਣ ਲਈ ਵੱਧ ਤੋਂ ਵੱਧ ਪੜ੍ਹਾਈ ਵੱਲ੍ਹ ਧਿਆਨ ਦਿਉ।ਵੱਧ ਸਿੱਖਣ ਲਈ ਚੰਗੀ ਸੇਧ ਦੇਣ ਵਾਲੀਆਂ ਕਿਤਾਬਾਂ ਪੜ੍ਹੋ ਅਤੇ ਆਪਣੀ ਸੋਚ ਨੂੰ ਵਿਗਿਆਨਕ ਬਣਾਉ। ਅੰਤ ਵਿੱਚ ਉਹਨਾਂ ਆਏ ਤਰਕਸ਼ੀਲ ਆਗੂਆਂ ਦਾ ਧੰਨਵਾਦ ਕੀਤਾ ਅੱਗੇ ਤੋਂ ਹੋਰ ਵਧੀਆ ਨਤੀਜੇ ਲਿਆਉਣ ਦਾ ਅਹਿਦ ਕੀਤਾ। ਤਰਕਸ਼ੀਲ ਸੁਸਾਇਟੀ ਵੱਲੋਂ ਬਲਜੀਤ ਖਟਕੜ ਨੇ ਸਕੂਲ ਦੇ ਸਮੁੱਚੇ ਸਟਾਫ ਮੈਂਬਰਾਂ ਅਤੇ ਬੱਚਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮੈਡਮ ਰੋਜ਼ੀ ਬਾਲਾ, ਪਵਨਦੀਪ, ਕਮਲਜੀਤ ਕੌਰ, ਅਵਤਾਰ ਕੌਰ, ਅਮਨਦੀਪ ਕੌਰ,ਸ਼ਮਾ ਅਤੇ ਜਸਵੀਰ ਸਿੰਘ ਹਾਜ਼ਰ ਸਨ।

# ਦੇਸ਼ ਤੇ ਪੰਜਾਬ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ : ਨਾਹਰ, ਨੂਰਪੁਰੀ

**ਜਲੰਧਰ (ਰਾਜੇਸ਼ ਥਾਪਾ)**

ਦਿਹਾਤੀ ਮਜ਼ਦੂਰ ਸਭਾ ਸੂਬਾ ਵਰਕਿੰਗ ਕਮੇਟੀ ਦੇ ਸੱਦੇ 'ਤੇ ਅੱਜ ਤਹਿਸੀਲ ਕਮੇਟੀ ਜਲੰਧਰ ਵਿੱਚ ਜਥਾ ਮਾਰਚ ਕੀਤਾ ਗਿਆ।ਵੱਖ ਵੱਖ ਪਿੰਡਾਂ ਵਿੱਚ ਕੀਤੇ ਗਏ ਜਲਸਿਆਂ ਦੌਰਾਨ ਵਿਚਾਰ ਪੇਸ਼ ਕਰਦਿਆਂ ਸੂਬਾ ਪ੍ਰਧਾਨ ਦਰਸ਼ਨ ਨਾਹਰ ਅਤੇ ਸੂਬਾ ਪ੍ਰੈੱਸ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਕਿਹਾ ਕਿ ਦੇਸ਼ ਅਤੇ ਪੰਜਾਬ ਦੀ ਹਾਲਤ ਬਦ ਤੋ ਬਦਤਰ ਹੁੰਦੀ ਜਾ ਰਹੀ ਹੈ। 26 ਜਨਵਰੀ ਵਾਲੇ ਦਿਨ ਅਮ੍ਰਿਤਸਰ ਵਿਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਬੁੱਤ ਨੂੰ ਤੋੜਨਾ, ਇਹ ਦਰਸਾਉਂਦਾ ਹੈ ਕਿ ਪੰਜਾਬ ਵਿੱਚ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਹੈ ਇਹ ਘਟਨਾ ਡੂੰਘੀ ਸਾਜ਼ਿਸ਼ ਤਹਿਤ ਕੀਤੀ ਗਈ ਹੈ ਪਿਛਲੇ ਦਿਨੀਂ ਰਾਜ ਸਭਾ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਅਪਮਾਨਜਨਕ ਟਿੱਪਣੀ ਕਰਨਾ ਦਲਿਤਾਂ ਅਤੇ ਸੰਵਿਧਾਨ ਖ਼ਿਲਾਫ਼ ਮਾਨਸਿਕਤਾ ਦਾ ਪ੍ਰਗਟਾਵਾ ਹੈ।ਉਪਰੋਕਤ ਆਗੂਆਂ ਨੇ ਕਿਹਾ ਕਿ ਦੱਬੇ ਕੁੱਚਲੇ ਸਮਾਜ ਦੇ ਲੋਕਾਂ ਨੂੰ ਸੰਵਿਧਾਨ ਰਾਹੀਂ ਮਿਲੇ ਨਾਮਾਤਰ ਅਧਿਕਾਰ ਵੀ ਮਨੂੰਵਾਦੀ ਲਾਣਾ ਬਰਦਾਸ਼ਤ ਨਹੀਂ ਕਰ ਰਿਹਾ। ਦਲਿਤ ਭਾਈਚਾਰੇ ਵਿਰੁੱਧ ਹਰ ਰੋਜ ਸਾਜ਼ਿਸ਼ਾਂ ਘੜੀਆਂ ਜਾਂਦੀਆਂ ਹਨ ਉਨ੍ਹਾਂ ਮੰਗ ਕੀਤੀ ਕਿ ਇਸ ਘਟਨਾ ਦੀ ਉਚ ਪੱਧਰੀ ਜਾਂਚ ਕਰਕੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਦੋਹਾਂ ਆਗੂਆਂ ਨੇ ਦੱਸਿਆ ਕਿ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਮਨਰੇਗਾ ਤਹਿਤ ਸਾਰਾ ਸਾਲ ਕੰਮ ਅਤੇ 700 ਰੁਪਏ ਦਿਹਾੜੀ ਕਰਨ, ਬੇਘਰੇ ਅਤੇ ਲੋੜਵੰਦਾਂ ਨੂੰ 10- 10 ਮਰਲੇ ਦੇ ਰਿਹਾਇਸ਼ੀ ਪਲਾਟ ਅਤੇ ਮਕਾਨ ਬਣਾਉਣ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ ਦੇਣ, ਸਿੱਖਿਆ ਅਤੇ ਸਿਹਤ ਸਹੂਲਤਾਂ ਮੁਫਤ ਮੁਹਈਆ ਕਰਵਾਉਣ, ਸਰਕਾਰੀ ਅਤੇ ਗੈਰਸਰਕਾਰੀ ਸਮੇਤ ਮਾਈਕਰੋ ਫਾਇਨਾਂਸ ਕੰਪਨੀਆਂ ਦਾ ਕਰਜ਼ਾ ਮੁਆਫ ਕਰਨ, ਜਨਤਕ ਵੰਡ ਪ੍ਰਣਾਲੀ ਮਜ਼ਬੂਤ ਕਰਨ ਅਤੇ ਸਰਕਾਰੀ ਡੀਪੂ ਖੋਲ੍ਹ ਕੇ ਨਿੱਤ ਵਰਤੋਂ ਦੀਆਂ ਜ਼ਰੂਰੀ ਚੀਜ਼ਾਂ ਸਸਤੇ ਭਾਅ 'ਤੇ ਦੇਣ, ਸਮਾਜਿਕ ਜਬਰ ਬੰਦ ਕਰਨ, ਪੀਣ ਵਾਲੇ ਸਾਫ ਪਾਣੀ ਦਾ ਮੁਫਤ ਪ੍ਰਬੰਧ ਕਰਨਾ, ਆਦਿ ਦੀ ਪ੍ਰਾਪਤੀ ਲਈ ਕਿਰਤੀਆਂ ਨੂੰ ਜਾਗਰੂਕ ਕਰਕੇ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਹ ਜਥਾ ਪਿੰਡ ਜਮਸ਼ੇਰ ਖਾਸ ਤੋਂ ਸ਼ੁਰੂ ਹੋ ਕੇ ਧੀਣਾਂ, ਫੋਲੜੀਵਾਲ, ਅਸਮਾਨਪੁਰ, ਖਾਂਬਰਾ, ਲਾਂਬੜਾ, ਲਾਂਬੜੀ, ਫੂਲ ਪੁਰ, ਧਨਾਲ ਕਲਾਂ, ਧਨਾਲ ਖੁਰਦ, ਕਾਦੀਆਂਵਾਲੀ, ਚਿਤੇਵਾਣੀ ਸਮਾਪਤ ਹੋਇਆ। ਹੋਰਨਾਂ ਤੋਂ ਇਲਾਵਾ ਭਜਨ ਸਿੰਘ ਜਮਸ਼ੇਰ, ਬਲਰਾਮ ਬਿੱਟੂ ਖਾਂਬਰਾ, ਤਰਸੇਮ ਕਾਦੀਆਂ, ਪਰਮਜੀਤ , ਸੋਨੂੰ ਜਮਸ਼ੇਰ ਖਾਸ, ਰਾਕੇਸ਼ ਚਿਤੇਵਾਣੀ, ਵਿਜੇ ਕੁਮਾਰ ਥਾਪਰ ਫੋਲੜੀਵਾਲ ਆਦਿ ਹਾਜ਼ਰ ਸਨ।



# ਸਾਲਾਨਾ ਮਹਾਨ ਨਗਰ ਕੀਰਤਨ ਹੋਇਆ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਗਦੀਸ਼ ਰਾਏ)** ਹਰ ਸਾਲ ਦੀ ਤਰ੍ਹਾਂ ਪਿੰਡ ਭੜੀ ਤੋਂ ਬਾਬਾ ਮਹਿੰਦਰ ਸਿੰਘ ਖਾਲਸਾ ਦੀ ਦੇਖ-ਰੇਖ ਹੇਠ ਕੱਢਿਆ ਜਾਂਦਾ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਮਹਾਨ ਨਗਰ ਕੀਰਤਨ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸੰਪੰਨ ਹੋਇਆ।

ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਇਹ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਹਰ ਸਾਲ ਦੀ ਤਰ੍ਹਾਂ ਪਿੰਡ ਭੜੀ ਤੋਂ ਸਵੇਰੇ 8 ਵਜੇ ਸ਼ੁਰੂ ਹੋਇਆ। ਨਗਰ ਕੀਰਤਨ ਵਿਚ ਜਿੱਥੇ ਅਨੇਕਾਂ ਟਰੈਕਟਰ-ਟਰਾਲੀਆਂ ਤੇ ਮੋਟਰ ਗੱਡੀਆਂ ਦਾ ਲੰਮਾ ਕਾਫ਼ਲਾ ਸੀ, ਉੱਥੇ ਸਿੱਖ ਇਤਿਹਾਸ ਵਿਚ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਦਰਸਾਉਂਦੀਆਂ ਝਾਕੀਆਂ ਵੀ ਕੱਢੀਆਂ ਗਈਆਂ।

ਇਹ ਨਗਰ ਕੀਰਤਨ ਭੜੀ ਤੋਂ ਕੋਟਲਾ ਭੜੀ, ਗੌਂਸਲਾਂ, ਬਰਵਾਲੀ, ਸਰਵਰਪੁਰ, ਘਰਖਣਾ, ਭੰਗਲਾਂ, ਉਟਾਲਾਂ, ਸਮਰਾਲਾ, ਬੌਂਦਲੀ, ਗਹਿਲੇਵਾਲ, ਸਿਹਾਲਾ, ਟੋਡਰਪੁਰ, ਹੇੜੀਆਂ, ਸਹਿਜੋ ਮਾਜਰਾ ਅਤੇ ਰਤੀਪੁਰ ਤੋਂ ਹੁੰਦਾ ਹੋਇਆ ਮਾਛੀਵਾੜਾ ਦੇ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਪਹੁੰਚਿਆ, ਜਿੱਥੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ, ਗੁਰੂ ਘਰ ਦੇ ਨਿਸ਼ਕਾਮ ਸੇਵਕ ਬਾਬਾ ਮੋਹਣ ਸਿੰਘ, ਹੈੱਡ ਗ੍ਰੰਥੀ ਹਰਪਾਲ ਸਿੰਘ ਗੁਰਮੁਖ ਤੇ ਕਥਾਵਾਚਕ ਇਕਨਾਮ ਸਿੰਘ ਸਮੇਤ ਬਹੁਤ ਸਾਰੇ ਪਤਵੰਤਿਆਂ ਵਲੋਂ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ। ਇਹ ਨਗਰ ਕੀਰਤਨ ਹਰ ਸਾਲ ਦੀ ਤਰ੍ਹਾਂ ਇੱਥੇ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸੰਪੰਨ ਹੁੰਦਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਵੀ ਇੱਥੇ ਹੀ ਸੁੱਖ ਆਸਨ ਕਰਾਇਆ ਜਾਂਦਾ ਹੈ। ਗੁਰਦੁਆਰਾ ਪ੍ਰਬੰਧਕਾਂ ਵਲੋਂ ਨਗਰ ਕੀਰਤਨ 'ਚ ਆਈਆਂ ਸੰਗਤਾਂ ਲਈ ਲੰਗਰ ਵੀ ਵਰਤਾਏ ਗਏ।

# ਯੁਵਕ ਸੇਵਾਵਾਂ ਵਿਭਾਗ ਨੇ ਨਸ਼ਿਆਂ ਪ੍ਰਤੀ ਜਾਗਰੂਕ ਕਰਨ ਲਈ ਕਰਾਏ ਨਾਟਕ




**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)** ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਪਿੰਡ ਕੋਟਭਾਈ, ਬਾਦਲ ਤੇ ਮਾਹੂਆਣਾ ਪਿੰਡਾਂ ਵਿੱਚ ਨਸ਼ਿਆਂ ਵਿਰੋਧੀ ਇੱਕ ਨਾਟਕ ਮੇਲਾ ਕਰਾਇਆ ਗਿਆ।ਇਨ੍ਹਾਂ ਪਿੰਡਾਂ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਰਘਵੀਰ ਸਿੰਘ ਮਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਲਈ ਬੱਚਿਆਂ ਦੇ ਮਾਪਿਆਂ ਨੂੰ ਖੁਦ ਅੱਗੇ ਆਉਣਾ ਚਾਹੀਦਾ ਹੈ ਤਾਂ ਜੁ ਬੱਚਿਆਂ ਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਇਸ ਭੈੜੀ ਬਿਮਾਰੀ ਤੋਂ ਬਚਾਇਆ ਜਾ ਸਕੇ।

ਯੁਵਕ ਸੇਵਾਵਾਂ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਕਰਾਈਆਂ ਜਾਂਦੀਆਂ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮਾਂ ਤੇ ਹੋਰ ਪ੍ਰੋਗਰਾਮਾਂ ਬਾਰੇ ਵੀ ਜਾਣਕਾਰੀ ਦਿੱਤੀ।ਇਸ ਦੌਰਾਨ ਪਿੰਡ ਦੇ ਕਲੱਬ ਪ੍ਰਧਾਨ ਨੇ ਵੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਆਪਣੇ ਵਿਚਾਰ ਰੱਖੇ ਤੇ ਪਿੰਡ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਮਸਤਾਨੇ ਥੀਏਟਰ ਗਰੁੱਪ ਰਾਮਪੁਰਾ ਫੂਲ ਵੱਲੋਂ ਸਿਮਰਨ ਅਕਸ ਵੱਲੋਂ ਲਿਖਿਆ ਤੇ ਸੋਨੀ ਢਿਲੋਂ ਵੱਲੋਂ ਡਾਇਰੈਕਟ ਕੀਤਾ ਹੋਇਆ ਨਾਟਕ 'ਇੱਕ ਸੀ ਰੰਗ ਸਫੈਦ' ਵੀ ਦਰਸ਼ਕਾਂ ਸਾਹਮਣੇ ਪੇਸ਼ ਕੀਤਾ ਗਿਆ, ਜੋ ਦਰਸ਼ਕਾਂ ਵੱਲੋਂ ਖੂਬ ਸਲਾਹਿਆ ਗਿਆ।

ਪ੍ਰੋਗਰਾਮ ਦੀ ਪ੍ਰਧਾਨਗੀ ਹਰਮੀਤ ਸਿੰਘ ਬਰਾੜ ਸਪੋਰਟਸ ਕਲੱਬ ਦੁਆਰਾ ਕੀਤੀ ਗਈ। ਇਸ ਮੌਕੇ ਯੁਵਕ ਸੇਵਾਵਾਂ ਕਲੱਬ ਪਿੰਡ ਮਹੂਆਣਾ ਵਿਖੇ ਬੱਚਿਆਂ ਦੀਆਂ ਖੇਡਾਂ ਦਾ ਆਯੋਜਨ ਕੀਤਾ ਗਿਆ ਤੇ ਜੇਤੂ ਬੱਚਿਆਂ ਨੂੰ ਮੈਡਲ ਤੇ ਟਰਾਂਸ ਦੇ ਕੇ ਸਨਮਾਨਤ ਕੀਤਾ ਗਿਆ।

# ਡਾ. ਅੰਬੇਡਕਰ ਦੇ ਬੁੱਤ 'ਤੇ ਹਮਲੇ ਖਿਲਾਫ਼ ਔਰਤਾਂ ਵੱਲੋਂ ਪ੍ਰਦਰਸ਼ਨ

**ਦੋਰਾਹਾ (ਹਰਮਿੰਦਰ ਸੇਠ)** ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਨਾਲ ਛੇੜਖਾਨੀ ਕਰਨ ਦੇ ਵਿਰੋਧ ਵਿੱਚ ਭਾਜਪਾ ਆਗੂ ਨੂਪੁਰ ਚੈਟਲੀ ਤੇ ਭਾਜਪਾ ਮੀਤ ਪ੍ਰਧਾਨ ਪੂਜਾ ਸਾਨੇਵਾਲੀਆ ਦੀ ਅਗਵਾਈ ਹੇਠ ਭੈਣਾਂ ਅਤੇ ਮਾਤਾਵਾਂ ਵੱਲੋਂ ਵੱਡੀ ਗਿਣਤੀ ਵਿੱਚ ਮੌਜੂਦਾ ਪੰਜਾਬ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ।

ਐਡਵੋਕੇਟ ਨੂਪੁਰ ਨੇ ਦੱਸਿਆ ਕਿ ਸਾਡੇ ਸਾਰਿਆਂ ਲਈ ਇਹ ਬਹੁਤ ਹੀ ਮੰਦਭਾਗੀ ਤੇ ਸ਼ਰਮਨਾਕ ਘਟਨਾ ਹੈ, ਅਸੀਂ ਇਸ ਘਟਨਾ ਦਾ ਪੁਰਜ਼ੋਰ ਵਿਰੋਧ ਕਰਦੇ ਹਾਂ ਕਿਉਂਕਿ ਜਿੰਨਾ ਮਹਾਂਪੁਰਸ਼ ਜੀ ਨੇ ਸਾਡੇ ਸੰਵਿਧਾਨ ਦੀ ਸਿਰਜਣਾ ਕੀਤੀ ਹੈ ਅਤੇ ਕਾਨੂੰਨ ਦੀ ਰੱਖਿਆ ਕੀਤੀ ਹੈ, ਅੱਜ ਉਸੇ ਨੂੰ ਹੀ ਰੱਖਿਆ ਦੀ ਲੋੜ ਕਿਉਂ ਪੈ ਗਈ ਹੈ?

ਜੇਕਰ ਪੰਜਾਬ ਸਰਕਾਰ ਨੇ ਦੋਸ਼ੀ ਵਿਅਕਤੀ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਨਾ ਕੀਤੀ ਤਾਂ ਰੋਸ ਪ੍ਰਦਰਸ਼ਨ ਬਹੁਤ ਤੇਜ਼ੀ ਨਾਲ ਰੋਡ ਪ੍ਰਦਰਸ਼ਨ ਦੇ ਰੂਪ ਵਿੱਚ ਤਬਦੀਲ ਹੋ ਜਾਵੇਗਾ ਤੇ ਅਸੀਂ ਹਾਈਵੇ ਜਾਮ ਕਰਨ ਦੀ ਵੀ ਚੇਤਾਵਨੀ ਦਿੰਦੇ ਹਾਂ। ਮਹਿਲਾ ਵਿੰਗ ਦੀ ਪ੍ਰਧਾਨ ਹੋਣ ਦੇ ਨਾਤੇ ਐਡਵੋਕੇਟ ਨੂਪੁਰ ਨੇ ਸਖਤ ਸ਼ਬਦਾਂ ਵਿਚ ਇਸ ਘਟਨਾ ਦੀ ਨਿੰਦਾ ਕੀਤੀ ਹੈ ਤੇ ਬਾਬਾ ਸਾਹਿਬ ਅੰਬੇਦਕਰ ਦੀ ਪ੍ਰਸ਼ੰਸਾ ਕਰਦੇ ਹੋਏ ਦੱਸਿਆ ਕਿ ਜਿਸ ਮਹਾਂਪੁਰਖ ਕੋਲ 32 ਸਕਾਲਰ ਡਿਗਰੀਆਂ ਸਨ ਤੇ ਹੁਣ ਹੀ ਪੂਰਾ ਦੇਸ਼ 26 ਜਨਵਰੀ ਗਣਤੰਤਰ ਦਿਵਸ ਮਨਾ ਕੇ ਹਟਿਆ ਹੈ।

# ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਵਿਰੁੱਧ ਕੌਮੀ ਮੁੱਖ ਮਾਰਗ ਕੀਤਾ ਬੰਦ

**ਪਾਤੜਾਂ, (ਨਿਸ਼ਾਨ ਸਿੰਘ ਬਣਵਾਲਾ)**-ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਤੋੜਨ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਖਿਲਾਫ਼ ਸਖਤ ਕਾਰਵਾਈ ਕਰਨ ਦੀ ਮੰਗ ਨੂੰ ਲੈ ਕੇ ਸ਼ਹੀਦ ਭਗਤ ਸਿੰਘ ਚੌਂਕ ਵਿੱਚ ਵੱਖ-ਵੱਖ ਜਥੇਬੰਦੀਆਂ ਵੱਲੋਂ ਧਰਨਾ ਦੇ ਕੇ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਜਾਮ ਕੀਤਾ ਗਿਆ। ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਐਸ ਡੀ ਐਮ ਪਾਤੜਾਂ ਨੂੰ ਸੌਂਪਿਆ। ਡਾਕਟਰ ਅੰਬੇਡਕਰ ਕਿਰਤੀ ਮਜ਼ਦੂਰ ਸੰਘ ਪੰਜਾਬ ਦੇ ਪ੍ਰਧਾਨ ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਦੀ ਸੋਚ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਕੁਝ ਲੋਕਾਂ ਵੱਲੋਂ ਬਾਬਾ ਸਾਹਿਬ ਖਿਲਾਫ਼ ਵੱਖ-ਵੱਖ ਤਰ੍ਹਾਂ ਦੇ ਬਿਆਨ ਦਿੱਤੇ ਜਾ ਰਹੇ ਹਨ, ਅਜਿਹੇ ਕਾਰਨਾਮਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਸਮਾਜ ਵਿੱਚ ਫੁੱਟ ਪਾਉਣ ਵਾਲਿਆਂ ਤਾਕਤਾਂ ਖਿਲਾਫ਼ ਇੱਕਜੁਟ ਹੋਣ ਦਾ ਸੱਦਾ ਦਿੱਤਾ।

# ਆਲ ਇੰਡੀਆ ਸਰਵਿਸਜ਼ ਹਾਕੀ, ਕੁਸ਼ਤੀ ਤੇ ਵਾਲੀਬਾਲ ਟੂਰਨਾਮੈਂਟ ਲਈ ਪੰਜਾਬ ਟੀਮਾਂ ਦੇ ਟਰਾਇਲ 3 ਨੂੰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਸੈਂਟਰਲ ਸਿਵਲ ਸਰਵਿਸਜ਼ ਕਲਚਰਲ ਐਂਡ ਬੋਰਡ ਵੱਲੋਂ ਆਲ ਇੰਡੀਆ ਸਰਵਿਸਜ਼ ਹਾਕੀ, ਕੁਸ਼ਤੀ ਤੇ ਵਾਲੀਬਾਲ (ਪੁਰਸ਼ ਤੇ ਮਹਿਲਾ) ਟੂਰਨਾਮੈਂਟ 14 ਤੋਂ 28 ਫਰਵਰੀ 2025 ਤੱਕ ਵੱਖ-ਵੱਖ ਤਰੀਕਾਂ ਨੂੰ ਵੱਖ-ਵੱਖ ਥਾਵਾਂ ਵਿਖੇ ਕਰਵਾਇਆ ਜਾ ਰਿਹਾ ਹੈ।ਪੰਜਾਬ ਦੀਆਂ ਟੀਮਾਂ ਲਈ ਟਰਾਇਲ 3 ਫਰਵਰੀ ਨੂੰ ਸਵੇਰੇ 11 ਵਜੇ ਹੋਣਗੇ। ਹਾਕੀ ਟੀਮਾਂ ਦੀ ਚੋਣ ਲਈ ਟਰਾਇਲ ਸੁਰਜੀਤ ਹਾਕੀ ਸਟੇਡੀਅਮ ਜਲੰਧਰ, ਕੁਸ਼ਤੀ ਦੇ ਟਰਾਇਲ ਨਹਿਰੂ ਸਟੇਡੀਅਮ ਫ਼ਰੀਦਕੋਟ ਤੇ ਵਾਲੀਬਾਲ ਟੀਮਾਂ ਦੀ ਚੋਣ ਲਈ ਟਰਾਇਲ ਮਲਟੀਪਰਪਜ਼ ਖੇਡ ਸਟੇਡੀਅਮ ਸੈਕਟਰ 63 ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿਖੇ ਹੋਣਗੇ।


**Capital Small Finance Bank Ltd.**

HO:- MIDAS Corporate Park, 3rd Floor, 37, G.T. Road, Jalandhar-144001, Punjab, India

**(ਅਚੱਲ ਜਾਇਦਾਦ ਵਾਸਤੇ) ਕਬਜ਼ਾ ਨੋਟਿਸ**

[ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8 (1) ਅਧੀਨ]

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਊਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ, 2002 ਅਧੀਨ ਅਤੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 24.04. 2024 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ ਅਤੇ ਗਰੰਟਰ ਸ੍ਰੀ ਮਲਕੀਤ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ (ਮ੍ਰਿਤਕ) ਰਾਹੀਂ ਉਸ ਦੇ ਕਾਨੂੰਨੀ ਵਾਰਸਾਂ ਸ੍ਰੀਮਤੀ ਬਲਵਿੰਦਰ ਕੌਰ ਪਤਨੀ ਸ੍ਰੀ ਮਲਕੀਤ ਸਿੰਘ, ਸਿਮਰਨ ਕੌਰ ਪੁੱਤਰੀ ਮਲਕੀਤ ਸਿੰਘ, ਰਨਦੀਪ ਕੌਰ ਪੁੱਤਰੀ ਮਲਕੀਤ ਸਿੰਘ, ਸਮਰਦੀਪ ਸਿੰਘ ਪੁੱਤਰ ਮਲਕੀਤ ਸਿੰਘ, ਸ੍ਰੀਮਤੀ ਬਲਵਿੰਦਰ ਕੌਰ ਪਤਨੀ ਸ੍ਰੀ ਮਲਕੀਤ ਸਿੰਘ ਅਤੇ ਸ੍ਰੀ ਬਲਬੀਰ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ ਨੂੰ ਨੋਟਿਸ 'ਚ ਵਰਨਣ ਰਾਸ਼ੀ ਰੁਪਏ 14,72,015.10 (ਰੁਪਏ ਚੌਦਾਂ ਲੱਖ ਬਹੱਤਰ ਹਜ਼ਾਰ ਪੰਦਰਾਂ ਅਤੇ ਦੱਸ ਪੈਸੇ ਕੇਵਲ) ਦੀ ਮਿਤੀ 10.04.2024 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਅਦਾ ਕਰਨ ਲਈ ਕਿਹਾ ਗਿਆ ਸੀ।

ਕਰਜ਼ਦਾਰ ਰਕਮ ਦੀ ਮੋੜਣ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਰੂਲ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਮਿਤੀ 28.01. 2025 ਨੂੰ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰ/ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਰੁਪਏ 14,72,015.10 (ਰੁਪਏ ਚੌਦਾਂ ਲੱਖ ਬਹੱਤਰ ਹਜ਼ਾਰ ਪੰਦਰਾਂ ਅਤੇ ਦੱਸ ਪੈਸੇ ਕੇਵਲ) ਤੇ ਮਿਤੀ 01.04.2024 ਤੋਂ ਲਾਗੂ ਭਵਿੱਖੀ (ਵਸੂਲੀ ਘਟਾ ਕੇ, ਜੇਕਰ) ਲਈ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਓਰਡ ਐਸੇਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਜਾਇਦਾਦ ਦਾ ਉਚਿਤ ਰਹਿਣਨਾਮਾ : ਵਿਕਰੀ ਬੈਨਾਮਾ ਨੰ. 2020-21/31/1/431 ਮਿਤੀ 17.09.2020 ਰਾਹੀਂ ਸ੍ਰੀ ਮਲਕੀਤ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ ਦੀ ਮਾਲਕੀ ਹੇਠ ਗਾਜ਼ੀਪੁਰ, ਤਹਿ. ਸੁਲਤਾਨਪੁਰ ਲੋਧੀ ਵਿਖੇ ਸਥਿਤ ਜਾਇਦਾਦ ਰਕਬਾ 4 ਮਰਲੇ ਦੇ ਹਿੱਸੇ।

ਮਿਤੀ 28.01.2025, ਸਥਾਨ : ਸੁਲਤਾਨਪੁਰ ਲੋਧੀ (ਅਧਿਕਾਰਤ ਅਫ਼ਸਰ)


# ਸੈਨਾ ਮੈਡਲ ਪ੍ਰਾਪਤ ਸਵਰਗੀ ਫੌਜੀ ਸ਼ਿਗਾਰਾ ਸਿੰਘ ਨਮਿਤ ਅੰਤਿਮ ਅਰਦਾਸ ਭਲਕੇ



**ਜਲੰਧਰ (ਇਕਬਾਲ ਸਿੰਘ ਉਭੀ)**

ਕਾਰਗਿਲ ਦੀ ਜੰਗ ਵਿੱਚ ਦਿਖਾਈ ਸੂਰਬੀਰਤਾ ਲਈ ਸੈਨਾ ਮੈਡਲ ਪ੍ਰਾਪਤ ਕਰਨ ਵਾਲੇ ਸੂਰਬੀਰ ਯੋਧੇ ਫੌਜੀ ਸ਼ਿਗਾਰਾ ਸਿੰਘ ਦਾ 11 ਜਨਵਰੀ 2025 ਨੂੰ ਸੰਖੇਪ ਬਿਮਾਰੀ ਕਾਰਨ ਦੇਹਾਂਤ ਹੋ ਗਿਆ ਸੀ।ਸਵਰਗੀ ਸ਼ਿਗਾਰਾ ਸਿੰਘ ਦੀ ਮ੍ਰਿਤਕ ਦੇਹ ਦਾ ਸਸਕਾਰ ਉਨ੍ਹਾਂ ਦੇ ਪਿੰਡ ਸੋਤਰਾ ਤਹਿਸੀਲ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਉਨ੍ਹਾਂ ਦੇ ਪੁੱਤਰ ਅਮਨਦੀਪ ਸਿੰਘ ਅਤੇ ਹਰਦੀਪ ਸਿੰਘ ਵਲੋਂ ਚਿਖਾ ਨੂੰ ਅਗਨੀ ਦਿਖਾ ਕੇ ਕੀਤਾ ਗਿਆ । ਇਸ ਮੌਕੇ ਸਾਬਕਾ ਕੈਪਟਨ ਸ਼ਰਨਜੀਤ ਸਿੰਘ, ਦੌਲਤ ਸਿੰਘ, ਰਣਜੀਤ ਸਿੰਘ, ਸੂਬੇਦਾਰ ਪ੍ਰੇਮ ਸਿੰਘ ਵਲੋਂ ਫੁੱਲ ਮਾਲਾਵਾਂ ਭੇਟ ਕਰਦੇ ਹੋਏ ਸਲਾਮੀ ਦੇ ਕੇ ਸ਼ਰਧਾਂਜਲੀ ਭੇਟ ਕੀਤੀ ਗਈ । ਸਵਰਗੀ ਸ਼ਿਗਾਰਾ ਸਿੰਘ ਆਪਣੇ ਪਿੱਛੇ ਪਤਨੀ ਬਲਵਿੰਦਰ ਕੌਰ , ਪੁੱਤਰ ਅਮਨਦੀਪ ਸਿੰਘ ਜੇ ਈ ਪੁੱਡਾ ਅਤੇ ਹਰਦੀਪ ਸਿੰਘ ਯੂ ਕੇ ਸਮੇਤ ਹਰੀ ਭਰੀ ਫੁੱਲਵਾੜੀ ਛੱਡ ਗਏ ਹਨ।ਜਾਣਕਾਰੀ ਮੁਤਾਬਕ ਸਵਰਗੀ ਸ਼ਿਗਾਰਾ ਸਿੰਘ ਦੇਸ਼ ਦੀ ਸੇਵਾ ਵਿੱਚ ਯੋਗਦਾਨ ਪਾਉਣ ਲਈ 1 ਸਤੰਬਰ 1984 ਨੂੰ ਫੌਜ ਵਿੱਚ ਭਰਤੀ ਹੋਏ ਸਨ । ਉਨ੍ਹਾਂ ਨੇ ਸੰਨ 1999 ਵਿੱਚ ਦੇਸ਼ ਦੇ ਦੁਸ਼ਮਣਾ ਨਾਲ ਸੂਰਬੀਰਤਾ ਨਾਲ ਲੜਦੇ ਹੋਏ ਗੋਲਾਬਾਰੀ ਕਾਰਨ ਗੰਭੀਰ ਜ਼ਖ਼ਮੀ ਹੋਣ ਉਪਰੰਤ ਵੀ ਦੁਸ਼ਮਨਾਂ ਦੇ ਦੋ ਮੋਰਚੇ ਤੋੜ ਕੇ 18 ਦੇ ਕਰੀਬ ਅੱਤਵਾਦੀ ਢੇਰ ਕੀਤੇ ਸਨ। ਇਸ ਦੁੱਖ ਦੀ ਘੜੀ ਮੌਕੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਜੁਝਾਰ ਸਿੰਘ ਸਰਪੰਚ ਸਾਬਕਾ ਹੌਲਦਾਰ ਨਿਸ਼ਾਨ ਸਿੰਘ, ਬਲਬੀਰ ਸਿੰਘ, ਗੁਰਬਚਨ ਸਿੰਘ ਸਮੇਤ ਪੁੱਡਾ ਵਿਭਾਗ , ਜੇ ਡੀ ਏ ਜਲੰਧਰ ਦੇ ਅਧਿਕਾਰੀ, ਕਰਮਚਾਰੀ , ਰਿਸ਼ਤੇਦਾਰ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ। ਸਵਰਗੀ ਸ਼ਿਗਾਰਾ ਸਿੰਘ ਦੇ ਨਮਿਤ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਸੋਤਰਾ ਤਹਿਸੀਲ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ 31 ਜਨਵਰੀ 2025 ਦਿਨ ਸ਼ੁੱਕਰਵਾਰ ਨੂੰ ਦੁਪਹਿਰ 1ਵਜੇ ਤੋਂ 2 ਵਜੇ ਤੱਕ ਕੀਤੀ ਜਾਵੇਗੀ।

# ਸਰਕਾਰੀ ਸਕੀਮਾਂ ਦੀ ਕਿਸਾਨਾਂ ਨੂੰ ਦਿੱਤੀ ਜਾਵੇ ਵੱਧ ਤੋਂ ਵੱਧ ਜਾਣਕਾਰੀ : ਮੁੱਖ ਖੇਤੀਬਾੜੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਮੰਤਰੀ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਹਿੱਤ ਅਤੇ ਜਸਵੰਤ ਸਿੰਘ, ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੀ ਯੋਗ ਅਗਵਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨੀ ਹਿੱਤ ਵਿੱਚ ਕੀਤੇ ਜਾ ਰਹੇ ਕੰਮਾਂ ਦੀ ਪ੍ਰਗਤੀ ਵਾਚਣ ਲਈ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਮੂਹ ਖੇਤੀਬਾੜੀ ਅਧਿਕਾਰੀਆਂ ਦੀ ਮੀਟਿੰਗ ਡਾ. ਗੁਰਨਾਮ ਸਿੰਘ ਮੁੱਖ ਖੇਤੀਬਾੜੀ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਕਿਸਾਨੀ ਹਿੱਤ ਵਿੱਚ ਚਲਾਈਆਂ ਜਾ ਰਹੀਆਂ ਸਕੀਮਾਂ ਸਬੰਧੀ ਕਿਸਾਨਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਦੇਣ ਅਤੇ ਕਿਸਾਨਾਂ ਨੂੰ ਖੇਤੀ ਸਬੰਧੀ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਯੋਗ ਉਪਰਾਲੇ ਕੀਤੇ ਜਾਣ। ਕਿਸਾਨਾਂ ਨੂੰ ਮਿਆਰੀ ਖੇਤੀ ਇਨਪੁਟਸ ਮੁਹੱਈਆ ਕਰਵਾਉਣ ਹਿੱਤ ਸਮੇਂ-ਸਮੇਂ ਤੇ ਖੇਤੀ ਇਨਪੁਟਸ ਵਿਕਰੇਤਾਵਾਂ ਦੀ ਚੈਕਿੰਗ ਕੀਤੀ ਜਾਵੇ ਅਤੇ ਉਪਲਬਧਤਾ ਯਕੀਨੀ ਬਣਾਈ ਜਾਵੇ।ਮੀਟਿੰਗ ਦੌਰਾਨ ਉਨ੍ਹਾਂ ਵੱਲੋਂ ਹਾੜ੍ਹੀ ਦੀਆਂ ਫ਼ਸਲਾਂ ਖਾਸ ਕਰਕੇ ਕਣਕ ਦੀ ਫਸਲ ਦੀ ਤਾਜ਼ਾ ਸਥਿਤੀ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਗਈ, ਜਿਸ 'ਤੇ ਸਮੂਹ ਬਲਾਕ ਖੇਤੀਬਾੜੀ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅੰਦਰ ਇਸ ਸਮੇਂ ਕਣਕ ਦੇ ਖੇਤਾਂ ਦਾ ਲਗਾਤਾਰ ਸਰਵੇਖਣ ਕੀਤਾ ਜਾ ਰਿਹਾ ਹੈ ਅਤੇ ਇਸ ਸਮੇਂ ਕਣਕ ਦੀ ਫ਼ਸਲ ਦੀ ਹਾਲਤ ਠੀਕ ਹੈ ਅਤੇ ਕਿਸਾਨਾਂ ਨੂੰ ਪੀ.ਏ.ਯੂ ਲੁਧਿਆਣਾ ਦੀਆਂ ਸਿਫਾਰਸ਼ਾਂ ਅਨੁਸਾਰ ਕੀਟਨਾਸ਼ਕ ਸਪਰੇਆਂ ਅਤੇ ਖਾਦਾਂ ਦੀ ਸਿਫਾਰਸ਼ ਕੀਤੀ ਜਾ ਰਹੀ ਹੈ।ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਵੱਲੋਂ ਖੇਤੀਬਾੜੀ ਵਿਭਾਗ ਵਿੱਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਰੀਵਿਊ ਵੀ ਕੀਤਾ।



# ਬਾਬਾ ਸਾਹਿਬ ਦਾ ਬੁੱਤ ਤੋੜੇ ਜਾਣ ਦੇ ਵਿਰੋਧ 'ਚ ਵਾਲਮੀਕਿ ਮਜ਼ਬੀ ਸਿੱਖ ਮੋਰਚਾ ਤੇ ਬਹੁਜਨ ਮੁਕਤੀ ਪਾਰਟੀ ਵੱਲੋਂ ਰੋਸ ਪ੍ਰਦਰਸ਼ਨ

**ਭੁਲੱਥ, (ਮਨਪ੍ਰੀਤ ਸਿੰਘ )**

ਸਬ ਡਵੀਜ਼ਨ ਕਸਬਾ ਭੁਲੱਥ ਵਿਖੇ ਵਾਲਮੀਕ ਮਜ਼ਬੀ ਸਿੱਖ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਹਮੀਰਾ ਤੇ ਬਹੁਜਨ ਮੁਕਤੀ ਪਾਰਟੀ ਦੇ ਆਗੂ ਮਾਸਟਰ ਰਾਜਪਾਲ ਤੇ ਆਦਿਵਾਸੀ ਗੁਰੂ ਗਿਆਨ ਨਾਥ ਪੂਰਨ ਸੰਘਰਸ਼ ਦਲ ਦੇ ਆਗੂਆਂ ਦੀ ਅਗਵਾਈ 'ਚ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦਾ ਬੁੱਤ, ਜੋ ਅੰਮ੍ਰਿਤਸਰ ਦੇ ਸ਼ਹਿਰ ਦੇ ਵਿਰਾਸਤੀ ਮਾਰਗ ਵਿੱਚ ਸਥਿਤ ਸੀ, ਨੂੰ ਸ਼ਰਾਰਤੀ ਅਨਸਰ ਵੱਲੋਂ ਤੋੜਨ ਤੇ ਬੇਅਦਬੀ ਕਰਨ ਦੇ ਰੋਸ ਵਜੋਂ ਭੁਲੱਥ ਚੌਂਕ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ । ਇਸ ਮੌਕੇ ਵਾਲਮੀਕਿ ਮਜ਼ਬੀ ਸਿੱਖ ਮੋਰਚਾ ਪੰਜਾਬ ਦੇ ਪ੍ਰਧਾਨ ਮਹਿੰਦਰ ਸਿੰਘ ਹਮੀਰਾ ਤੇ ਮਾਸਟਰ ਰਾਜਪਾਲ ਬਹੁਜਨ ਮੁਕਤੀ ਪਾਰਟੀ ਦੇ ਆਗੂ ਨੇ ਕਿਹਾ ਕਿ ਡਾ: ਭੀਮ ਰਾਓ ਅੰਬੇਡਕਰ ਸੰਵਿਧਾਨ ਨਿਰਮਾਤਾ ਤੇ ਵਿਸ਼ਵ ਪ੍ਰਸਿੱਧ ਹਸਤੀ ਦੇ ਬੁੱਤ ਨਾਲ ਗਣਤੰਤਰ ਦਿਵਸ ਵਾਲੇ ਦਿਨ ਛੇੜ ਛਾੜ ਕਰਨਾ ਤੇ ਬੇਅਦਬੀ ਕਰਕੇ ਤੋੜਨਾ ਬਹੁਤ ਹੀ ਮੰਦਭਾਗੀ ਘਟਨਾ ਹੈ, ਜਿਸ ਨੂੰ ਅੰਬੇਡਕਰਵਾਦੀ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ । ਉਹਨਾਂ ਕਿਹਾ ਕਿ ਇਸ ਘਟਨਾ ਪਿੱਛੇ ਜਿਸ ਕਿਸੇ ਦਾ ਵੀ ਹੱਥ ਹੈ ਜਾਂ ਫਿਰ ਸੋਚੀ ਸਮਝੀ ਸਾਜਿਸ਼ ਹੈ, ਇਸ ਦੇ ਜਿੰਮੇਵਾਰ ਲੋਕਾਂ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ ।ਭੁਲੱਥ ਚੌਂਕ ਵਿੱਚ ਰੋਸ ਧਰਨਾ ਦੇਣ ਉਪਰੰਤ ਨਾਇਬ ਤਹਿਸੀਲਦਾਰ ਹਰਪ੍ਰੀਤ ਸਿੰਘ ਗਿੱਲ ਨੂੰ ਮੰਗ ਪੱਤਰ ਦਿੱਤਾ ਗਿਆ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਗੁਰਪ੍ਰੀਤ ਸਿੰਘ ਚੀਦਾ, ਡੈਮੋਕਰੇਟਿਕ ਭਾਰਤੀਯ ਲੋਕ ਦਲ ਦੇ ਰਾਸ਼ਟਰੀ ਪ੍ਰਧਾਨ ਗੁਰਮੁਖ ਸਿੰਘ ਖੋਸਲਾ, ਮਾਸਟਰ ਬੀਰ ਸਿੰਘ ਸਿੱਧੂ, ਸਰਪੰਚ ਗੁਰਨਾਮ ਸਿੰਘ ਕਾਦੂਪੁਰ ਵੱਲੋਂ ਸੰਬੋਧਨ ਕੀਤਾ ਗਿਆ। ਇਸ ਮੌਕੇ ਬਾਬਾ ਇੰਦਰਜੀਤ ਸਿੰਘ ਮਾਨਾ ਤਲਵੰਡੀ ਜਨਰਲ ਸਕੱਤਰ, ਗੁਰਦੇਵ ਸਿੰਘ ਨੂਰਪੁਰੀ ਜ਼ਿਲਾ ਵਾਈਸ ਪ੍ਰਧਾਨ, ਬਲਵਿੰਦਰ ਸਿੰਘ ਘਾਰੂ ਸਕੱਤਰ ਤੇ ਹੋਰ ਹਾਜ਼ਰ ਸਨ।ਇਸੇ ਤਰ੍ਹਾਂ ਬਸਪਾ ਆਗੂ ਤੇ ਹੋਰ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਹੈ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ । ਇਸ ਮੌਕੇ ਬਸਪਾ ਆਗੂ ਕੁਲਦੀਪ ਸਿੰਘ ਸਿੱਧੂ ਜ਼ਿਲ੍ਹਾ ਇੰਚਾਰਜ ਨੇ ਕਿਹਾ ਕਿ ਸ਼ਰਾਰਤੀ ਅਨਸਰ, ਚਾਹੇ ਕੋਈ ਵੀ ਹੋਵੇ, ਬਖ਼ਸ਼ਿਆ ਨਹੀਂ ਜਾਣਾ ਚਾਹੀਦਾ ।ਇਸ ਮੌਕੇ ਮਾਸਟਰ ਬੀਰ ਸਿੰਘ ਸਿੱਧੂ, ਬਸਪਾ ਆਗੂ ਸੁਖਦੇਵ ਸਿੰਘ ਬੱਬੀ ਪ੍ਰਧਾਨ ਵਿਧਾਨ ਸਭਾ ਹਲਕਾ ਭੁਲੱਥ, ਪ੍ਰਧਾਨ ਸੁਦੇਸ਼ ਕੁਮਾਰ ਸਿੱਧੂ ਬਸਪਾ ਸੈਕਟਰੀ ਭੁਲੱਥ, ਭੋਲਾ ਸਿੰਘ ਸਿੱਧੂ, ਸਤਵੰਤ ਸਿੰਘ ਸਿੱਧੂ, ਗੁਰਨਾਮ ਸਿੰਘ ਗਾਮਾ ਸਿੱਧੂ, ਅਮਰਦੀਪ ਸਿੰਘ ਗਿੱਲ, ਰਵੀ ਸਿੱਧੂ, ਮੁਨੀਸ਼ ਕੁਮਾਰ ਤੇ ਜਸਵੰਤ ਸਿੰਘ ਹਾਜ਼ਰ ਸਨ।




**UMMEED HOUSING FINANCE PVT. LTD**

Registered office at : Unit 2009-14,20th Floor, Magnum Global Park Golf Course Extension Road, Sect-58, Gurugram (Haryana)-122002

CIN: U64990HR2016PTC057984

**ਅੰਤਿਕਾ IV [(ਦੇਖੋ ਰੂਲ 8 (1)] ਕਬਜ਼ਾ ਨੋਟਿਸ**

ਜਦੋਂਕਿ ਨਿਮਨਹਸਤਾਖਰੀ 'ਸਕਿਊਰਿਟੀਜੇਸ਼ਨ ਐਂਡ ਰੀਕੰਸਟੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ (ਐਕਟ 2002 (54 ਆਫ 2002) ਅਧੀਨ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ (ਰੂਲ 3) ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਨੋਟਿਸ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਸੰਬੰਧਤ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਵਾਪਸ ਅਦਾ ਕਰਨ 'ਚ ਅਸਫਲ ਰਹੇ ਹਨ ਅਤੇ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਊਰਿਟੀ-ਇੰਟਰੈਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਆਮ ਤੌਰ 'ਤੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤੀ ਗਈ ਕੋਈ ਵੀ ਸੌਦੇਬਾਜ਼ੀ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਨੂੰ ਰਕਮ ਅਤੇ ਉਸ ਉੱਪਰ ਵਿਆਜ ਲਾਗਤਾਂ ਅਤੇ ਖਰਚਿਆਂ ਆਦਿ ਨੂੰ ਨਿਮਨਲਿਖਤ ਨਿਰਧਾਰਤ ਮਿਤੀਆਂ ਤੋਂ ਮੁਕੰਮਲ ਅਦਾਇਗੀ ਤੱਕ ਹੱਕਦਾਰ ਬਣਾਏਗੀ।

ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਵਿਵਸਥਾਵਾਂ ਅਧੀਨ ਸਕਿਓਰਡ ਐੱਸਟਸ ਨੂੰ ਗਿਰਵੀ ਰੱਖਣ ਲਈ ਦਿੱਤੇ ਗਏ ਸਮੇਂ ਵੱਲ ਦਿਵਾਉਂਦਾ ਹੈ।

ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ ਗਰੰਟਰਾਂ, ਸਕਿਉਰਟੀਜ਼, ਬਕਾਇਆ ਰਕਮਾਂ, ਡਿਮਾਂਡ ਨੋਟਿਸ ਸੈਕਸ਼ਨ 13 (2) ਅਧੀਨ ਭੇਜੇ ਗਏ ਹਨ ਅਤੇ ਇਸ ਅਧੀਨ ਦਾਅਵਾ ਕੀਤੀ ਗਈ ਰਕਮ ਅਤੇ ਕਬਜ਼ੇ ਦੀ ਮਿਤੀ ਹੇਠਾਂ ਦਰਸਾਏ ਅਨੁਸਾਰ ਹੈ :

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ, ਗਰੰਟਰ ਦਾ ਨਾਂਅ ਅਤੇ ਪਤਾ / ਕਰਜ਼ਾ ਖਾਤਾ ਨੰ. ਅਤੇ ਕਰਜ਼ਾ ਰਾਸ਼ੀ | ਡਿਮਾਂਡ ਨੋਟਿਸ ਦੀ ਮਿਤੀ / ਬਕਾਇਆ ਰਕਮ ਰੁਪਏ 'ਚ | ਸੰਕੇਤਕ ਕਬਜ਼ੇ ਦੀ ਮਿਤੀ |
|---|---|---|---|
| 1. | 1. ਜਗਵਿੰਦਰ ਸਿੰਘ ਪੁੱਤਰ ਪਰਗਟ ਸਿੰਘ (ਕਰਜ਼ਦਾਰ) 2. ਪਰਗਟ ਸਿੰਘ ਪੁੱਤਰ ਪਿਆਰਾ ਸਿੰਘ (ਸਹਿ-ਕਰਜ਼ਦਾਰ) 3. ਜਸਵਿੰਦਰ ਕੌਰ ਪਤਨੀ ਪਰਗਟ ਸਿੰਘ (ਸਹਿ-ਕਰਜ਼ਦਾਰ) ਉਪਰੋਕਤ ਸਾਰੇ ਵਾਸੀ ਮਲੌਦ, ਮਾਲੋਂ ਦੌਦ, ਨੇੜੇ ਗੁਰਦੁਆਰਾ ਸਾਹਿਬ ਲੁਧਿਆਣਾ, ਪੰਜਾਬ-141119 4. ਗੁਰਤੇਜ ਸਿੰਘ ਪੁੱਤਰ ਬਲਵੀਰ ਸਿੰਘ (ਗਰੰਟਰ) ਵਾਸੀ ਪਿੰਡ ਤੇ ਡਾਕਖਾਨਾ ਬੇਰ ਕਲਾਂ, ਨੇੜੇ ਗੁਰਦੁਆਰਾ ਸਾਹਿਬ, ਲੁਧਿਆਣਾ, ਪੰਜਾਬ-141119<br>ਕਰਜ਼ਾ ਖਾਤਾ ਨੰ. LXLUD03622-230019107 ਕਰਜ਼ਾ ਇਕਰਾਰਨਾਮੇ ਦੀ ਮਿਤੀ -31 ਅਗਸਤ 2022, ਕਰਜ਼ਾ ਰਾਸ਼ੀ ਰੁਪਏ 4,00,000/- | 13 ਨਵੰਬਰ 2024<br>ਰੁਪਏ 3,60,398/- (ਰੁਪਏ ਤਿੰਨ ਲੱਖ ਸੱਠ ਹਜ਼ਾਰ ਤਿੰਨ ਸੌ ਅਠਾਨਵੇਂ ਕੇਵਲ) ਮਿਤੀ 13 ਨਵੰਬਰ 2024 ਅਨੁਸਾਰ+ਮਿਤੀ 14 ਨਵੰਬਰ 2024 ਤੋਂ ਹੋਰ ਵਿਆਜ ਅਤੇ ਹੋਰ ਖਰਚੇ | 28 ਜਨਵਰੀ 2025 |
| | ਸਕਿਓਰਡ ਐੱਸਟਸ ਦੇ ਵੇਰਵੇ : ਜੋਗਿੰਦਰ ਸਿੰਘ ਦੇ ਪੱਖ 'ਚ ਟਰਾਂਸਫਰ ਡੀਡ ਵਸੀਕਾ ਨੰ. 2021-22/105/1/42 ਮਿਤੀ 16.04.2021 ਤਹਿਤ ਵਾਕਿਆ ਮਲੌਦ ਰੋਡ ਸਬ-ਤਹਿਸੀਲ ਮਲੌਦ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ, ਪੰਜਾਬ ਵਿਖੇ ਸਥਿਤ ਜਮ੍ਹਾਂਬੰਦੀ ਸਾਲ 2016-2017 ਅਨੁਸਾਰ ਖਸਰਾ ਨੰ. 10//8/1 (2-18), 9/1 (6-8), 10//27 (1-2), 22//17/1/1/1 (3-9), 22//16/1 (5-7), 21//21 (8-0), 37//1/1/1 (33), ਖੇਵਟ ਨੰ. 176/190, 218/233, 219/234, 227/242, 228/243 ਵਿੱਚ ਸ਼ਾਮਲ 1 ਕਨਾਲ 15.33 ਮਰਲੇ ਜਾਂ 1068.72 ਵਰਗ ਗਜ਼ ਪੈਮਾਇਸ਼ੀ ਜਾਇਦਾਦ ਦੇ ਸਾਰੇ ਹਿੱਸੇ। ਹੱਦਾਂ : ਪੂਰਬ : ਗਲੀ-41'-07", ਪੱਛਮ : ਲਵ ਦੀ ਖੇਤੀਬਾੜੀ ਜ਼ਮੀਨ, ਉੱਤਰ : ਚਮਕੌਰ ਸਿੰਘ, ਦੱਖਣ : ਗੁਰਮੇਲ ਸਿੰਘ। | | |
| 2. | (1) ਅਮਰਜੀਤ ਪੁੱਤਰ ਸ਼ਿਵ ਰਾਮ (ਕਰਜ਼ਦਾਰ) (2) ਰੋਸ਼ਨੀ ਦੇਵੀ ਪਤਨੀ ਅਮਰਜੀਤ (ਸਹਿ-ਕਰਜ਼ਦਾਰ) ਉਪਰੋਕਤ ਦੋਵੇਂ ਵਾਸੀ ਮਕਾਨ ਨੰ. 90, ਗਲੀ ਨੰ. 6, ਰੂਪ ਨਗਰ, ਧਾਂਦਰਾ ਰੋਡ, ਲੁਧਿਆਣਾ ਪੰਜਾਬ-141116 ਵਿਖੇ ਵੀ : ਗੁਰੂ ਕ੍ਰਿਪਾ ਕਰਿਆਨਾ ਸਟੋਰ, ਗਲੀ ਨੰ. 1, ਫਲਾਵਰ ਇਨਕਲੇਵ, ਗੁਰੂ ਅੰਗਦ ਦੇਵ ਨਗਰ, ਲੁਧਿਆਣਾ, ਪੰਜਾਬ-141116<br>ਕਰਜ਼ਾ ਖਾਤਾ ਨੰ. LXLUD01222-230022931 ਕਰਜ਼ਾ ਇਕਰਾਰਨਾਮੇ ਦੀ ਮਿਤੀ -28 ਫਰਵਰੀ 2023 ਕਰਜ਼ਾ ਰਾਸ਼ੀ ਰੁਪਏ 750000/- ਦੀ ਰਾਸ਼ੀ ਮਨਜ਼ੂਰ ਕੀਤੀ ਗਈ, ਪਰ ਰੁਪਏ 6,88,950/- ਦੀ ਰਕਮ ਅਦਾ ਕੀਤੀ ਗਈ। | 13 ਨਵੰਬਰ 2024<br>ਰੁਪਏ 7,31,879/- (ਰੁਪਏ ਸੱਤ ਲੱਖ ਇਕੱਤੀ ਹਜ਼ਾਰ ਅੱਠ ਸੌ ਉਨਾਸੀ ਕੇਵਲ) ਮਿਤੀ 13 ਨਵੰਬਰ 2024 ਅਨੁਸਾਰ +ਮਿਤੀ 14 ਨਵੰਬਰ 2024 ਤੋਂ ਹੋਰ ਵਿਆਜ ਅਤੇ ਹੋਰ ਖਰਚੇ | 28 ਜਨਵਰੀ 2025 |
| | ਸਕਿਓਰਡ ਐੱਸਟ ਦੇ ਵੇਰਵੇ : ਪਿੰਡ ਧਾਂਦਰਾ-ਲੀ, ਹਦਬਸਤ ਨੰ. 274 ਅਬਾਦੀ ਰੂਪ ਨਗਰ ਵਜੋਂ ਜਾਣੀ ਜਾਂਦੀ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2017-18 ਅਨੁਸਾਰ ਖਸਰਾ ਨੰ. 210-211-212 ਖਾਤਾ ਨੰ. 144/155 ਵਿੱਚ ਸ਼ਾਮਲ ਜਾਇਦਾਦ ਰਕਬਾ 62-1/2 ਵਰਗ ਗਜ਼ ਦੇ ਸਾਰੇ ਹਿੱਸੇ। ਹੱਦਾਂ : ਪੂਰਬ : 50 ਫੁੱਟ, ਪੱਛਮ : 50 ਫੁੱਟ, ਉੱਤਰ : ਗਲੀ, ਦੱਖਣ : 11 ਫੁੱਟ 3 ਇੰਚ | | |

ਮਿਤੀ : 30.01.2025 ਅਧਿਕਾਰਤ ਅਫਸਰ, ਸ੍ਰੀ ਗੌਰਵ ਤ੍ਰਿਪਾਠੀ ਮੋਬਾਇਲ-9650055701

ਸਥਾਨ : ਗੁਰੂਗ੍ਰਾਮ, ਹਰਿਆਣਾ ਉਮੀਦ ਹਾਊਸਿੰਗ ਫਾਇਨਾਂਸ ਪ੍ਰਾਈਵੇਟ ਲਿਮਿਟਡ



**ਨਵਾਂ ਜ਼ਮਾਨਾ** ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

30-Jan-PAGE-3.qxd 1/29/2025 9:05 PM Page 1



# ਹਜ਼ਾਰਾਂ ਪਰਚੇ ਵੰਡ ਕੇ ਸਰਕਾਰ ਦੀ ਵਾਅਦਾ-ਖਿਲਾਫ਼ੀ ਦਾ ਕਰਾਂਗੇ ਪਰਦਾਫਾਸ਼ : ਐੱਨ ਐੱਚ ਐੱਮ ਮੁਲਾਜ਼ਮ

**ਚੋਹਲਾ ਸਾਹਿਬ (ਰਮਨ ਚੱਢਾ)**

ਪੰਜਾਬ ਭਰ ਵਿੱਚ ਸਿਹਤ ਵਿਭਾਗ ਅਧੀਨ ਨੈਸ਼ਨਲ ਹੈਲਥ ਮਿਸ਼ਨ ਦੇ ਤਹਿਤ ਪਿਛਲੇ 18 ਸਾਲਾਂ ਤੋਂ ਬਹੁਤ ਹੀ ਨਿਗੂਣੀਆਂ ਤਨਖਾਹਾਂ ਉੱਤੇ ਕੰਮ ਕਰਦੇ 9200 ਦੇ ਕਰੀਬ ਮੈਡੀਕਲ, ਪੈਰਾ ਮੈਡੀਕਲ ਅਤੇ ਦਫਤਰੀ ਕਰਮਚਾਰੀ ਠੇਕਾ ਪ੍ਰਥਾ ਦਾ ਸ਼ਿਕਾਰ ਹੋ ਰਹੇ ਹਨ, ਪ੍ਰੰਤੂ ਪਿਛਲੇ ਤਿੰਨ ਸਾਲਾਂ ਤੋਂ ਐੱਨਐੱਚਐੱਮ ਇੰਪਲਾਈਜ਼ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀਆਂ ਪੰਜਾਬ ਸਰਕਾਰ ਨਾਲ ਹੋਈਆਂ 28 ਮੀਟਿੰਗਾਂ ਸਿਰਫ ਜ਼ੁਬਾਨੀ ਲਾਰੇਬਾਜ਼ੀ ਸਾਬਿਤ ਹੋਈਆਂ। ਇਸ ਪੋਲ ਖੋਲ੍ਹ ਪ੍ਰਚਾਰ ਲਈ ਜ਼ਿਲ੍ਹਾ ਫਿਰੋਜ਼ਪੁਰ ਦੇ ਐੱਨਐੱਚਐੱਮ ਕਰਮਚਾਰੀਆਂ ਨੇ ਤਿਆਰੀ ਸਬੰਧੀ ਮੀਟਿੰਗ ਕੀਤੀ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਐੱਨਐੱਚਐੱਮ ਇੰਪਲਾਈਜ਼ ਯੂਨੀਅਨ ਸੀਐੱਚਸੀ ਫਿਰੋਜ਼ਸ਼ਾਹ ਦੇ ਪ੍ਰਧਾਨ ਡਾ. ਗੁਰਬਚਨ ਸਿੰਘ ਰੋਮਾਣਾ ਨੇ ਪੰਜਾਬ ਸਰਕਾਰ 'ਤੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਲਗਭਗ ਤਿੰਨ ਸਾਲ ਦਾ ਸਮਾਂ ਬੀਤ ਜਾਣ 'ਤੇ ਵੀ ਪੰਜਾਬ ਸਰਕਾਰ ਵੱਲੋਂ ਨੈਸ਼ਨਲ ਮਿਸ਼ਨ ਦੇ ਕਰਮਚਾਰੀਆਂ ਦੀ ਕੋਈ ਵੀ ਜਾਇਜ਼ ਮੰਗ ਪੂਰੀ ਨਹੀਂ ਕੀਤੀ, ਜਿਸ ਕਰਕੇ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਦੇ ਰੋਸ ਵਜੋਂ ਐੱਨਐੱਚਐੱਮ ਵੱਲੋਂ ਫਰਵਰੀ ਮਹੀਨੇ ਵਿੱਚ ਹੋਣ ਵਾਲੀਆ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਪੰਜਾਬ ਸਰਕਾਰ ਦਾ ਵਿਰੋਧ ਕਰਦੇ ਹੋਏ ਪੋਲ ਖੋਲ੍ਹ ਰੈਲੀਆਂ ਕਰਕੇ ਪਰਚੇ ਵੰਡੇ ਜਾਣਗੇ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੀ ਲੜੀ ਦੇ ਪਹਿਲੇ ਪੜਾਅ ਤੇ ਮਿਤੀ 01 ਫ਼ਰਵਰੀ ਅਤੇ 2 ਫਰਵਰੀ 2025 ਨੂੰ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਵਿਧਾਨ ਸਭਾ ਹਲਕਾ ਨਵੀਂ ਦਿੱਲੀ ਤੋਂ ਪੋਲ ਖੋਲ੍ਹ ਪ੍ਰਚਾਰ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਸੀਨੀਅਰ ਆਗੂ ਸੁਮਿਤ ਕੁਮਾਰ ਨੇ ਕਿਹਾ ਕਿ ਐੱਨਐੱਚਐੱਮ ਕਰਮਚਾਰੀਆ ਦੀਆ ਮੁੱਖ ਮੰਗਾਂ ਵਿੱਚ ਰੈਗੂਲਰਾਈਜੇਸ਼ਨ, ਮੌਜੂਦਾ ਤਨਖਾਹਾਂ ਵਿੱਚ ਵਾਧਾ ਕਰਨਾ, ਲਾਇਲਟੀ ਬੋਨਸ, ਲੀਵ ਪਾਲਿਸੀ ਤਹਿਤ ਕਮਾਈ ਛੁੱਟੀ, ਗ੍ਰੈਚੂਇਟੀ ਆਦਿ ਹਨ। ਉਨ੍ਹਾਂ ਕਿਹਾ ਕਿ ਨੈਸ਼ਨਲ ਹੈਲਥ ਮਿਸ਼ਨ ਅਧੀਨ ਕੰਮ ਕਰਦੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਜਲਦ ਤੋਂ ਜਲਦ ਪੂਰੀਆਂ ਕਰਕੇ ਬਣਦਾ ਮਾਣ ਸਨਮਾਨ ਬਹਾਲ ਕੀਤਾ ਜਾਵੇ ਪਰੰਤੂ ਪੰਜਾਬ ਸਰਕਾਰ ਜਾਇਜ਼ ਮੰਗਾ ਹੱਲ ਕਰਨ ਦੀ ਥਾਂ ਯੂਨੀਅਨ ਆਗੂਆ ਨਾਲ ਪੈਨਲ ਮੀਟਿੰਗ ਕਰਨ ਤੇ ਭੱਜਦੀ ਦਿਖਾਈ ਦੇ ਰਹੀ ਹੈ, ਜਿਸ ਕਰਕੇ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਮੁਕੇਸ਼ ਕੁਮਾਰ, ਹਰਜਿੰਦਰ ਸਿੰਘ, ਜਗਜੀਤ ਸਿੰਘ, ਸ਼ਮਿੰਦਰ ਕੌਰ, ਸਤਿੰਦਰ ਕੌਰ, ਸੁਰਿੰਦਰ ਕੌਰ, ਅਮਨਦੀਪ ਕੌਰ ਆਦਿ ਹਾਜ਼ਰ ਸਨ।



# ਜਥੇਦਾਰ ਕੁਲਵੰਤ ਸਿੰਘ ਹਜ਼ੂਰ ਸਾਹਿਬ ਨੂੰ ਜਥੇ. ਜਸਵਿੰਦਰ ਸਿੰਘ ਜੱਸੀ ਯੂ ਐੱਸ ਏ ਨੇ ਦਿੱਤੀ ਵਧਾਈ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**–ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਯੂਐੱਸਏ ਇਕਾਈ ਦੇ ਇੰਚਾਰਜ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਜਸਵਿੰਦਰ ਸਿੰਘ ਜੱਸੀ ਯੂਐੱਸਏ ਨੇ ਪ੍ਰੈੱਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਦੱਸਿਆ ਕਿ ਬੀਤੇ ਦਿਨ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਮਹਾਂਰਾਸ਼ਟਰ ਵਿਖੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਵੱਲੋਂ ਨਿਰੰਤਰ 25 ਸਾਲ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਸਥਾਨ ਸੱਚਖੰਡ ਸੁੱਖਆਸਨ ਸਾਹਿਬ ਜੀ ਦੀ ਨਿਰੰਤਰ ਸੇਵਾ ਨਿਭਾਉਣ ਤੇ ਸਨਮਾਨ ਤੇ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਜੀ 96 ਕਰੋੜੀ ਵੱਲੋਂ ਜਥੇਦਾਰ ਕੁਲਵੰਤ ਸਿੰਘ ਨੂੰ ਸੁੰਦਰ ਕਿਰਪਾਨ, ਸਿਰਪਾਓ, ਲੋਈ ਅਤੇ ਗੋਲਡ ਮੈਡਲ ਖੰਡੇ ਦੇ ਰੂਪ ਵਿੱਚ ਦਸਤਾਰ ਉਪਰ ਸਜਾ ਕੇ ਸਨਮਾਨਿਤ ਕੀਤਾ ਗਿਆ। ਜਸਵਿੰਦਰ ਸਿੰਘ ਜੱਸੀ ਨੇ ਜਥੇਦਾਰ ਕੁਲਵੰਤ ਸਿੰਘ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਅਪਾਰ ਬਖਸ਼ਿਸ਼ ਸਦਕਾ ਸਾਨੂੰ ਵੀ ਇਸ ਸ਼ੁਕਰਾਨਾ ਸਮਾਗਮ ਵਿੱਚ ਹਾਜ਼ਰੀਆਂ ਭਰਨ ਦਾ ਮੌਕਾ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਸਮੂਹ ਗੁਰੂ ਨਾਨਕ ਲੇਵਾ ਸੰਗਤਾਂ ਵੀ ਵਧਾਈ ਦੀਆਂ ਪਾਤਰ ਹਨ ਜਿਨ੍ਹਾਂ ਨੂੰ ਐਸੀਆਂ ਰੱਬ ਵਰਗੀਆਂ ਰੂਹਾਂ ਦੇ ਦਰਸ਼ਨ ਕਰਨ ਅਤੇ ਇਨ੍ਹਾਂ ਰੂਹਾਂ ਦੀਆਂ ਸੇਵਾਵਾਂ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਮੈਂ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦਾ ਹਾਂ ਕਿ ਜਥੇਦਾਰ ਕੁਲਵੰਤ ਸਿੰਘ ਨੂੰ ਹਮੇਸ਼ਾ ਤੰਦਰੁਸਤੀ ਬਖਸ਼ਣ ਅਤੇ ਸਦਾ ਚੜ੍ਹਦੀ ਕਲਾ ਵਿੱਚ ਰਹਿਣ ਅਤੇ ਖਾਲਸਾ ਪੰਥ ਦੇ ਗੁਰਧਾਮਾਂ ਦੀਆਂ ਸੇਵਾਵਾਂ ਨਿਭਾਉਂਦੇ ਰਹਿਣ।



# ਨਗਰ ਨਿਗਮ ਦੇ ਸਾਰੇ ਵਾਰਡਾਂ ਲਈ ਬਿਨਾਂ ਕਿਸੇ ਭੇਦਭਾਵ ਤੇ ਪੱਖਪਾਤ ਤੋਂ ਕਰਾਂਗੇ ਕੰਮ : ਜਤਿੰਦਰ ਭਾਟੀਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਅੰਮ੍ਰਿਤਸਰ ਦੇ ਨਵੇਂ ਚੁਣੇ ਗਏ ਮੇਅਰ ਜਤਿੰਦਰ ਸਿੰਘ ਮੋਤੀਆ ਭਾਟੀਆ ਨੇ ਮੰਗਲਵਾਰ ਨੂੰ ਮੰਤਰੀ ਕੁਲਦੀਪ ਧਾਲੀਵਾਲ ਦੀ ਹਾਜ਼ਰੀ ਵਿੱਚ ਨਗਰ ਨਿਗਮ ਦੇ ਮੇਅਰ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ ਪਾਰਟੀ ਦੇ ਕਈ ਸਥਾਨਕ ਆਗੂ ਅਤੇ ਵਿਧਾਇਕ ਵੀ ਮੌਜੂਦ ਸਨ। ਮੰਤਰੀ ਕੁਲਦੀਪ ਧਾਲੀਵਾਲ ਨੇ ਇੱਥੇ ਮੇਅਰ ਜਤਿੰਦਰ ਭਾਟੀਆ ਨਾਲ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ। ਧਾਲੀਵਾਲ ਨੇ ਕਿਹਾ ਕਿ ਅੱਜ ਅੰਮ੍ਰਿਤਸਰ ਲਈ ਬਹੁਤ ਹੀ ਇਤਿਹਾਸਕ ਦਿਨ ਹੈ। ਇਹ ਆਮ ਆਦਮੀ ਪਾਰਟੀ ਲਈ ਵੀ ਬਹੁਤ ਮਾਣ ਵਾਲੀ ਗੱਲ ਹੈ। ਧਾਲੀਵਾਲ ਨੇ ਕਿਹਾ ਕਿ ਸ਼ਹਿਰ ਦੇ ਜਿੰਨੇ ਵੀ ਮਸਲੇ ਹਨ ਉਨ੍ਹਾਂ ਨੂੰ ਹੱਲ ਕਰਾਂਗੇ ਅਤੇ ਸ਼ਹਿਰ ਵਾਸੀਆਂ ਨੂੰ ਕੋਈ ਵੀ ਮੁਸ਼ਕਿਲ ਨਹੀਂ ਆਉਣ ਦੇਵਾਂਗੇ। ਸ਼ਹਿਰ ਦੇ ਕੰਮ ਅਤੇ ਵਿਕਾਸ ਸਾਡੀ ਪਹਿਲ ਹੋਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਪਿਛਲੇ ਕਈ ਮਹੀਨਿਆਂ ਤੋਂ ਡਰਾਮਾ ਕਰ ਰਹੀ ਹੈ। ਉਸ ਕੋਲ ਕੋਈ ਮੁੱਦਾ ਨਹੀਂ ਹੈ। ਜੇਕਰ ਕਾਂਗਰਸ ਦਾ ਮੇਅਰ ਬਣ ਜਾਵੇ ਤਾਂ ਲੋਕਤੰਤਰ ਬਹੁਤ ਚੰਗਾ ਹੈ, ਨਹੀਂ ਤਾਂ ਕਹਿੰਦੇ ਹਨ ਕਿ ਲੋਕਤੰਤਰ ਦਾ ਕਤਲ ਹੋਇਆ ਹੈ। ਅੰਮ੍ਰਿਤਸਰ ਇੱਕ ਪਰਿਵਾਰ ਦੀ ਜਾਗੀਰ ਨਹੀਂ ਹੈ। ਅੰਮ੍ਰਿਤਸਰ ਲੋਕਾਂ ਦਾ ਹੈ ਅਤੇ ਅੰਮ੍ਰਿਤਸਰ ਦੇ ਲੋਕ ਆਪਣੀ ਮਰਜ਼ੀ ਮੁਤਾਬਕ ਮੇਅਰ ਦੀ ਚੋਣ ਕਰ ਸਕਦੇ ਹਨ। ਪਿਛਲੇ 75 ਸਾਲਾਂ 'ਚ ਕਾਂਗਰਸ ਨੇ ਪੰਜਾਬ ਦਾ ਬੁਰਾ ਹਾਲ ਕਰ ਦਿੱਤਾ ਹੈ। ਜਿਸ ਤਰ੍ਹਾਂ ਲੋਕਾਂ ਦਾ ਸ਼ਰੇਆਮ ਕਤਲ ਕੀਤਾ ਗਿਆ, ਝੂਠੇ ਪਰਚੇ ਕੀਤੇ ਗਏ, ਕਾਂਗਰਸ ਦੇ ਰਾਜ ਦੌਰਾਨ ਦਰਬਾਰ ਸਾਹਿਬ 'ਤੇ ਹਮਲਾ ਹੋਇਆ, ਉਸ ਸਮੇਂ ਉਨ੍ਹਾਂ ਨੂੰ ਲੋਕਤੰਤਰ ਨਹੀਂ ਦਿਖਿਆ? ਉਹ ਮੇਅਰ ਚੋਣਾਂ ਨੂੰ ਲੈ ਕੇ ਝੂਠੀਆਂ ਅਫਵਾਹਾਂ ਫੈਲਾ ਰਹੇ ਹਨ। ਮੇਅਰ ਜਤਿੰਦਰ ਸਿੰਘ ਭਾਟੀਆ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪਾਰਟੀ ਲੀਡਰਸ਼ਿਪ ਅਤੇ ਸਮੂਹ ਕੌਂਸਲਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਮੇਰੇ ਲਈ ਬੜੇ ਭਾਗਾਂ ਵਾਲੀ ਗੱਲ ਹੈ ਕਿ ਮੈਨੂੰ ਗੁਰੂ ਨਗਰੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਦੇ ਸਾਰੇ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ। ਅਸੀਂ ਨਗਰ ਨਿਗਮ ਦੇ ਸਾਰੇ 85 ਵਾਰਡਾਂ ਲਈ ਬਿਨਾਂ ਕਿਸੇ ਭੇਦਭਾਵ ਅਤੇ ਪੱਖਪਾਤ ਦੇ ਕੰਮ ਕਰਾਂਗੇ। ਸਾਰੇ ਲੋਕ ਸਾਡੇ ਹਨ ਅਤੇ ਅਸੀਂ ਵੀ ਸਭ ਦੇ ਹਾਂ। ਕੰਮ ਦੇ ਮਾਮਲਿਆਂ ਵਿੱਚ ਕੋਈ ਭੇਦਭਾਵ ਨਹੀਂ ਹੋਵੇਗਾ। ਸਾਰੇ ਵਾਰਡਾਂ ਨੂੰ ਲੋੜੀਂਦੇ ਫੰਡ ਦਿੱਤੇ ਜਾਣਗੇ।



# ਬਾਬਾ ਸਾਹਿਬ ਅੰਬੇਡਕਰ ਦੇ ਬੁੱਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ : ਡਿਪਟੀ ਕਮਿਸ਼ਨਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਸ਼ਰਾਰਤੀ ਅਨਸਰ ਵੱਲੋਂ ਨੁਕਸਾਨ ਪਹੁੰਚਾਉਣ ਦੀ ਕੀਤੀ ਗਈ ਕੋਸ਼ਿਸ਼ ਮਗਰੋਂ ਅੱਜ ਜਥੇਬੰਦੀਆਂ ਦੇ ਵਫਦ ਨਾਲ ਗੱਲਬਾਤ ਕਰਦੇ ਹੋਏ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਜ਼ਿਲੇ ਵਿੱਚ ਲੱਗੇ ਬਾਬਾ ਸਾਹਿਬ ਦੇ ਬੁੱਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਜਿੱਥੇ ਵੀ ਉਨ੍ਹਾਂ ਦਾ ਬੁੱਤ ਲੱਗਾ ਹੈ, ਦੀ ਸੂਚੀ ਤਿਆਰ ਕਰਕੇ ਉਸ ਅਨੁਸਾਰ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਇਸ ਮੌਕੇ ਜਥੇਬੰਦੀਆਂ ਦੀ ਮੰਗ ਉੱਤੇ ਜ਼ਿਲਾ ਪ੍ਰਬੰਧਕੀ ਕੰਪਲੈਕਸ ਅੰਮ੍ਰਿਤਸਰ ਵਿਖੇ ਵੀ ਡਾਕਟਰ ਭੀਮ ਰਾਓ ਅੰਬੇਡਕਰ ਦਾ ਬੁੱਤ ਲਗਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੋਵੇਗੀ ਕਿ ਸਕੂਲਾਂ ਤੇ ਕਾਲਜਾਂ ਵਿੱਚ ਬੱਚਿਆਂ ਨੂੰ ਭਾਰਤੀ ਸੰਵਿਧਾਨ ਦੀ ਮਹੱਤਤਾ ਅਤੇ ਉਹਨਾਂ ਨੂੰ ਲਿਖਣ ਵਾਲੇ ਡਾਕਟਰ ਅੰਬੇਡਕਰ ਦੇ ਜੀਵਨ ਅਤੇ ਫਲਸਫੇ ਤੋਂ ਨਵੀਂ ਪੀੜੀ ਨੂੰ ਜਾਣੂ ਕਰਵਾਇਆ ਜਾਵੇ ਤਾਂ ਜੋ ਨਵੀਂ ਪੀੜੀ ਵੀ ਉਨਾਂ ਦੀ ਸੰਘਰਸ਼ਮਈ ਜ਼ਿੰਦਗੀ ਅਤੇ ਉਸਾਰੂ ਸੋਚ ਤੋਂ ਜਾਣੂ ਹੋ ਸਕੇ। ਉਨ੍ਹਾਂ ਦੱਸਿਆ ਕਿ ਅਸੀਂ ਵਿਰਾਸਤੀ ਮਾਰਗ ਉੱਤੇ ਸਥਿਤ ਬੁੱਤ ਨੂੰ ਟਫਨ ਗਲਾਸ ਨਾਲ ਕਵਰ ਕਰਾਂਗੇ ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਨਾ ਵਾਪਰੇ ਅਤੇ ਇਸ ਤੋਂ ਇਲਾਵਾ ਉਕਤ ਬੁੱਤ ਨੂੰ ਆਸਾਨੀ ਨਾਲ ਪੌੜੀ ਲਗਾਏ ਜਾ ਸਕਣ ਦੀਆਂ ਸੰਭਾਵਨਾ ਨੂੰ ਵੀ ਖਤਮ ਕੀਤਾ ਜਾਵੇਗਾ। ਇਸ ਮੌਕੇ ਵਫਦ ਨਾਲ ਗੱਲਬਾਤ ਕਰਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਭਰੋਸਾ ਦਿੱਤਾ ਕਿ ਕਥਿਤ ਦੋਸ਼ੀ ਵਿਅਕਤੀ ਵਿਰੁੱਧ ਪੁਲਸ ਕੇਸ ਦਰਜ ਹੋਣ ਤੋਂ ਬਾਅਦ ਉਸ ਕੋਲੋਂ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਉਸ ਦੇ ਮੋਬਾਈਲ ਫੋਨ ਜ਼ਰੀਏ ਸਾਰੀ ਸਾਜ਼ਿਸ਼ ਦਾ ਪਤਾ ਲਗਾਉਣ ਲਈ ਟੀਮ ਕੰਮ ਕਰ ਰਹੀ। ਸੁਰੱਖਿਆ ਦੇ ਪੱਖ ਤੋਂ ਬੁੱਤ ਨੂੰ ਸੀਸੀਟੀਵੀ ਕੈਮਰੇ ਅਤੇ ਲਾਈਟਾਂ ਨਾਲ ਕਵਰ ਕੀਤਾ ਜਾ ਰਿਹਾ ਹੈ। ਇਸ ਮੌਕੇ ਕਮਿਸ਼ਨਰ ਨਗਰ ਨਿਗਮ ਗੁਲਪ੍ਰੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਜੋਤੀ ਬਾਲਾ, ਐੱਸ. ਡੀ. ਐੱਮ. ਮਨਕੰਵਲ ਸਿੰਘ ਚਾਹਲ, ਐੱਸ. ਡੀ. ਐੱਮ. ਮਜੀਠਾ ਮੈਡਮ ਸੋਨਮ, ਐੱਸ. ਡੀ. ਐੱਮ. ਬਾਬਾ ਬਕਾਲਾ ਅਮਨਦੀਪ ਸਿੰਘ, ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਪੱਲਵ ਸ੍ਰੇਸ਼ਠਾ, ਓਮ ਪ੍ਰਕਾਸ਼ ਗੱਬਰ, ਕੁਮਾਰ ਦਰਸ਼ਨ, ਐਡਵੋਕੇਟ ਨਰੇਸ਼ ਗਿੱਲ, ਰਜਿੰਦਰ ਟੋਨਾ, ਹੈਪੀ ਭੀਲ, ਐਡਵੋਕੇਟ ਅਨਿਲ ਕੁਮਾਰ ਚੀਮਾ, ਐਡਵੋਕੇਟ ਗੁਰਜੀਤ ਸਿੰਘ, ਪ੍ਰੀਤ ਪਾਲ ਸਿੰਘ ਸਹੋਤਾ, ਪਰਮਪ੍ਰੀਤ ਸਿੰਘ, ਅੰਕੁਸ਼ ਗਿੱਲ, ਦੀਪਕ ਕੁਮਾਰ, ਸ਼ਕਤੀ ਕਲਿਆਣ, ਯੁੱਧਵੀਰ ਸਿੰਘ, ਸੋਨੂੰ ਨਾਹਰ, ਸੁਮਿਤ ਕਾਲੀ, ਸੁਖਪਾਲ ਸਿੰਘ, ਕੇਵਲ ਅਟਵਾਲ, ਅਮਨ ਤੋਂ ਇਲਾਵਾਂ ਵੱਡੀ ਗਿਣਤੀ ਵਿੱਚ ਭਾਈਚਾਰੇ ਦੇ ਪ੍ਰਮੁੱਖ ਵਿਅਕਤੀ ਹਾਜ਼ਰ ਸਨ।

# ਫਰੀਡਮ ਫਾਈਟਰ ਸਮਾਰਕ ਲਾਧੂਪੁਰ ਵਿਖੇ ਗਣਤੰਤਰ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ

**ਧਾਰੀਵਾਲ/ਕਹਨੂੰਵਾਨ, (ਮਨਦੀਪ ਸਿੰਘ ਵਿੱਕੀ)**

ਫਰੀਡਮ ਫਾਈਟਰ ਸਮਾਰਕ ਲਾਧੂਪੁਰ ਵਿਖੇ ਫਰੀਡਮ ਫਾਈਟਰ ਪਰਿਵਾਰਾਂ ਇਲਾਕਾ ਨਿਵਾਸੀਆਂ ਵਲੋਂ ਮਿਲ ਕੇ 26 ਜਨਵਰੀ ਨੂੰ 76ਵਾਂ ਗਣਤੰਤਰ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪਿੰਡ ਲਾਧੂਪੁਰ ਤੇ ਨੰਬਰਦਾਰ ਜ਼ੋਰਾਵਰ ਸਿੰਘ ਤੇ ਕਾਹਨੂੰਵਾਨ ਦੇ ਨੰਬਰਦਾਰ ਕਸਮੀਰ ਸਿੰਘ ਵਲੋਂ ਸਾਂਝੇ ਤੌਰ 'ਤੇ ਝੰਡਾ ਲਹਿਰਾਉਣ ਰਸਮ ਅਦਾ ਕੀਤੀ ਗਈ। ਇਸ ਮੌਕੇ ਫਰੀਡਮ ਫਾਈਟਰ ਫੈਮਿਲੀ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਖਤਾਵਰ ਸਿੰਘ ਲਾਧੂਪੁਰ ਅਤੇ ਗੁਰਦੁਆਰਾ ਬਦਈਆ (ਬਹਿਰੀਨ) ਦੇ ਪ੍ਰਧਾਨ ਜਗੀਰ ਸਿੰਘ ਨੇ ਗਣਤੰਤਰ ਦਿਵਸ ਸਬੰਧੀ ਵਿਸਥਾਰ ਵਿੱਚ ਆਪਣੇ ਵਿਚਾਰ ਰੱਖੇ। ਇਸ ਮੌਕੇ ਪੰਚਾਇਤ ਮੈਂਬਰ ਹਰਜੀਤ ਸਿੰਘ ਲਾਧੂਪੁਰ ਤੋਂ ਇਲਾਵਾ ਤ੍ਰਲੈਪ ਕੌਰ, ਬਿਮਲਪ੍ਰੀਤ ਕੌਰ, ਕੈਪਟਨ ਦੀਪ ਚੰਦ, ਨੰਬਰਦਾਰ ਖਜੂਰ ਸਿੰਘ ਝੰਡਾ ਗੁੱਜਰਾਂ, ਦਰਸ਼ਨ ਸਿੰਘ ਦਤਾਰਪੁਰ, ਕੁਲਵੰਤ ਸਿੰਘ, ਰਵਿੰਦਰ ਸਿੰਘ, ਅਰਵਿੰਦਰ ਸਿੰਘ, ਪ੍ਰਭਪ੍ਰੀਤ ਕੌਰ, ਸਤਨਾਮ ਸਿੰਘ ਮੇਹੜੇ, ਜਸਵੀਰ ਸਿੰਘ ਨਾਨੋਵਾਲ, ਜੋਗਿੰਦਰ ਸਿੰਘ ਜਾਗੋਵਾਲ, ਹਰਪਾਲ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।



# ਗਣਤੰਤਰ ਦਿਵਸ ਮੌਕੇ ਐੱਸ ਐੱਮ ਓ ਡਾ. ਹਰਪਾਲ ਸਿੰਘ ਸਨਮਾਨਿਤ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਸਬ ਡਵੀਜ਼ਨ ਡੇਰਾ ਬਾਬਾ ਨਾਨਕ ਵਿਖੇ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਐੱਸਡੀਐੱਮ ਰਾਜਪਾਲ ਸਿੰਘ ਸੇਖੋਂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਿਨ੍ਹਾਂ ਵੱਲੋਂ ਕੌਮੀ ਝੰਡਾ ਲਹਿਰਾਇਆ ਗਿਆ ਤੇ ਪਰੇਡ ਤੋਂ ਸਲਾਮੀ ਲਈ ਗਈ।ਇਸ ਮੌਕੇ ਐੱਸਡੀਐੱਮ ਰਾਜਪਾਲ ਸਿੰਘ ਸੇਖੋਂ ਵੱਲੋਂ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਵਿਖੇ ਤਾਇਨਾਤ ਸੀਨੀਅਰ ਮੈਡੀਕਲ ਅਫਸਰ ਡਾ. ਹਰਪਾਲ ਸਿੰਘ ਨੂੰ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਵਿੱਚ ਇਲਾਕੇ ਦੇ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਦੇਣ ਬਦਲੇ ਸਨਮਾਨ ਚਿੰਨ੍ਹ ਤੇ ਪ੍ਰਸੰਸਾ ਪੱਤਰ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਐੱਸਡੀਐੱਮ ਰਾਜਪਾਲ ਸਿੰਘ ਸੇਖੋਂ, ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਡੀ. ਐੱਸ. ਪੀ. ਰਿਪੁਤਾਪਨ ਸਿੰਘ, ਮੈਡੀਕਲ ਅਫਸਰ ਡਾ. ਜਤਿੰਦਰ ਸਿੰਘ, ਮੈਡੀਕਲ ਅਫਸਰ ਡਾ. ਪ੍ਰਗਤੀ ਸਿੰਘ, ਨਾਇਬ ਤਹਿਸੀਲਦਾਰ ਅਰਮਾਨਦੀਪ ਸਿੰਘ, ਰੀਡਰ ਸਰਬਜੀਤ ਸਿੰਘ, ਆਰ. ਸੀ. ਪਰਮਜੀਤ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸਰਪੰਚ ਗਗਨਦੀਪ ਸਿੰਘ ਵੱਲੋਂ ਪਿੰਡ ਨਿਮਾਣੇ 'ਚ ਵਿਕਾਸ ਦੇ ਕਾਰਜ ਸ਼ੁਰੂ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਪਿੰਡ ਦੇ ਅੰਦਰ ਬਿਨਾਂ ਪੱਖਪਾਤ ਤੋਂ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਦੇ ਵਿਕਾਸ ਕਰਵਾਏ ਜਾਣਗੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਪੈਂਦੇ ਪਿੰਡ ਨਿਮਾਣੇ ਦੇ ਵਿੱਚ ਸਰਪੰਚ ਗਗਨਦੀਪ ਸਿੰਘ ਦੇ ਵੱਲੋਂ ਪਿੰਡ ਦੇ ਅੰਦਰ ਵਿਕਾਸ ਕਾਰਜ ਸ਼ੁਰੂ ਕਰਵਾਉਣ ਉਪਰੰਤ ਕੀਤਾ ਗਿਆ।ਗੱਲਬਾਤ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਪਿੰਡ ਦੇ ਮਸੀਹ ਭਾਈਚਾਰੇ ਦੇ ਲੋਕਾਂ ਦੀ ਮੰਗ ਸੀ ਕਿ ਕਬਰਿਸਤਾਨ ਦੀ ਚਾਰਦਿਵਾਰੀ ਕਰਵਾਈ ਜਾਵੇ। ਇਸ ਮੰਗ ਨੂੰ ਪੂਰਾ ਕਰਦਿਆਂ ਪਿੰਡ ਦੇ ਮਸੀਹ ਭਾਈਚਾਰੇ ਦੇ ਕਬਰਿਸਤਾਨ ਦੀ ਚਾਰਦਿਵਾਰੀ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਕਿਸੇ ਵੀ ਪਿੰਡ ਵਾਸੀ ਦਾ ਕੋਈ ਵੀ ਕੰਮ ਹੈ ਉਸ ਨੂੰ ਆਪਣਾ ਕੰਮ ਸਮਝ ਕੇ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਜਿਹੜੇ ਵੀ ਕੰਮ ਹੋਣ ਵਾਲੇ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਹਨ ਉਨ੍ਹਾਂ ਨੂੰ ਪਹਿਲ ਦਿੰਦਿਆਂ ਹੱਲ ਕੀਤਾ ਜਾਵੇਗਾ।ਵਿਕਾਸ ਕਾਰਜਾਂ ਵਿੱਚ ਕੋਈ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਹਰ ਪੱਖ ਤੋਂ ਪਿੰਡ ਦੇ ਸੁੰਦਰੀਕਰਨ ਲਈ ਯਤਨ ਕੀਤੇ ਜਾਣਗੇ। ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਨੂੰ ਲੋਕਾਂ ਦੇ ਘਰਾਂ ਤੱਕ ਪਹੁੰਚਾਇਆ ਜਾਵੇਗਾ।ਕਿਸੇ ਨਾਲ ਵੀ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ।ਇਸ ਮੌਕੇ ਸਰਪੰਚ ਗਗਨਦੀਪ ਸਿੰਘ ਤੋਂ ਇਲਾਵਾ ਮੈਂਬਰ ਕੁਲਦੀਪ ਸਿੰਘ, ਮੈਂਬਰ ਰਣਜੀਤ ਸਿੰਘ ਗੋਲਡੀ, ਮੈਂਬਰ ਰਣਜੀਤ ਸਿੰਘ ਲਾਡੀ, ਮੈਂਬਰ ਅਮਨ, ਮੈਂਬਰ ਹਨਾ, ਲਖਵਿੰਦਰ ਸਿੰਘ ਸਾਬਕਾ ਮੈਂਬਰ ਪੰਚਾਇਤ, ਬਿਕਰਮਜੀਤ ਸਿੰਘ, ਸਤਨਾਮ ਸਿੰਘ, ਉਂਕਾਰ ਸਿੰਘ ਟਹਿਣਾ, ਤਰਸੇਮ ਸਿੰਘ, ਜਰਨੈਲ ਸਿੰਘ, ਗੁਰਮੀਤ ਸਿੰਘ, ਅਮਰੀਕ ਸਿੰਘ, ਗੁਰਭੇਜ ਸਿੰਘ, ਲਹਿਣਾ ਸਿੰਘ, ਕਰਮ ਸਿੰਘ, ਗੁਰਮੇਜ ਸਿੰਘ, ਸਹਿਜਪਾਲ, ਪ੍ਰੀਤਮ ਸਿੰਘ, ਵਜ਼ੀਰ ਸਿੰਘ, ਡੈਨੀਅਲ ਮਸੀਹ, ਕੇਵਲ ਮਸੀਹ, ਯੂਨਿਸ ਮਸੀਹ, ਜੇਮਸ ਮਸੀਹ, ਮੇਜਰ ਮਸੀਹ, ਸਲਵਿੰਦਰ ਸਿੰਘ ਫੌਜੀ, ਮੇਜਰ ਸਿੰਘ, ਸਾਹਿਬ ਸਿੰਘ, ਹਰਦੀਪ ਸਿੰਘ, ਦਰਸ਼ਨ ਸਿੰਘ, ਭਾਈ ਕਾਲਾ ਮਸੀਹ, ਅਮਰਬੀਰ ਸਿੰਘ, ਸਹਿਜਪਾਲ ਸਿੰਘ, ਸਾਹਿਬ ਸਿੰਘ, ਕਰਮ ਸਿੰਘ ਅਤੇ ਨਾਨਕ ਸਿੰਘ ਆਦਿ ਹਾਜ਼ਰ ਸਨ।



# ਐੱਸ ਐੱਸ ਐੱਸ ਕਾਲਜ ਦੀਨਾਨਗਰ ਵਿਖੇ 15ਵਾਂ ਕੌਮੀ ਵੋਟਰ ਦਿਵਸ ਮਨਾਇਆ



**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**

ਐੱਸ. ਐੱਸ. ਐੱਸ. ਕਾਲਜ ਦੀਨਾਨਗਰ ਵਿਖੇ 15ਵਾਂ ਕੌਮੀ ਵੋਟਰ ਦਿਵਸ ਮਨਾਇਆ ਗਿਆ। ਇਸ ਮੌਕੇ ਜ਼ਿਲਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਵਾਸਤੇ ਨੈਸ਼ਨਲ ਵੋਟਰ ਦਿਵਸ ਮਨਾਇਆ ਜਾਂਦਾ ਹੈ ਤਾਂ ਜੋ 100 ਫ਼ੀਸਦੀ ਵੋਟਰਾਂ ਦੀ ਸ਼ਮੂਲੀਅਤ ਨਾਲ ਲੋਕਤੰਤਰ ਨੂੰ ਮਜ਼ਬੂਤ ਕੀਤਾ ਜਾ ਸਕੇ।ਉਨ੍ਹਾਂ ਲੋਕਤੰਤਰੀ ਪਰੰਪਰਾਵਾਂ ਨੂੰ ਕਾਇਮ ਰੱਖਣ ਅਤੇ ਸਹੀ ਤੇ ਨਿਰਪੱਖ ਵੋਟ ਦਾ ਇਸਤੇਮਾਲ ਕਰਨ ਦਾ ਪ੍ਰਣ ਵੀ ਦਿਵਾਇਆ।ਇਸ ਤੋਂ ਪਹਿਲਾਂ ਕਾਲਜ ਦੀ ਵਿਦਿਆਰਥਣ ਜਾਨਵੀ, ਸੁਬੀਜ਼ੀ, ਰਮਨਦੀਪ ਕੌਰ ਗਿੱਲ, ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ ਦੀ ਵਿਦਿਆਰਥਣ ਸੋਨਾਲੀ, ਪਲਕ ਭਾਵਰਾ, ਨੰਦਨੀ, ਅਭਿਨੰਦਨ ਸ਼ਰਮਾ, ਕ੍ਰਿਸ਼ ਪੁਰੀ ਨੇ ਆਪਣੇ ਭਾਸ਼ਣ ਰਾਹੀਂ ਵੋਟ ਦੀ ਮਹੱਤਤਾ ਉਪਰ ਚਾਨਣਾ ਪਾਇਆ।ਲੈਕਚਰਾਰ ਗੁਰਮੀਤ ਸਿੰਘ ਭੋਮਾ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਪਰਮਜੀਤ ਸਿੰਘ ਨੇ ਵੋਟ ਦੀ ਮਹੱਤਤਾ ਬਾਰੇ ਨੌਜਵਾਨਾਂ ਨੂੰ ਦੱਸਿਆ।ਇਸ ਮੌਕੇ ਐੱਸ. ਐੱਸ. ਐੱਸ. ਕਾਲਜ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।ਰਾਸ਼ਟਰੀ ਵੋਟਰ ਦਿਵਸ ਦੌਰਾਨ ਐੱਸ. ਡੀ. ਐੱਸ. ਦੀਨਾਨਗਰ ਜਸਪਿੰਦਰ ਸਿੰਘ ਨੂੰ ਬੈਸਟ ਈ. ਆਰ. ਓ. ਵਜੋਂ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਪਰਮਜੀਤ ਸਿੰਘ ਨੂੰ ਬੈਸਟ ਨੋਡਲ ਅਫ਼ਸਰ ਅਤੇ ਜਰਮਨ ਸਿੰਘ ਨੂੰ ਬੈਸਟ ਬੀ. ਐੱਲ. ਓ. ਵਜੋਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤਹਿਸੀਲਦਾਰ ਚੋਣਾਂ ਮਨਜਿੰਦਰ ਸਿੰਘ ਬਾਜਵਾ ਤੋਂ ਇਲਾਵਾ ਹੋਰ ਅਹੁਦੇਦਾਰ ਸ਼ਾਮਲ ਸਨ।

# ਗ੍ਰੇਸ਼ੀਅਨ ਪਾਰਕ ਹਸਪਤਾਲ 'ਚ ਇੰਟਰਵੈਨਸ਼ਨਲ ਰੇਡੀਓਲੋਜੀ ਦੇ ਮਰੀਜ਼ਾਂ ਲਈ ਸਫਲ ਫਾਲੋਅਪ ਮੀਟਿੰਗ

**ਮੋਹਾਲੀ:** ਸਥਾਨਕ ਗ੍ਰੇਸ਼ੀਅਨ ਪਾਰਕ ਹਸਪਤਾਲ ਦੇ ਦਿਮਾਗੀ ਰੋਗ ਮਾਹਿਰ ਡਾ. ਸੰਦੀਪ ਸ਼ਰਮਾ ਨੇ ਕਿਹਾ ਕਿ ਮਕੈਨੀਕਲ ਥ੍ਰੋਮਬੈਕਟੌਮੀ ਤਕਨੀਕ ਦਿਮਾਗ ਦੇ ਦੌਰੇ ਲਈ ਕਾਫ਼ੀ ਲਾਹੇਵੰਦ ਸਾਬਿਤ ਹੋ ਰਹੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਦਿਮਾਗ ਨਾਲ ਜੁੜੀ ਕਿਸੇ ਵੀ ਸਮੱਸਿਆ ਨੂੰ ਨਜ਼ਰਅੰਦਾਜ਼ ਕਰਨਾ ਘਾਤਕ ਸਾਬਿਤ ਹੋ ਸਕਦਾ ਹੈ।ਅਜਿਹਾ ਕਰਨ ਨਾਲ ਅਧਰੰਗ ਵਰਗੀ ਬਿਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਪ੍ਰਸਿੱਧ ਇੰਟਰਵੈਨਸ਼ਨਲ ਰੇਡੀਓਲੋਜਿਸਟ ਡਾ: ਸੰਦੀਪ ਸ਼ਰਮਾ ਦੀ ਅਗਵਾਈ ਵਿੱਚ ਹਸਪਤਾਲ ਵਿੱਚ ਆਈਆਰ ਸੁਵਿਧਾਵਾਂ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਪੋਸਟਆਪਰੇਟਿਵ ਫਾਲੋ-ਅੱਪ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਉਨ੍ਹਾਂ ਕਿਹਾ ਕਿ ਆਧੁਨਿਕ ਤਕਨੀਕਾਂ ਦੀ ਬਦੌਲਤ ਦਿਮਾਗੀ ਦੌਰੇ ਦੇ ਮਰੀਜ਼ ਠੀਕ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਮਕੈਨੀਕਲ ਥ੍ਰੋਮਬੈਕਟੌਮੀ ਦਿਮਾਗ ਦੇ ਦੌਰੇ ਸਮੇਤ ਹੋਰ ਅਨੇਕਾਂ ਸਮੱਸਿਆਵਾਂ ਦੇ ਇਲਾਜ ਲਈ ਕਾਫ਼ੀ ਪ੍ਰਭਾਵਸ਼ਾਲੀ ਹੈ।ਡਾ. ਸੰਦੀਪ ਸ਼ਰਮਾ ਨੇ ਕਿਹਾ ਕਿ ਇਸ ਨਵੀਂ ਤਕਨੀਕ ਨਾਲ ਸਰੀਰ ਵਿੱਚ ਕੋਈ ਕੱਟ ਨਹੀਂ ਲਗਾਉਣਾ ਪੈਂਦਾ।





**Extract of Unaudited Financial Results for the quarter and nine months ended December 31, 2024**

(₹ in lacs except otherwise stated)

| Sl. No. | Particulars | Quarter ended | | | Nine Months ended | | Year ended |
|---|---|---|---|---|---|---|---|
| | | December 31, 2024 | September 30, 2024 | December 31, 2023 | December 31, 2024 | December 31, 2023 | March 31, 2024 |
| | | Unaudited | Unaudited | Unaudited | Unaudited | Unaudited | Audited |
| 1. | Total Income from Operations | 25,313 | 24,929 | 22,245 | 73,749 | 63,767 | 86,241 |
| 2. | Net Profit/(Loss) for the period (before Tax, Exceptional and/or Extraordinary items) | 4,564 | 4,433 | 3,845 | 13,014 | 11,058 | 14,821 |
| 3. | Net Profit/(Loss) for the period before tax (after Exceptional and/or Extraordinary items) | 4,564 | 4,433 | 3,845 | 13,014 | 11,058 | 14,821 |
| 4. | Net Profit/(Loss) for the period after tax (after Exceptional and/or Extraordinary items) | 3,405 | 3,334 | 2,893 | 9,741 | 8,332 | 11,153 |
| 5. | Total Comprehensive Income for the period [Comprising Profit/(Loss) for the period (after tax) and Other Comprehensive Income (after tax)] [refer note (ii)] | - | - | - | - | - | - |
| 6. | Paid-up Equity Share Capital | 4,525 | 4,507 | 3,543 | 4,525 | 3,543 | 4,504 |
| 7. | Reserves (excluding Revaluation Reserve) as shown in the Audited Balance Sheet of the previous year | | | | | | 1,15,238 |
| 8. | Securities Premium Account | 70,064 | 69,558 | 27,906 | 70,064 | 27,906 | 69,487 |
| 9. | Net worth[1] | 1,29,781 | 1,26,073 | 74,335 | 1,29,781 | 74,335 | 1,19,742 |
| 10. | Paid-up Debt Capital/Outstanding Debt | 35,354 | 39,002 | 52,951 | 35,354 | 52,951 | 47,225 |
| 11. | Outstanding Redeemable Preference Shares[2] | - | - | - | - | - | - |
| 12. | Debt Equity Ratio[3] | 0.27 | 0.31 | 0.71 | 0.27 | 0.71 | 0.39 |
| 13. | Earnings per share (of ₹ 10/- each) (for continuing operations) | | | | | | |
| | 13.1 Basic ₹ (non-annualised) | 7.55 | 7.41 | 7.92 | 21.61 | 23.77 | 30.65 |
| | 13.2 Diluted ₹ (non-annualised) | 7.54 | 7.35 | 7.86 | 21.56 | 23.58 | 30.45 |
| 14. | Capital Redemption Reserve[4] | - | - | - | - | - | - |
| 15. | Debenture Redemption Reserve[4] | - | - | - | - | - | - |
| 16. | Debt Service Coverage Ratio[5] | - | - | - | - | - | - |
| 17. | Interest Service Coverage Ratio[5] | - | - | - | - | - | - |

[1] Net worth means the aggregate value of the paid-up share capital and all reserves created out of the profits and securities premium account and debit or credit balance of profit and loss account, after deducting the aggregate value of the accumulated losses, deferred expenditure and miscellaneous expenditure not written off, as per the balance sheet, but does not include reserves created out of revaluation of assets, write-back of depreciation and amalgamation.
[2] The Bank has not issued any redeemable preference shares.
[3] Debt-equity ratio means the ratio of total borrowings to share capital plus reserves.
[4] As per the Companies Act, 2013, the Bank is not required to create capital/debenture redemption reserve. However, the Bank has created Recovery Expense Fund Account with BSE Limited.
[5] Being a Banking Company, Disclosure is not applicable as per SEBI (Listing Obligations and Disclosure Requirements) Regulations, 2015.

**Notes:**

(i) The above is an extract of the detailed format of quarter and year ended Financial Results filed with the Stock Exchanges under Regulation 33 & 52 of the SEBI (Listing Obligations and Disclosure Requirements) Regulations, 2015. The full format of the quarter and year ended Financial Results are available on the websites of the Stock Exchanges, www.nseindia.com and www.bseindia.com and of the Bank on URL www.capitalbank.co.in.
(ii) Information related to the total comprehensive income and other comprehensive income are not furnished as Ind AS is not yet made applicable to Bank.
(iii) The figures of the quarter are the balancing figures between figures in respect of the year-to-date figures and the published figures upto previous quarter.
(iv) The other line items referred in Regulation 52(4) of the SEBI (Listing Obligations and Disclosure Requirements) Regulations, 2015, has been given hereunder.

| Sl. No. | Particulars | Quarter ended | | | Nine Months ended | | Year ended |
|---|---|---|---|---|---|---|---|
| | | December 31, 2024 | September 30, 2024 | December 31, 2023 | December 31, 2024 | December 31, 2023 | March 31, 2024 |
| | | Unaudited | Unaudited | Unaudited | Unaudited | Unaudited | Audited |
| 1 | Percentage of shares held by Government of India | - | - | - | - | - | - |
| 2 | Return on Assets[1] (non-annualised) | 0.34% | 0.35% | 0.33% | 1.01% | 0.97% | 1.27% |
| 3 | Operating Margin[2] | 18.88% | 19.35% | 18.01% | 18.79% | 18.10% | 17.96% |
| 4 | Net Profit Margin[3] | 13.45% | 13.37% | 13.01% | 13.21% | 13.07% | 12.93% |
| 5 | Total Debt to Total Assets[4] | 3.47% | 4.08% | 5.98% | 3.47% | 5.98% | 5.08% |
| 6 | Gross NPA (₹ in lacs) | 18,230 | 17,532 | 17,004 | 18,230 | 17,004 | 17,018 |
| 7 | Net NPA (₹ in lacs) | 9,060 | 8,544 | 8,647 | 9,060 | 8,647 | 8,508 |
| 8 | % of Gross NPA | 2.67% | 2.61% | 2.97% | 2.67% | 2.97% | 2.76% |
| 9 | % of Net NPA | 1.35% | 1.29% | 1.53% | 1.35% | 1.53% | 1.40% |
| 10 | Capital Adequacy Ratio (%) | 25.82% | 26.34% | 20.06% | 25.82% | 20.06% | 27.39% |
| 11 | Tier-I Ratio (%) | 21.87% | 22.19% | 15.00% | 21.87% | 15.00% | 22.80% |

[1] Return on Assets means the ratio of profit after tax to average monthly total assets.
[2] Operating Margin means Operating profit before provisions and contingencies to the total income.
[3] Net Profit Margin means Net Profit to total income
[4] Total Debts to Total Assets means the ratio of total borrowings to total assets.

(v) The other line items referred in Regulation 52(4) of the SEBI (Listing Obligations and Disclosure Requirements) Regulations, 2015, pertinent disclosures have been made to the BSE Limited and National Stock Exchange of India Limited and can be accessed on the websites of the Stock Exchange on www.bseindia.com , www.nseindia.com and the Bank on URL www.capitalbank.co.in.
(vi) The above result has been approved by the Board of Directors in its meeting held on January 29, 2025.

For and on Behalf of the Board of Directors
of **Capital Small Finance Bank Limited**
Sd/-
**Sarvjit Singh Samra**
Managing Director
(DIN: 00477444)

**Date:** January 29, 2025
**Place:** Jalandhar

**Capital Small Finance Bank**

*Vishwas Se Vikas Tak*

**Capital Small Finance Bank Limited (CIN:** L65110PB1999PLC022634)
**Regd. & Head Office:** "MIDAS Corporate Park", 3rd Floor, 37 G.T. Road, Jalandhar, Punjab, INDIA - 144 001
**Tel.:** 0181-505 1111, 505 2222 | www.capitalbank.co.in | investorrelations@capitalbank.co.in

Great Place To Work. Certified AUG 2024-AUG 2025 INDIA

Scan for detailed financials

Adfactors 568/25

30-jan-PAGE-4-2025.qxd 1/29/2025 9:06 PM Page 1

ਨਵਾਂ ਜ਼ਮਾਨਾ
ਵੀਰਵਾਰ, 30 ਜਨਵਰੀ 2025

# ਗਣ ਨਹੀਂ, ਤੰਤਰ ਦੀ ਆਵਾਜ਼

76ਵੇਂ ਗਣਤੰਤਰ ਦਿਵਸ ਦੀ ਪੂਰਬਲੀ ਸ਼ਾਮ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕੌਮ ਦੇ ਨਾਂਅ ਸੰਦੇਸ਼ ਵਿੱਚ ਕਈ ਅਜਿਹੀਆਂ ਗੱਲਾਂ ਕਹੀਆਂ, ਜਿਹੜੀਆਂ ਭਾਰਤ ਦੀ ਸਚਾਈ ਬਾਰੇ ਸੋਚਣ ਨੂੰ ਮਜਬੂਰ ਕਰਦੀਆਂ ਹਨ। ਰਾਸ਼ਟਰਪਤੀ ਨੇ ਕਿਹਾ ਕਿ ਅੱਜ ਦੇ ਦਿਨ ਸਭ ਤੋਂ ਪਹਿਲਾਂ ਅਸੀਂ ਉਨ੍ਹਾਂ ਸੂਰਬੀਰਾਂ ਨੂੰ ਯਾਦ ਕਰਦੇ ਹਾਂ, ਜਿਨ੍ਹਾਂ ਮਾਤਭੂਮੀ ਨੂੰ ਵਿਦੇਸ਼ੀ ਸ਼ਾਸਨ ਦੀਆਂ ਬੇੜੀਆਂ ਤੋਂ ਮੁਕਤ ਕਰਾਉਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਦਿੱਤੀ। ਉਨ੍ਹਾਂ ਵਿੱਚੋਂ ਕੁਝ ਆਜ਼ਾਦੀ ਘੁਲਾਟੀਆਂ ਬਾਰੇ ਲੋਕ ਜਾਣਦੇ ਹਨ ਪਰ ਬਹੁਤਿਆਂ ਬਾਰੇ ਉਨ੍ਹਾਂ ਨੂੰ ਜਾਣਕਾਰੀ ਨਹੀਂ। ਇਸ ਸਾਲ ਅਸੀਂ ਭਗਵਾਨ ਬਿਰਸਾ ਮੁੰਡਾ ਦੀ 150ਵੀਂ ਜੈਅੰਤੀ ਮਨਾ ਰਹੇ ਹਾਂ। ਉਹ ਅਜਿਹੇ ਸਰਕਰਦਾ ਆਜ਼ਾਦੀ ਘੁਲਾਟੀਆਂ ਵਿੱਚ ਸ਼ਾਮਲ ਹਨ, ਜਿਨ੍ਹਾਂ ਦੀ ਭੂਮਿਕਾ ਨੂੰ ਕੌਮੀ ਇਤਿਹਾਸ ਦੇ ਸੰਦਰਭ 'ਚ ਹੁਣ ਬਣਦਾ ਮਹੱਤਵ ਦਿੱਤਾ ਜਾ ਰਿਹਾ ਹੈ। ਰਾਸ਼ਟਰਪਤੀ ਦਾ ਬਿਰਸਾ ਮੁੰਡਾ ਨੂੰ ਭਗਵਾਨ ਕਹਿਣਾ ਅਜੀਬ ਲੱਗਾ। ਬਿਰਸਾ ਮੁੰਡਾ ਨੂੰ ਤਾਂ ਬਹੁਤ ਪਹਿਲਾਂ ਤੋਂ ਇਤਿਹਾਸ ਵਿੱਚ ਪੜ੍ਹਾਇਆ ਜਾ ਰਿਹਾ ਹੈ, ਸਰਕਾਰ ਹੁਣ ਉਨ੍ਹਾ ਨੂੰ ਭਗਵਾਨ ਦੱਸ ਕੇ ਨਵਾਂ ਇਤਿਹਾਸ ਦੱਸਣ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਉਂਜ ਹੀ ਹੈ, ਜਿਵੇਂ ਕਿਸੇ ਥਾਂ ਦਾ ਨਾਂਅ ਬਦਲ ਕੇ ਕਿਹਾ ਜਾਵੇ ਕਿ ਇਹੀ ਇਤਿਹਾਸ ਹੈ।

ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਸਾਡਾ ਸੰਵਿਧਾਨ ਇੱਕ ਜਿਉਂਦਾ-ਜਾਗਦਾ ਦਸਤਾਵੇਜ਼ ਇਸ ਲਈ ਬਣ ਸਕਿਆ ਹੈ ਕਿਉਂਕਿ ਨਾਗਰਿਕਾਂ ਦੀ ਨਿਸ਼ਠਾ ਸਦੀਆਂ ਤੋਂ ਸਾਡੀ ਇਖਲਾਕ ਨਾਲ ਭਰੀ ਜੀਵਨ-ਦ੍ਰਿਸ਼ਟੀ ਦਾ ਪ੍ਰਮੁੱਖ ਤੱਤ ਰਹੀ ਹੈ। ਸਾਡਾ ਸੰਵਿਧਾਨ ਭਾਰਤਵਾਸੀਆਂ ਦੇ ਰੂਪ 'ਚ ਸਾਡੀ ਸਮੂਹਕ ਆਨ ਦਾ ਮੂਲ ਆਧਾਰ ਹੈ, ਜਿਹੜਾ ਸਾਨੂੰ ਇੱਕ ਪਰਵਾਰ ਦੀ ਤਰ੍ਹਾਂ ਏਕਤਾ ਦੇ ਸੂਤਰ ਵਿੱਚ ਪਰੋਂਦਾ ਹੈ। ਰਾਸ਼ਟਰਪਤੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਸੰਵਿਧਾਨ ਦੇ ਰਹਿੰਦਿਆਂ ਕੁਝ ਖਾਸ ਭਾਈਚਾਰੇ ਦੇ ਲੋਕਾਂ ਨੂੰ ਪਿਆਰ ਕਰਨ ਤੇ ਮਾਸ ਲਿਜਾਣ ਤੱਕ 'ਤੇ ਕੁੱਟਿਆ-ਮਾਰਿਆ ਜਾਂਦਾ ਹੈ। ਇੱਥੋਂ ਤੱਕ ਕਿ ਲਿਬਾਸ ਤੋਂ ਪਛਾਨਣ ਦੀ ਗੱਲ ਪ੍ਰਧਾਨ ਮੰਤਰੀ ਤੱਕ ਕਹਿ ਚੁੱਕੇ ਹਨ। ਘਰ ਖਰੀਦਣ ਤੇ ਵੇਚਣ ਤੱਕ 'ਤੇ ਕੁਝ ਅਖੌਤੀ ਦੇਸ਼ਭਗਤ ਸ਼ੋਰ ਮਚਾਉਂਦੇ ਹਨ। ਦੁਕਾਨਾਂ ਦੀ ਨਿਸ਼ਾਨਦੇਹੀ ਕਰਨ ਤੇ ਕਾਰਿੰਦਿਆਂ ਦੀ ਧਾਰਮਿਕ ਪਛਾਣ ਦੱਸਣ ਲਈ ਨੇਮ ਪਲੇਟ ਲਾਉਣ ਦੇ ਆਦੇਸ਼ ਦੇਣ ਦਾ ਕੰਮ ਪ੍ਰਸ਼ਾਸਨ ਨੇ ਕੀਤਾ ਹੈ। ਰਾਸ਼ਟਰਪਤੀ ਦੇ ਗ੍ਰਹਿ ਰਾਜ ਓਡੀਸ਼ਾ ਵਿੱਚ ਆਦਿਵਾਸੀਆਂ ਨੂੰ ਆਪਣੀ ਜ਼ਿੰਦਗੀ ਚਲਾਉਣ ਵਾਲੇ ਸਾਧਨਾਂ ਨੂੰ ਬਚਾਉਣ ਲਈ ਝੂਠੇ ਕੇਸਾਂ ਵਿੱਚ ਜੇਲ੍ਹ ਜਾਣਾ ਪੈ ਰਿਹਾ ਹੈ, ਹੱਕ ਮੰਗਣ ਲਈ ਕੁਰਬਾਨੀਆਂ ਦੇਣੀਆਂ ਪੈ ਰਹੀਆਂ ਹਨ, ਜਿਵੇਂ ਆਜ਼ਾਦੀ ਦੀ ਲੜਾਈ ਵਿੱਚ ਸੂਰਬੀਰਾਂ ਨੂੰ ਦੇਣੀਆਂ ਪਈਆਂ ਸਨ।

ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਕਿਸਾਨ ਭੈਣ-ਭਰਾਵਾਂ ਨੇ ਸਖਤ ਮਿਹਨਤ ਕਰਕੇ ਦੇਸ਼ ਨੂੰ ਅਨਾਜ ਦੀ ਪੈਦਾਵਾਰ 'ਚ ਆਤਮਨਿਰਭਰ ਬਣਾਇਆ। ਰਾਸ਼ਟਰਪਤੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਤਿੰਨ ਕਾਲੇ ਖੇਤੀ ਕਾਨੂੰਨ ਵਾਪਸ ਕਰਾਉਣ ਲਈ 13 ਮਹੀਨਿਆਂ ਦੇ ਅੰਦੋਲਨ ਦੌਰਾਨ 700 ਤੋਂ ਵੱਧ ਕਿਸਾਨਾਂ ਨੇ ਸ਼ਹਾਦਤਾਂ ਦਿੱਤੀਆਂ। ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ, ਜਿਸ ਦਾ ਵਾਅਦਾ ਕੀਤਾ ਗਿਆ ਸੀ, ਲਾਗੂ ਕਰਾਉਣ ਲਈ ਹੁਣ ਉਹ ਫਿਰ ਅੰਦੋਲਨ ਦੇ ਰਾਹ ਹਨ। ਜਦੋਂ ਕਿਸਾਨਾਂ ਨੇ ਉਨ੍ਹਾ ਨੂੰ ਮਿਲਣ ਦਾ ਸਮਾਂ ਮੰਗਿਆ ਤਾਂ ਉਨ੍ਹਾ ਕੋਲ ਉਨ੍ਹਾਂ ਨੂੰ ਮਿਲਣ ਲਈ ਸਮਾਂ ਨਹੀਂ ਨਿਕਲਿਆ, ਜਿਨ੍ਹਾਂ ਦੇਸ਼ ਨੂੰ ਅਨਾਜ ਪੈਦਾਵਾਰ ਵਿੱਚ ਆਤਮਨਿਰਭਰ ਬਣਾਇਆ। ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਮਜ਼ਦੂਰ ਭੈਣ-ਭਰਾਵਾਂ ਨੇ ਅਣਥੱਕ ਮਿਹਨਤ ਕਰਕੇ ਸਾਡੇ ਬੁਨਿਆਦੀ ਢਾਂਚੇ ਤੇ ਮੈਨੂੰ ਫੈਕਚਰਿੰਗ ਸੈਕਟਰ ਦਾ ਕਾਇਆਕਲਪ ਕੀਤਾ। ਹਕੀਕਤ ਇਹ ਹੈ ਕਿ ਅੱਜ 90 ਫੀਸਦੀ ਮਜ਼ਦੂਰਾਂ ਨੂੰ ਘੱਟੋ-ਘੱਟ ਵੇਤਨ ਨਹੀਂ ਮਿਲਦਾ ਅਤੇ ਇਨ੍ਹਾਂ ਨੂੰ ਅਧਿਕਾਰ ਦਿਵਾਉਣ ਦੀ ਥਾਂ 12 ਘੰਟੇ ਕੰਮ ਕਰਨ ਦਾ ਕਾਨੂੰਨ ਲਿਆਂਦਾ ਜਾ ਰਿਹਾ ਹੈ। ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਹਾਲੀਆ ਸਾਲਾਂ (ਮੋਦੀ ਰਾਜ ਦੌਰਾਨ) ਆਰਥਿਕ ਵਿਕਾਸ ਦੀ ਦਰ ਲਗਾਤਾਰ ਉੱਚੀ ਰਹੀ ਹੈ, ਜਿਸ ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਹਨ ਅਤੇ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਥਾਂ ਵਿੱਚ ਵਧੇਰੇ ਪੈਸਾ ਆਇਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਰਾਜ ਸਭਾ ਵਿੱਚ ਦੱਸਿਆ ਸੀ ਕਿ 2018 ਤੋਂ 2020 ਤੱਕ 25 ਹਜ਼ਾਰ ਤੋਂ ਵੱਧ ਲੋਕਾਂ ਨੇ ਖੁਦਕੁਸ਼ੀਆਂ ਕੀਤੀਆਂ। ਇਨ੍ਹਾਂ ਪਿੱਛੇ ਦੀਵਾਲੀਆਪਨ, ਬੇਰੁਜ਼ਗਾਰੀ ਤੇ ਕਰਜ਼ ਵਰਗੇ ਵੱਡੇ ਕਾਰਨ ਸਾਹਮਣੇ ਆਏ ਹਨ।

ਭਾਰਤ ਦੀ ਰਾਸ਼ਟਰਪਤੀ ਦੇਸ਼ ਦੀ ਪ੍ਰਥਮ ਨਾਗਰਿਕ ਹੈ, ਇਸ ਕਰਕੇ ਉਨ੍ਹਾ ਨੂੰ ਮਹਾਮਹਿਮ ਕਿਹਾ ਜਾਂਦਾ ਹੈ। ਮਹਾਮਹਿਮ ਨੂੰ ਸਰਕਾਰ ਦੀਆਂ ਗੱਲਾਂ ਤੋਂ ਇਲਾਵਾ ਲੋਕਾਂ ਦੇ ਸਹੀ ਦੁੱਖ ਦਰਦ ਨੂੰ ਸਮਝਣਾ ਚਾਹੀਦਾ ਹੈ। ਲੋਕਾਂ ਦੀ ਆਵਾਜ਼ ਨੂੰ ਸੁਣਨਾ ਹੀ ਸਹੀ ਗਣਤੰਤਰ ਹੈ ਅਤੇ ਇਸ ਨਾਲ ਹੀ ਮਹਾਮਹਿਮ ਦੇ ਅਹੁਦੇ ਦੀ ਸ਼ਾਨ ਵਧਦੀ ਹੈ। ਕੌਮ ਦੇ ਨਾਂਅ ਸੰਦੇਸ਼ ਵਿੱਚ ਗਣ ਦੀ ਆਵਾਜ਼ ਨਹੀਂ ਸੁਣਾਈ ਦਿੱਤੀ, ਸਿਰਫ ਤੰਤਰ (ਸਰਕਾਰ) ਦੀ ਗੱਲ ਹੀ ਸੁਣਾਈ ਗਈ ਹੈ।

## ਰੰਗ ਦੀਆਂ ਦੁੱਕੀਆਂ ਨੇ !

ਨਸਲ ਪ੍ਰਸਤੀ ਵਧਦੀ ਜਾਂਦੀ, ਦੁਨੀਆ ਦੇ ਵਿੱਚ ਚਾਰ ਚੁਫੇਰੇ।
ਭਾਰੂ ਧਿਰਾਂ ਦਾ ਬੋਲ ਬਾਲਾ ਹੈ, ਨਾ ਵਸ ਤੇਰੇ ਨਾ ਵਸ ਮੇਰੇ।
ਬਦਲ ਬਦਲ ਕੇ ਆ ਜਾਂਦੇ ਨੇ, ਓਹੀ ਜਿਸਮ ਤੇ ਓਹੀ ਚੇਹਰੇ।
ਵੋਟ ਬਟੋਰ ਕੇ ਲੈ ਜਾਂਦੇ ਹਨ, ਖਲਕਤ ਬੈਠੀ ਵਿੱਚ ਹਨੇਰੇ।
ਚਿੜੀਆਂ ਕੋਲੇ ਬਾਜਾਂ ਆ ਕੇ ਭੋਰਿਆਂ ਦੇ ਵਿੱਚ ਲਾਏ ਡੇਰੇ,
ਪਿੰਡਾਂ 'ਤੇ ਕਬਜ਼ਾ ਕਰ ਕੇ, ਗਲੀ 'ਚ ਹੋਕਾ ਦੇਣ ਲੁਟੇਰੇ,
ਰਲ ਮਿਲ ਕਾਵਾਂ ਨੇ, ਘੁੱਗੀਆਂ ਦੇ ਝੁੰਡ ਘੇਰੇ,
ਤਾਨਾਸ਼ਾਹੀ ਮੁੜ ਕੇ ਆਈ, ਲੋਕਰਾਜ ਦੇ ਬੰਨ੍ਹ ਕੇ ਸੇਹਰੇ।
ਏਕੇ ਤੋਂ ਬਿਨਾਂ ਹੱਲ ਕੋਈ ਨੀ, ਫਾਰਮੂਲਾ ਅਜ਼ ਮਾਇਆ ।
ਰੰਗ ਦੀਆਂ ਦੁੱਕੀਆਂ ਨੇ, ਬਾਦਸ਼ਾਹ ਸਦਾ ਭਜਾਇਆ।

-ਗੁਲਪੁਰ

# ਆਓ, ਲੋਕਾਂ ਲਈ ਗਣਤੰਤਰ ਨੂੰ ਮੁੜ ਹਾਸਲ ਕਰੀਏ

ਡੀ ਰਾਜਾ ਜਨਰਲ ਸਕੱਤਰ ਸੀ ਪੀ ਆਈ
ਅਨੁ. : ਐੱਮ ਐੱਸ ਭਾਟੀਆ

26 ਜਨਵਰੀ 1950 ਨੂੰ ਭਾਰਤ ਇਸ ਅਰਥ ਵਿੱਚ ਇੱਕ ਲੋਕਤੰਤਰੀ ਦੇਸ਼ ਹੋਵੇਗਾ ਕਿ ਉਸ ਦਿਨ ਤੋਂ ਭਾਰਤ ਵਿੱਚ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਸਰਕਾਰ ਹੋਵੇਗੀ... ਉਸ ਦੇ ਲੋਕਤੰਤਰੀ ਸੰਵਿਧਾਨ ਦਾ ਕੀ ਹੋਵੇਗਾ? ਕੀ ਉਹ ਇਸ ਨੂੰ ਬਣਾਈ ਰੱਖ ਸਕੇਗਾ ਜਾਂ ਕੀ ਉਹ ਇਸ ਨੂੰ ਦੁਬਾਰਾ ਗੁਆ ਦੇਵੇਗਾ? ਸਾਡੇ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਡਾ. ਬੀ.ਆਰ ਅੰਬੇਦਕਰ ਨੇ 25 ਨਵੰਬਰ 1949 ਨੂੰ ਭਾਰਤ ਦੀ ਸੰਵਿਧਾਨ ਸਭਾ ਵਿਚ ਆਪਣੇ ਆਖਰੀ ਭਾਸ਼ਣ ਦੌਰਾਨ ਇਨ੍ਹਾਂ ਸ਼ਬਦਾਂ ਵਿੱਚ ਆਪਣਾ ਡਰ ਪ੍ਰਗਟ ਕੀਤਾ ਸੀ। ਜਦੋਂ ਅਸੀਂ ਆਪਣੇ ਸੰਵਿਧਾਨ ਅਤੇ ਧਰਮ ਨਿਰਪੱਖਤਾ, ਭਲਾਈ ਵਾਲੇ ਰਾਜ ਅਤੇ ਸੰਘਵਾਦ ਦੀਆ ਮੂਲ ਕਦਰਾਂ-ਕੀਮਤਾਂ ਨੂੰ ਖ਼ਤਰੇ ਵਿੱਚ ਦੇਖਦੇ ਹਾਂ ਤਾਂ ਡਾ. ਅੰਬੇਦਕਰ ਦਾ ਉਹ ਪ੍ਰਗਟ ਕੀਤਾ ਹੋਇਆ ਡਰ ਲੋਕਾਂ ਦੇ ਮਨਾਂ ਵਿੱਚ ਆਉਂਦਾ ਹੈ।

ਇਸ ਗਣਤੰਤਰ ਦਿਵਸ 'ਤੇ ਜਦੋਂ ਅਸੀਂ ਆਪਣੇ ਗਣਤੰਤਰ ਦੇ 75ਵੇਂ ਸਾਲ ਦਾ ਜਸ਼ਨ ਮਨਾ ਰਹੇ ਹਾਂ ਅਤੇ ਨਾਲ ਹੀ ਸੀ ਪੀ ਆਈ ਦੀ ਸਥਾਪਨਾ ਦੀ ਸ਼ਤਾਬਦੀ ਮਨਾ ਰਹੇ ਹਾਂ, ਇਹ ਸਾਡੇ ਸੰਵਿਧਾਨ ਦੀ ਵਿਰਾਸਤ, ਇਸ ਦੁਆਰਾ ਕਾਇਮ ਰੱਖੀਆਂ ਗਈਆਂ ਕਦਰਾਂ-ਕੀਮਤਾਂ ਅਤੇ ਇੱਕ ਰਾਸ਼ਟਰ ਅਤੇ ਵਿਚਾਰਧਾਰਕ ਤੌਰ 'ਤੇ ਸੰਚਾਲਿਤ ਰਾਜਨੀਤਕ ਪਾਰਟੀ ਦੇ ਰੂਪ ਵਿੱਚ ਸਾਡੇ ਸਾਹਮਣੇ ਮੌਜੂਦਾ ਚੁਣੌਤੀਆਂ 'ਤੇ ਡੂੰਘਾਈ ਨਾਲ ਵਿਚਾਰ ਕਰਨ ਦਾ ਪਲ ਹੈ। ਇਹ ਭਾਰਤ ਦੇ ਸੰਵਿਧਾਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਨਵਿਆਉਣ ਦਾ ਵੀ ਇੱਕ ਮੌਕਾ ਹੈ, ਜੋ ਕਿ ਉਮੀਦ ਦੀ ਕਿਰਨ ਹੈ। ਇਸ ਨੂੰ ਸਾਡੇ ਸੰਸਥਾਪਕਾਂ ਦੁਆਰਾ ਸਾਰੇ ਨਾਗਰਿਕਾਂ ਲਈ ਲੋਕਤੰਤਰ, ਨਿਆਂ, ਧਰਮ ਨਿਰਪੱਖਤਾ, ਸਮਾਜਵਾਦ ਅਤੇ ਸਮਾਨਤਾ ਨੂੰ ਯਕੀਨੀ ਬਣਾਉਣ ਲਈ ਮਹਾਨ ਦੂਰਦਰਸ਼ਤਾ ਨਾਲ ਤਿਆਰ ਕੀਤਾ ਗਿਆ ਸੀ। ਹਾਲਾਂਕਿ, ਅੱਜ, ਅਸੀਂ ਇੱਕ ਚੌਰਾਹੇ 'ਤੇ ਖੜ੍ਹੇ ਹਾਂ, ਉਨ੍ਹਾਂ ਸਿਧਾਂਤਾਂ ਲਈ ਗੰਭੀਰ ਖਤਰਿਆਂ ਦਾ ਸਾਹਮਣਾ ਕਰ ਰਹੇ ਹਾਂ, ਜੋ ਗਣਤੰਤਰ ਨੂੰ ਪਰਿਭਾਸ਼ਿਤ ਕਰਦੇ ਹਨ ਅਤੇ ਸਾਡੇ ਸਮੂਹਿਕ ਭਵਿੱਖ ਨੂੰ ਆਕਾਰ ਦਿੰਦੇ ਹਨ।

ਭਾਰਤੀ ਕਮਿਊਨਿਸਟ ਪਾਰਟੀ ਹਮੇਸ਼ਾ ਸੰਵਿਧਾਨ ਦੀਆਂ ਮੂਲ ਕਦਰਾਂ-ਕੀਮਤਾਂ ਦੀ ਰੱਖਿਆ ਵਿੱਚ ਸਭ ਤੋਂ ਅੱਗੇ ਰਹੀ ਹੈ। ਆਜ਼ਾਦੀ ਸੰਘਰਸ਼ ਤੋਂ ਲੈ ਕੇ ਆਜ਼ਾਦੀ ਤੋਂ ਬਾਅਦ ਦੀ ਰਾਜਨੀਤੀ ਤੱਕ ਸੀ ਪੀ ਆਈ ਨੇ ਇਹ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕੀਤੀ ਹੈ ਕਿ ਲੋਕਾਂ, ਖਾਸ ਕਰਕੇ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਿਆ ਜਾਵੇ। ਭਾਰਤ ਲਈ ਸਾਡਾ ਦ੍ਰਿਸ਼ਟੀਕੋਣ ਹਮੇਸ਼ਾ ਸਮਾਜਿਕ ਨਿਆਂ, ਸਮਾਨਤਾ ਅਤੇ ਧਰਮ ਨਿਰਪੱਖਤਾ 'ਤੇ ਅਧਾਰਤ ਦੇਸ਼ ਵਜੋਂ ਰਿਹਾ ਹੈ ਅਤੇ ਅਸੀਂ ਲਗਾਤਾਰ ਅਜਿਹੀਆਂ ਨੀਤੀਆਂ ਲਈ ਲੜਦੇ ਰਹੇ ਹਾਂ, ਜੋ ਮਿਹਨਤਕਸ਼ ਜਨਤਾ, ਭਾਵੇਂ ਉਹ ਮਜ਼ਦੂਰ, ਕਿਸਾਨ, ਔਰਤਾਂ ਜਾਂ ਘੱਟ ਗਿਣਤੀਆਂ ਦੇ ਹਿੱਤ ਵਿੱਚ ਹੋਣ ਅਤੇ ਉਹਨਾਂ ਨੂੰ ਲਾਭ ਪਹੁੰਚਾਉਂਦੀਆਂ ਹਨ।

ਭਾਰਤ ਦੇ ਸੰਵਿਧਾਨ ਦੇ ਨਿਰਮਾਣ ਵਿੱਚ ਸੀ ਪੀ ਆਈ ਦਾ ਯੋਗਦਾਨ ਇਹ ਸਮਝਣ ਵਿੱਚ ਮਹੱਤਵਪੂਰਨ ਹੈ ਕਿ ਸਾਡੀ ਪਾਰਟੀ ਨੇ ਕਿਵੇਂ ਜੀਵੰਤ ਦਸਤਾਵੇਜ਼ ਵਿੱਚ ਦਰਜ ਕਦਰਾਂ-ਕੀਮਤਾਂ ਲਈ ਲਗਾਤਾਰ ਲੜਾਈ ਲੜੀ ਹੈ। ਆਜ਼ਾਦੀ ਸੰਗਰਾਮ ਦੌਰਾਨ ਅਸੀਂ ਭਾਰਤ ਦੇ ਇੱਕ ਦ੍ਰਿਸ਼ਟੀਕੋਣ ਦਾ ਸੱਦਾ ਦੇਣ ਵਾਲੇ ਪਹਿਲੇ ਲੋਕਾਂ ਵਿੱਚੋਂ ਸੀ, ਜੋ ਨਾ ਸਿਰਫ਼ ਬਸਤੀਵਾਦੀ ਸ਼ਾਸਨ ਤੋਂ ਮੁਕਤ ਸੀ, ਸਗੋਂ ਜਾਤ, ਵਰਗ ਅਤੇ ਧਾਰਮਿਕ ਜ਼ੁਲਮ ਦੇ ਬੰਧਨਾਂ ਤੋਂ ਵੀ ਮੁਕਤ ਸੀ। ਸੀ ਪੀ ਆਈ ਇੱਕ ਧਰਮ ਨਿਰਪੱਖ ਰਾਜ ਦੀ ਪੱਕੀ ਸਮਰਥਕ ਸੀ। ਇੱਕ ਅਜਿਹਾ ਰਾਜ, ਜੋ ਸਾਰੇ ਧਰਮਾਂ ਲਈ ਬਰਾਬਰ ਵਿਹਾਰ ਨੂੰ ਯਕੀਨੀ ਬਣਾਏਗਾ, ਇਹ ਯਕੀਨੀ ਬਣਾਏਗਾ ਕਿ ਕੋਈ ਖਾਸ ਧਰਮ ਰਾਜਨੀਤਕ ਜਾਂ ਸਮਾਜਿਕ ਦ੍ਰਿਸ਼ਟੀਕੋਣ 'ਤੇ ਹਾਵੀ ਨਾ ਹੋਵੇ। ਇਹ ਦ੍ਰਿਸ਼ਟੀਕੋਣ ਸੰਵਿਧਾਨ ਦੇ ਬਹੁਤ ਸਾਰੇ ਨਿਰਮਾਤਾਵਾਂ ਦੁਆਰਾ ਸਾਂਝਾ ਕੀਤਾ ਗਿਆ ਸੀ, ਜਿਨ੍ਹਾਂ ਵਿੱਚ ਡਾ. ਬੀ.ਆਰ.ਅੰਬੇਦਕਰ, ਜਵਾਹਰ ਲਾਲ ਨਹਿਰੂ, ਮੌਲਾਨਾ ਆਜ਼ਾਦ ਅਤੇ ਹੋਰ ਸ਼ਾਮਲ ਸਨ, ਜਿਨ੍ਹਾਂ ਧਾਰਮਿਕ ਆਜ਼ਾਦੀ ਦੀ ਮਹੱਤਤਾ ਅਤੇ ਸਾਰੇ ਨਾਗਰਿਕਾਂ ਦੇ ਬਰਾਬਰ ਵਿਹਾਰ 'ਤੇ ਜ਼ੋਰ ਦਿੱਤਾ, ਭਾਵੇਂ ਉਨ੍ਹਾਂ ਦਾ ਵਿਸ਼ਵਾਸ ਕੁਝ ਵੀ ਹੋਵੇ। ਡਾ. ਅੰਬੇਦਕਰ ਨੇ ਧਰਮ ਅਧਾਰਤ ਰਾਸ਼ਟਰ ਅਤੇ ਧਾਰਮਿਕ ਰਾਜ ਦੇ ਵਿਚਾਰ ਨੂੰ ਜ਼ੋਰਦਾਰ ਢੰਗ ਨਾਲ ਰੱਦ ਕਰ ਦਿੱਤਾ। ਉਨ੍ਹਾ ਲਿਖਿਆ, 'ਜੇਕਰ ਹਿੰਦੂ ਰਾਜ ਇੱਕ ਤੱਥ ਬਣ ਜਾਂਦਾ ਹੈ, ਤਾਂ ਇਹ ਬਿਨਾਂ ਸ਼ੱਕ ਦੇਸ਼ ਲਈ ਸਭ ਤੋਂ ਵੱਡੀ ਆਫ਼ਤ ਹੋਵੇਗੀ।'

ਇਸ ਦੇ ਨਾਲ ਹੀ ਸਮਾਜਵਾਦ ਇੱਕ ਸੁਤੰਤਰ ਭਾਰਤ ਲਈ ਸਾਡੇ ਦ੍ਰਿਸ਼ਟੀਕੋਣ ਦਾ ਇੱਕ ਮੁੱਖ ਪਹਿਲੂ ਵੀ ਸੀ। ਸੀ ਪੀ ਆਈ ਦਾ ਸੰਵਿਧਾਨ ਦੇ ਖਰੜੇ 'ਤੇ ਮਹੱਤਵਪੂਰਨ ਪ੍ਰਭਾਵ ਸੀ, ਜਿਸ ਵਿੱਚ ਸਮਾਜਿਕ ਨਿਆਂ, ਸਰੋਤਾਂ ਦੀ ਬਰਾਬਰ ਵੰਡ ਅਤੇ ਮਜ਼ਦੂਰ ਵਰਗ ਦੀ ਸੁਰੱਖਿਆ ਦੇ ਸਿਧਾਂਤਾਂ ਨੂੰ ਸ਼ਾਮਲ ਕਰਨ ਦੀ ਵਕਾਲਤ ਕੀਤੀ ਗਈ ਸੀ। ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤ, ਜੋ ਆਮਦਨ ਅਤੇ ਦੌਲਤ ਵਿੱਚ ਅਸਮਾਨਤਾਵਾਂ ਨੂੰ ਘਟਾਉਣ ਲਈ ਕਹਿੰਦੇ ਹਨ, ਸਮਾਜਵਾਦੀ ਆਦਰਸ਼ਾਂ ਤੋਂ ਪ੍ਰਭਾਵਤ ਸਨ ਅਤੇ ਸਰਕਾਰ ਦੇ ਭਵਿੱਖ ਦੇ ਕੰਮਾਂ ਨੂੰ ਸੇਧ ਦੇਣ ਲਈ ਤਿਆਰ ਕੀਤੇ ਗਏ ਸਨ। ਉਦੇਸ਼ ਸਿਰਫ਼ ਰਾਜਨੀਤਕ ਆਜ਼ਾਦੀ ਹੀ ਨਹੀਂ ਸੀ, ਸਗੋਂ ਆਰਥਿਕ ਅਤੇ ਸਮਾਜਿਕ ਨਿਆਂ ਵੀ ਸੀ। ਭਾਰਤ ਦੀ ਅਮੀਰ ਵਿਭਿੰਨਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸੰਵਿਧਾਨ ਦੇ ਨਿਰਮਾਤਾਵਾਂ ਨੇ ਸਾਨੂੰ ਇੱਕ ਫੈਡਰਲ ਸੰਵਿਧਾਨ ਦਿੱਤਾ। ਭਾਸ਼ਾਈ ਰਾਜਾਂ ਅਤੇ ਸ਼ਕਤੀ ਦੇ ਵਿਕੇਂਦਰੀਕਰਨ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਉਠਾਉਣ ਵਿੱਚ ਸੀ ਪੀ ਆਈ ਸਭ ਤੋਂ ਅੱਗੇ ਸੀ।

ਭਾਰਤ ਦਾ ਸੰਵਿਧਾਨ ਇੱਕ ਧਰਮ ਨਿਰਪੱਖ ਰਾਜ ਲਈ ਇੱਕ ਢਾਂਚਾ ਤਿਆਰ ਕਰਦਾ ਹੈ—ਇੱਕ ਅਜਿਹਾ ਰਾਜ ਜਿੱਥੇ ਧਰਮ ਸਰਕਾਰ ਵਿੱਚ ਦਖਲ ਨਹੀਂ ਦਿੰਦਾ, ਬਲਕਿ ਰਾਜ ਸਾਰੇ ਧਰਮਾਂ ਨਾਲ ਬਰਾਬਰ ਵਿਹਾਰ ਕਰਦਾ ਹੈ। ਹਾਲਾਂਕਿ, ਪਿਛਲੇ ਕੁਝ ਸਾਲਾਂ ਵਿੱਚ ਅਸੀਂ ਇਸ ਸੰਬੰਧ ਵਿੱਚ ਚਿੰਤਾਜਨਕ ਤਬਦੀਲੀਆਂ ਵੇਖੀਆਂ ਹਨ। ਧਾਰਮਿਕ ਬਹੁਗਿਣਤੀਵਾਦ ਦਾ ਉਭਾਰ, ਜਿੱਥੇ ਰਾਜਨੀਤਕ ਸ਼ਕਤੀ ਦੀ ਵਰਤੋਂ ਇੱਕ ਧਰਮ ਨੂੰ ਦੂਜੇ ਧਰਮਾਂ ਨਾਲੋਂ ਉੱਚਾ ਦਰਸਾਉਣ ਲਈ ਕੀਤੀ ਜਾਂਦੀ ਹੈ, ਅੱਜ ਗਣਰਾਜ ਲਈ ਸਭ ਤੋਂ ਗੰਭੀਰ ਖਤਰਿਆਂ ਵਿੱਚੋਂ ਇੱਕ ਹੈ। ਧਰਮ ਨਿਰਪੱਖਤਾ 'ਤੇ ਇਹ ਦਬਾਅ ਧਾਰਮਿਕ ਲੀਹਾਂ 'ਤੇ ਸਮਾਜ ਵਿਚ ਵਧਦੇ ਧਰੁਵੀਕਰਨ ਤੋਂ ਸਪੱਸ਼ਟ ਹੈ। ਧਰਮ ਨੂੰ ਚੋਣ ਲਾਭ ਲਈ ਇੱਕ ਸਾਧਨ ਵਜੋਂ ਵਰਤਣ ਦੀ ਕੋਸ਼ਿਸ਼ ਕਰਨ ਵਾਲੀਆਂ ਰਾਜਨੀਤਕ ਤਾਕਤਾਂ ਦੇ ਵਧਦੇ ਪ੍ਰਭਾਵ ਨੇ ਨਫ਼ਰਤ, ਕੱਟੜਤਾ ਅਤੇ ਹਿੰਸਾ ਫੈਲਾਈ ਹੈ, ਜੋ ਅਕਸਰ ਧਾਰਮਿਕ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਡਾ. ਅੰਬੇਦਕਰ ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ ਕਿ ਜੇਕਰ ਚੋਣ ਪ੍ਰਕਿਰਿਆ ਫਿਰਕੂ ਬਣ ਜਾਂਦੀ ਹੈ, ਤਾਂ ਘੱਟ ਗਿਣਤੀ ਭਾਈਚਾਰਿਆਂ ਨੂੰ ਕੁਚਲਿਆ ਜਾ ਸਕਦਾ ਹੈ। ਜੇਕਰ ਕੁਚਲਿਆ ਨਹੀਂ ਗਿਆ ਤਾਂ ਉਨ੍ਹਾਂ 'ਤੇ ਜ਼ੁਲਮ ਕੀਤਾ ਜਾ ਸਕਦਾ ਹੈ। ਉਨ੍ਹਾਂ ਨਾਲ ਵਿਤਕਰਾ ਕੀਤਾ ਜਾਵੇਗਾ ਅਤੇ ਕਾਨੂੰਨ ਸਾਹਮਣੇ ਸਮਾਨਤਾ ਅਤੇ ਜਨਤਕ ਜੀਵਨ ਵਿੱਚ ਬਰਾਬਰ ਮੌਕੇ ਤੋਂ ਇਨਕਾਰ ਕੀਤਾ ਜਾਵੇਗਾ।

ਡਾਕਟਰ ਅੰਬੇਦਕਰ ਨੇ ਅੱਗੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਕੋਈ ਅਜਿਹਾ ਹੈ, ਜਿਸ ਦੇ ਮਨ ਵਿੱਚ ਹਿੰਦੂ-ਮੁਸਲਿਮ ਸਮੱਸਿਆ ਨੂੰ ਤਾਕਤ ਨਾਲ ਹੱਲ ਕਰਨ ਦਾ ਵਿਚਾਰ ਹੈ, ਤਾਂ ਇਹ ਇਸ ਨੂੰ ਜੰਗ ਦੁਆਰਾ ਹੱਲ ਕਰਨ ਦਾ ਦੂਜਾ ਨਾਂਅ ਹੈ, ਤਾਂ ਜੋ ਮੁਸਲਮਾਨਾਂ ਨੂੰ ਆਪਣੇ ਅਧੀਨ ਕੀਤਾ ਜਾ ਸਕੇ। ਇਸ ਤਰ੍ਹਾਂ ਇਹ ਇੱਕ ਹਮੇਸ਼ਾ ਰਿਸਣ ਵਾਲਾ ਕੋਹੜ ਬਣ ਜਾਵੇਗਾ। ਹਾਲ ਹੀ ਦੇ ਸਮੇਂ ਵਿੱਚ ਬੀਫ ਅਤੇ ਖਾਣ-ਪੀਣ ਦੀਆਂ ਆਦਤਾਂ ਦੇ ਨਾਂਅ 'ਤੇ ਮੁਸਲਮਾਨਾਂ ਨੂੰ ਮਾਰਨ ਨਾਲ ਸੰਬੰਧਤ ਭਿਆਨਕ ਘਟਨਾਵਾਂ ਦਰਸਾਉਂਦੀਆਂ ਹਨ ਕਿ ਉਹ ਜੰਗ ਵਰਗੀ ਸਥਿਤੀ ਦਾ ਸ਼ਿਕਾਰ ਹਨ।

ਧਰਮ ਨਿਰਪੱਖਤਾ 'ਤੇ ਇਸ ਹਮਲੇ ਦੀ ਸਭ ਤੋਂ ਤਾਜ਼ਾ ਉਦਾਹਰਣ ਪੂਜਾ ਸਥਾਨ (ਵਿਸ਼ੇਸ਼ ਵਿਵਸਥਾਵਾਂ) ਐਕਟ, 1991 ਦੀ ਵਾਰ-ਵਾਰ ਉਲੰਘਣਾ ਹੈ, ਜੋ ਧਾਰਮਿਕ ਸਥਾਨਾਂ ਦੀ ਯਥਾਸਥਿਤੀ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ ਅਤੇ ਪੁਰਾਣੇ ਜ਼ਖ਼ਮਾਂ ਨੂੰ ਦੁਬਾਰਾ ਖੋਲ੍ਹਣ ਤੋਂ ਰੋਕਣ ਲਈ ਬਣਾਇਆ ਗਿਆ ਸੀ, ਖਾਸ ਕਰਕੇ ਬਾਬਰੀ ਮਸਜਿਦ ਢਾਹੁਣ ਤੋਂ ਬਾਅਦ। ਇਹ ਕਾਨੂੰਨ ਖਾਸ ਤੌਰ 'ਤੇ ਧਾਰਮਿਕ ਸਥਾਨਾਂ 'ਤੇ ਹਿੰਸਾ ਦੀ ਮੁੜ ਬਹਾਲੀ ਨੂੰ ਰੋਕਣ ਲਈ ਤਿਆਰ ਕੀਤਾ ਗਿਆ ਸੀ, ਫਿਰ ਵੀ ਅੱਜ ਕੁਝ ਸਮੂਹਾਂ ਦੁਆਰਾ ਖੁੱਲ੍ਹੇਆਮ ਇਸ ਦੀ ਉਲੰਘਣਾ ਕੀਤੀ ਜਾ ਰਹੀ ਹੈ, ਜੋ ਆਪਣੇ ਸ਼ੈਤਾਨੀ ਏਜੰਡੇ ਨੂੰ ਅੱਗੇ ਵਧਾਉਣ ਲਈ ਲੋਕਾਂ ਵਿਚ ਧਰੁਵੀਕਰਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਧਰਮ ਨਿਰਪੱਖ ਕਦਰਾਂ-ਕੀਮਤਾਂ ਦਾ ਇਹ ਖੋਰਾ ਸਿਰਫ਼ ਇੱਕ ਸੱਭਿਆਚਾਰਕ ਜਾਂ ਸਮਾਜਿਕ ਚਿੰਤਾ ਨਹੀਂ; ਇਹ ਇੱਕ ਰਾਜਨੀਤਕ ਰਣਨੀਤੀ ਹੈ, ਜਿਸ ਦਾ ਉਦੇਸ਼ ਸਾਡੇ ਲੋਕਤੰਤਰੀ ਗਣਰਾਜ ਦੀਆਂ ਨੀਂਹਾਂ ਨੂੰ ਤਹਿਸ-ਨਹਿਸ ਕਰਨਾ ਹੈ। ਇਹ ਜ਼ਰੂਰੀ ਹੈ ਕਿ ਅਸੀਂ ਇਨ੍ਹਾਂ ਤਾਕਤਾਂ ਦੇ ਵਿਰੁੱਧ ਦ੍ਰਿੜ੍ਹਤਾ ਨਾਲ ਖੜ੍ਹੇ ਹੋਈਏ, ਕਿਉਂਕਿ ਸਾਡੇ ਗਣਰਾਜ ਦਾ ਬਚਾਅ ਇੱਕ ਰਾਜ ਦੇ ਸਿਧਾਂਤ ਵਜੋਂ ਧਰਮ ਨਿਰਪੱਖਤਾ ਦੀ ਰੱਖਿਆ 'ਤੇ ਨਿਰਭਰ ਕਰਦਾ ਹੈ।

ਗਣਰਾਜ ਲਈ ਇੱਕ ਹੋਰ ਵੱਡਾ ਖ਼ਤਰਾ ਵਧਦੀ ਆਰਥਿਕ ਅਸਮਾਨਤਾ ਹੈ, ਜੋ ਸਾਡੇ ਸਮਾਜ ਨੂੰ ਵਰਗ ਲੀਹਾਂ 'ਤੇ ਵੰਡ ਰਹੀ ਹੈ। ਸੰਵਿਧਾਨ ਵਿੱਚ ਦਰਜ ਕਲਿਆਣਕਾਰੀ ਰਾਜ ਦੇ ਦ੍ਰਿਸ਼ਟੀਕੋਣ ਨੇ ਇੱਕ ਅਜਿਹੀ ਪ੍ਰਣਾਲੀ ਦੀ ਮੰਗ ਕੀਤੀ ਸੀ, ਜੋ ਨਾ ਸਿਰਫ਼ ਰਾਜਨੀਤਕ ਲੋਕਤੰਤਰ ਨੂੰ ਯਕੀਨੀ ਬਣਾਏ, ਸਗੋਂ ਆਰਥਿਕ ਲੋਕਤੰਤਰ ਨੂੰ ਵੀ ਯਕੀਨੀ ਬਣਾਏ। ਇਸ ਵਿੱਚ ਦੌਲਤ ਦੀ ਬਰਾਬਰ ਵੰਡ, ਸ਼ੋਸ਼ਣਕਾਰੀ ਢਾਂਚਿਆਂ ਦਾ ਅੰਤ ਅਤੇ ਗਰੀਬਾਂ ਅਤੇ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਨੂੰ ਉੱਚਾ ਚੁੱਕਣ ਵਾਲੀਆਂ ਨੀਤੀਆਂ ਦੀ ਮੰਗ ਕੀਤੀ ਗਈ। ਫਿਰ ਵੀ ਅੱਜ ਅਸੀਂ ਕੁਝ ਲੋਕਾਂ ਦੇ ਹੱਥਾਂ ਵਿੱਚ ਇਕੱਠੀ ਹੋ ਰਹੀ ਦੌਲਤ ਦੇਖ ਰਹੇ ਹਾਂ, ਜਦੋਂ ਕਿ ਸਾਡੀ ਆਬਾਦੀ ਦਾ ਵੱਡਾ ਹਿੱਸਾ ਗਰੀਬੀ ਅਤੇ ਵਾਂਝੇਪਣ ਦਾ ਸ਼ਿਕਾਰ ਹੈ। ਅਸਮਾਨਤਾ ਦਾ ਵਾਧਾ ਸਿਰਫ਼ ਇੱਕ ਆਰਥਿਕ ਮੁੱਦਾ ਨਹੀਂ, ਸਗੋਂ ਇੱਕ ਸਮਾਜਿਕ ਅਤੇ ਰਾਜਨੀਤਕ ਮੁੱਦਾ ਵੀ ਹੈ।

ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਨੇ ਭਵਿੱਖ ਦੇ ਗਣਰਾਜ ਲਈ ਇੱਕ ਨਕਸ਼ਾ ਤਿਆਰ ਕੀਤਾ ਅਤੇ ਸਮਾਜਵਾਦੀ ਲੀਹਾਂ 'ਤੇ ਰਾਸ਼ਟਰ ਦੇ ਸੰਪੂਰਨ ਵਿਕਾਸ ਲਈ ਪ੍ਰਬੰਧ ਕੀਤੇ ਸਨ। ਸਾਰਿਆਂ ਨੂੰ ਰੋਜ਼ੀ-ਰੋਟੀ ਦੇ ਸਾਧਨ ਪ੍ਰਦਾਨ ਕਰਨ ਅਤੇ ਆਮਦਨ ਅਤੇ ਰੁਤਬੇ ਦੀਆਂ ਅਸਮਾਨਤਾਵਾਂ ਨੂੰ ਘੱਟ ਕਰਨ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਰਾਜ ਦੀ ਸੀ। ਹਾਲਾਂਕਿ, ਮੌਜੂਦਾ ਸਰਕਾਰ ਦੀਆਂ ਆਰਥਿਕ ਨੀਤੀਆਂ; ਜਨਤਕ ਸੰਪਤੀਆਂ ਦਾ ਨਿੱਜੀਕਰਨ, ਕਿਰਤ ਅਧਿਕਾਰਾਂ ਨੂੰ ਕਮਜ਼ੋਰ ਕਰਨਾ ਅਤੇ ਕਾਰਪੋਰੇਟ ਪੱਖੀ ਏਜੰਡਾ, ਨੇ ਇਨ੍ਹਾਂ ਮੁੱਦਿਆਂ ਦੀ ਮਹੱਤਤਾ ਨੂੰ ਹੋਰ ਵਧਾ ਦਿੱਤਾ ਹੈ। ਅਮੀਰ ਅਮੀਰ ਹੁੰਦੇ ਜਾ ਰਹੇ ਹਨ, ਜਦੋਂ ਕਿ ਗਰੀਬਾਂ ਦਾ ਸੰਘਰਸ਼ ਉਵੇਂ ਹੀ ਜਾਰੀ ਹੈ। ਸੀ ਪੀ ਆਈ ਹਮੇਸ਼ਾ ਅਜਿਹੀਆਂ ਨੀਤੀਆਂ ਦੇ ਵਿਰੁੱਧ ਖੜ੍ਹੀ ਰਹੀ ਹੈ ਅਤੇ ਸਰੋਤਾਂ ਦੀ ਵਧੇਰੇ ਬਰਾਬਰ ਵੰਡ ਦੀ ਮੰਗ ਕਰਦੀ ਰਹੀ ਹੈ। ਇਸ ਤਰ੍ਹਾਂ ਅਸੀਂ ਕਲਿਆਣਕਾਰੀ ਰਾਜ ਦੀ ਪੂਰੀ ਬਹਾਲੀ ਦੀ, ਜੋ ਕਿ ਸੰਵਿਧਾਨ ਦਾ ਮੁੱਖ ਸਿਧਾਂਤ ਹੈ ਅਤੇ ਸਮਾਜ ਦੇ ਪਛੜੇ ਵਰਗਾਂ ਲਈ ਸਮਾਜਿਕ ਸੁਰੱਖਿਆ ਉਪਾਅ ਦੀ ਮੰਗ ਕਰਦੇ ਹਾਂ।

ਇਸ ਤੋਂ ਇਲਾਵਾ ਭਾਜਪਾ-ਆਰ ਐਸ ਐਸ ਸ਼ਾਸਨ ਅਧੀਨ ਭਾਰਤ ਦੀ ਫੈਡਰਲ ਰਾਜਨੀਤੀ ਨੂੰ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਦੇਸ਼ ਦੇ ਬਹੁਲਵਾਦੀ ਤਾਣੇ-ਬਾਣੇ ਅਤੇ ਸੰਵਿਧਾਨਕ ਢਾਂਚੇ ਨੂੰ ਵੱਧ ਤੋਂ ਵੱਧ ਖਤਰਾ ਖੜ੍ਹਾ ਕਰਦੀ ਹੈ। ਸੰਵਿਧਾਨ ਦਾ ਆਰਟੀਕਲ 1 ਭਾਰਤ ਨੂੰ ਰਾਜਾਂ ਦਾ ਸੰਘ ਘੋਸ਼ਿਤ ਕਰਦਾ ਹੈ, ਪਰ ਸ਼ਕਤੀ ਦਾ ਕੇਂਦਰੀਕਰਨ, ਜੋ ਕਿ ਰਾਜ ਦੇ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਅਤੇ ਲੋਕਤੰਤਰੀ ਤੌਰ 'ਤੇ ਚੁਣੀਆਂ ਗਈਆਂ ਰਾਜ ਸਰਕਾਰਾਂ ਨੂੰ ਕਮਜ਼ੋਰ ਕਰਨ ਲਈ ਰਾਜਪਾਲ ਦੇ ਬਸਤੀਵਾਦੀ ਅਹੁਦੇ ਦੀ ਦੁਰਵਰਤੋਂ ਵਿੱਚ ਪ੍ਰਗਟ ਹੁੰਦਾ ਹੈ, ਫੈਡਰਲ ਢਾਂਚੇ ਦੇ ਸਾਰ ਨੂੰ ਖਤਮ ਕਰਦਾ ਹੈ। ਇਹ ਕੇਂਦਰੀਕਰਨ ਭਾਰਤ ਦੀ ਅਮੀਰ ਵਿਭਿੰਨਤਾ ਦੀ ਅਣਦੇਖੀ ਕਰਦੇ ਹੋਏ ਸੱਭਿਆਚਾਰਕ, ਭਾਸ਼ਾਈ ਅਤੇ ਧਾਰਮਿਕ ਇਕਸਾਰਤਾ ਥੋਪਣ ਦੀਆਂ ਕੋਸ਼ਿਸ਼ਾਂ ਨਾਲ ਜੁੜਿਆ ਹੋਇਆ ਹੈ। ਇੱਕ ਰਾਸ਼ਟਰ, ਇੱਕ ਚੋਣ ਲਈ ਜ਼ੋਰ ਕੇਂਦਰ ਸਰਕਾਰ ਦੀ ਸ਼ਕਤੀ ਨੂੰ ਹੋਰ ਮਜ਼ਬੂਤ ਕਰਦਾ ਹੈ, ਰਾਜਾਂ ਦੀ ਖੁਦਮੁਖਤਿਆਰੀ ਨੂੰ ਕਮਜ਼ੋਰ ਕਰਦਾ ਹੈ ਅਤੇ ਸੰਘੀ ਲੋਕਤੰਤਰ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਕਮਜ਼ੋਰ ਕਰਦਾ ਹੈ। ਇਸ ਤੋਂ ਇਲਾਵਾ ਵਿਰੋਧੀ ਧਿਰ ਦੁਆਰਾ ਸ਼ਾਸਿਤ ਰਾਜਾਂ ਨੂੰ ਯੋਜਨਾਬੱਧ ਵਿਤਕਰੇ ਅਤੇ ਜ਼ਬਰਦਸਤੀ ਦਾ ਸਾਹਮਣਾ ਕਰਨਾ ਪੈਂਦਾ ਹੈ, ਖੇਤਰੀ ਇੱਛਾਵਾਂ ਅਤੇ ਇੱਕ ਏਕਾਧਿਕਾਰ ਰਾਸ਼ਟਰੀ ਪਛਾਣ ਦੇ ਕੇਂਦਰ ਸਰਕਾਰ ਦੇ ਦ੍ਰਿਸ਼ਟੀਕੋਣ ਵਿਚਕਾਰ ਤਣਾਅ ਨੂੰ ਤੇਜ਼ ਕਰਦਾ ਹੈ।

ਇਸ ਗਣਤੰਤਰ ਦਿਵਸ 'ਤੇ, ਜਿਵੇਂ ਕਿ ਅਸੀਂ ਇਤਿਹਾਸ ਦੇ ਚੌਰਾਹੇ 'ਤੇ ਖੜ੍ਹੇ ਹਾਂ, ਸਾਨੂੰ ਆਪਣੇ ਸੰਵਿਧਾਨ ਦੇ ਆਦਰਸ਼ਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਨਵਿਆਉਣਾ ਚਾਹੀਦਾ ਹੈ। ਸਾਨੂੰ ਡਾ. ਅੰਬੇਦਕਰ ਦੇ ਭਵਿੱਖਬਾਣੀ ਵਾਲੇ ਸ਼ਬਦਾਂ ਨੂੰ ਯਾਦ ਰੱਖਣਾ ਚਾਹੀਦਾ ਹੈ, ਜਿਨ੍ਹਾਂ ਸੰਵਿਧਾਨ ਸਭਾ ਵਿੱਚ ਆਪਣੇ ਆਖਰੀ ਭਾਸ਼ਣ ਵਿੱਚ ਚੇਤਾਵਨੀ ਦਿੱਤੀ ਸੀ ਕਿ ਸੰਵਿਧਾਨ ਭਾਵੇਂ ਕਿੰਨਾ ਵੀ ਚੰਗਾ ਹੋਵੇ, ਇਹ ਯਕੀਨੀ ਤੌਰ 'ਤੇ ਮਾੜਾ ਸਾਬਤ ਹੁੰਦਾ ਹੈ, ਕਿਉਂਕਿ ਜਿਨ੍ਹਾਂ ਨੂੰ ਇਸ 'ਤੇ ਕੰਮ ਕਰਨ ਲਈ ਲਾਇਆ ਜਾਂਦਾ ਹੈ, ਉਹ ਮਾੜੇ ਹੁੰਦੇ ਹਨ।

ਡਾ. ਅੰਬੇਦਕਰ ਨੇ ਜ਼ੋਰ ਦੇ ਕੇ ਕਿਹਾ ਕਿ ਸੰਵਿਧਾਨ ਦਾ ਬਚਾਅ ਨਾ ਸਿਰਫ਼ ਇਸ ਦੇ ਪ੍ਰਬੰਧਾਂ ਦੀ ਗੁਣਵੱਤਾ 'ਤੇ ਨਿਰਭਰ ਕਰਦਾ ਹੈ, ਸਗੋਂ ਲੋਕਾਂ ਅਤੇ ਉਨ੍ਹਾਂ ਦੇ ਨੇਤਾਵਾਂ ਦੀ ਇਸ ਦੀ ਭਾਵਨਾ ਨੂੰ ਕਾਇਮ ਰੱਖਣ ਦੀ ਵਚਨਬੱਧਤਾ 'ਤੇ ਵੀ ਨਿਰਭਰ ਹੈ। ਅੱਜ ਅਸੀਂ ਇੱਕ ਅਜਿਹੇ ਸੰਕਟ ਦਾ ਸਾਹਮਣਾ ਕਰ ਰਹੇ ਹਾਂ, ਜਿੱਥੇ ਸੱਜੇ-ਪੱਖੀ, ਫਿਰਕੂ ਫਾਸ਼ੀਵਾਦ ਅਤੇ ਭਾਈਵਾਲ ਪੂੰਜੀਵਾਦ ਦੀਆਂ ਰਾਜਨੀਤਕ ਤਾਕਤਾਂ ਸੰਵਿਧਾਨ ਦੀਆਂ ਮੂਲ ਕਦਰਾਂ ਕੀਮਤਾਂ, ਧਰਮ ਨਿਰਪੱਖਤਾ, ਕਲਿਆਣਕਾਰੀ ਰਾਜ ਅਤੇ ਸੰਘਵਾਦ ਨੂੰ ਕਮਜ਼ੋਰ ਕਰ ਰਹੀਆਂ ਹਨ। ਧਾਰਮਿਕ ਬਹੁਗਿਣਤੀਵਾਦ, ਭਾਈਵਾਲ ਪੂੰਜੀਵਾਦ, ਵਧਦੀ ਅਸਮਾਨਤਾ ਅਤੇ ਇਕਸਾਰਤਾ ਸਾਡੇ ਗਣਰਾਜ ਦੇ ਤਾਣੇ-ਬਾਣੇ ਨੂੰ ਖਤਰੇ ਵਿੱਚ ਪਾ ਰਹੀਆਂ ਹਨ। ਇਹ ਸਾਡਾ ਫਰਜ਼ ਹੈ ਕਿ ਅਸੀਂ ਇਨ੍ਹਾਂ ਤਾਕਤਾਂ ਦਾ ਵਿਰੋਧ ਕਰੀਏ ਅਤੇ ਭਾਰਤ ਨੂੰ ਇੱਕ ਅਜਿਹੇ ਦੇਸ਼ ਵਜੋਂ ਦੁਬਾਰਾ ਬਣਾਈਏ, ਜੋ ਨਿਆਂ, ਸਮਾਨਤਾ ਅਤੇ ਧਰਮ ਨਿਰਪੱਖਤਾ ਦੇ ਆਦਰਸ਼ਾਂ 'ਤੇ ਖਰਾ ਉਤਰਦਾ ਹੈ। ਸੀ ਪੀ ਆਈ ਹਰ ਨਾਗਰਿਕ, ਹਰ ਪ੍ਰਗਤੀਸ਼ੀਲ ਸ਼ਕਤੀ ਅਤੇ ਹਰ ਸੱਚੇ ਦੇਸ਼ ਭਗਤ ਨੂੰ ਭਾਰਤ ਦੇ ਲੋਕਾਂ ਦੀ ਬਿਹਤਰੀ ਲਈ ਗਣਰਾਜ ਨੂੰ ਮੁੜ ਪ੍ਰਾਪਤ ਕਰਨ ਦੇ ਸੰਘਰਸ਼ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦੀ ਹੈ।

ਅਸੀਂ ਆਪਣੇ ਸੰਵਿਧਾਨ ਦੇ ਦ੍ਰਿਸ਼ਟੀਕੋਣ ਤੋਂ ਪ੍ਰੇਰਨਾ ਲਈਏ ਅਤੇ ਇਹ ਯਕੀਨੀ ਬਣਾਉਣ ਲਈ ਕੰਮ ਕਰੀਏ ਕਿ ਇਹ ਇੱਕ ਜੀਵੰਤ ਦਸਤਾਵੇਜ਼ ਬਣਿਆ ਰਹੇ, ਜੋ ਸਾਰਿਆਂ ਲਈ ਆਜ਼ਾਦੀ, ਸਮਾਨਤਾ ਅਤੇ ਮਾਣ ਦੀ ਗਰੰਟੀ ਦਿੰਦਾ ਹੈ।

ਅਸੀਂ ਆਪਣੇ ਗਣਰਾਜ ਨੂੰ ਵੰਡਣ ਅਤੇ ਅਸਮਾਨਤਾ ਦੀਆਂ ਤਾਕਤਾਂ ਤੋਂ ਮੁੜ ਆਜ਼ਾਦ ਕਰਾਈਏ ਅਤੇ ਇੱਕ ਅਜਿਹਾ ਸਮਾਜ ਬਣਾਉਣ ਲਈ ਕੰਮ ਕਰੀਏ, ਜਿੱਥੇ ਸਾਡੇ ਆਜ਼ਾਦੀ ਘੁਲਾਟੀਆਂ ਦੇ ਸੁਪਨੇ ਸਾਕਾਰ ਹੋਣ, ਜਿੱਥੇ ਇਸ ਮਹਾਨ ਰਾਸ਼ਟਰ ਦੇ ਹਰ ਨਾਗਰਿਕ ਲਈ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰਾ ਪ੍ਰਫੁੱਲਤ ਹੋਵੇ।

ਆਓ, ਲੋਕਾਂ ਲਈ ਗਣਤੰਤਰ ਨੂੰ ਮੁੜ ਹਾਸਲ ਕਰੀਏ।

# ਸੰਪਰਕ : 99884-91002

# ਨਸ਼ਿਆਂ ਦੀ ਦਲਦਲ-ਵੱਡੀ ਚੁਣੌਤੀ



ਗੁਰਮੀਤ ਸਿੰਘ ਪਲਾਹੀ

ਨਸ਼ਾ ਮਾਫੀਏ ਦੀਆਂ ਸਰਗਰਮੀਆਂ ਸਿਖ਼ਰਾਂ 'ਤੇ ਹਨ। ਬੱਚਿਆਂ, ਭੋਲੇ-ਭਾਲੇ ਚੜ੍ਹਦੀ ਉਮਰ ਦੇ ਮੁੱਛ-ਫੁੱਟ ਗੱਭਰੂਆਂ, ਨੌਜਵਾਨ-ਮੁਟਿਆਰਾਂ ਨੂੰ ਆਪਣੇ ਰਸਤੇ ਤੋਂ ਭਟਕਾ ਕੇ ਦੇਸ਼, ਦੁਨੀਆ ਵਿੱਚ ਮਨ-ਆਈਆਂ ਕਰਨ ਲਈ, ਸਭ ਤੋਂ ਸੌਖਾ ਤਰੀਕਾ ਜਿਹੜਾ ਦਿਸਦਾ ਹੈ, ਉਹ ਨਸ਼ੀਲੇ ਪਦਾਰਥ ਬਣਾਉਣਾ, ਵੰਡਣਾ, ਵੇਚਣਾ ਅਤੇ ਇਸ ਦਾ ਦੁਨੀਆ ਭਰ 'ਚ ਪ੍ਰਸਾਰ ਕਰਨਾ ਹੈ। ਇਹ ਕੰਮ ਕਰਨ ਵਾਲੇ ਨਸ਼ਾ ਸੌਦਾਗਰ ਏਨੇ ਬਲਵਾਨ ਹੋ ਚੁੱਕੇ ਹਨ ਕਿ ਦੁਨੀਆ ਦੀ ਕੋਈ ਵੀ ਸਰਕਾਰ ਨਸ਼ੇ ਦੇ ਇਹਨਾਂ ਸੌਦਾਗਰਾਂ ਉਤੇ ਪੱਕੇ ਤੌਰ 'ਤੇ ਪਾਬੰਦੀ ਲਾਉਣ ਤੋਂ ਅਸਮਰੱਥ ਹੈ। ਇਸੇ ਕਰਕੇ ਨਸ਼ਿਆਂ ਦਾ ਅੰਤ ਨਹੀਂ ਹੋ ਰਿਹਾ।

ਦੁਨੀਆ ਭਰ 'ਚ ਨਸ਼ੀਲੇ ਪਦਾਰਥਾਂ ਦਾ ਜਾਲ ਵਿਛਿਆ ਹੋਇਆ ਹੈ। ਨਸ਼ੀਲੇ ਪਦਾਰਥ ਬਣਾਉਣ ਤੋਂ ਲੈ ਕੇ ਵੇਚਣ ਤੱਕ ਦੇ ਆਪਣੇ ਕੰਮ ਨੂੰ ਨਸ਼ਾ ਸੌਦਾਗਰ ਅਤਿਅੰਤ ਵਪਾਰਕ ਪੱਧਰ 'ਤੇ ਪੂਰਾ ਕਰਦੇ ਹਨ। ਕੋਈ ਦੋ ਰਾਵਾਂ ਨਹੀਂ ਕਿ ਸ਼ਾਸਨ-ਪ੍ਰਸ਼ਾਸਨ ਦੀਆਂ ਕੁਝ ਗੰਦੀਆਂ ਮੱਛੀਆਂ ਲੁਕਵੇਂ ਰੂਪ 'ਚ ਇਸ ਵਿੱਚ ਸ਼ਾਮਲ ਹਨ। ਜੇਕਰ ਇੰਜ ਨਾ ਹੁੰਦਾ ਤਾਂ ਨਸ਼ਾ ਮਾਫੀਆ ਇਸ ਕਦਰ ਵਧ-ਫੁੱਲ ਨਹੀਂ ਸੀ ਸਕਦਾ।

ਸਮੱਸਿਆ ਨਸ਼ਿਆਂ ਦੇ ਪਦਾਰਥਾਂ ਦੀ ਖਰੀਦੋ-ਫ਼ਰੋਖਤ ਤੱਕ ਹੀ ਸੀਮਤ ਨਹੀਂ ਰਹੀ। ਪੈਕਟ ਬੰਦ ਡੱਬੇ, ਡੱਬੇ ਬੰਦ ਭੋਜਨ ਅਤੇ ਪੀਣ ਵਾਲੀਆਂ ਚੀਜ਼ਾਂ ਵਿੱਚ ਵੀ ਸਿਹਤ ਲਈ ਘਾਤਕ, ਮੌਤ ਦੇ ਮੂੰਹ ਧੱਕਣ ਵਾਲੇ ਰਸਾਇਣਕ ਮਿਸ਼ਰਣ ਪਾਏ ਜਾਂਦੇ ਹਨ। ਪਿਛਲੇ 25 ਵਰ੍ਹਿਆਂ 'ਚ ਇਹ ਅਭਿਆਸ ਨਿਰੰਤਰ ਵਧਿਆ ਹੈ। ਇਸ ਅਭਿਆਸ ਦੀ ਨਿਗਰਾਨੀ ਉੱਤੇ, ਜੋ ਪਹਿਲਾਂ ਸਰਕਾਰੀ ਬੰਦਿਸ਼ ਸੀ, ਉਹ ਕਾਫੀ ਢਿੱਲੀ ਪੈ ਚੁੱਕੀ ਹੈ। ਹੁਣ ਕਣਕ, ਚਾਵਲ, ਦਾਲ, ਸਬਜ਼ੀ, ਫਲ, ਮਸਾਲੇ, ਤੇਲ, ਘਿਓ, ਪੈਕਟ ਬੰਦ ਭੋਜਨ ਅਤੇ ਸੋਡਾ ਵਾਟਰ ਤੇ ਹੋਰ ਪੀਣ ਵਾਲੇ ਪਦਾਰਥਾਂ ਵਿੱਚ ਇਸ ਦੀ ਮਾਤਰਾ ਆਮ ਪਾਈ ਜਾਂਦੀ ਹੈ, ਜਿਸ ਨੇ ਬਹੁਤੇ ਲੋਕਾਂ ਦੀ ਸਿਹਤ ਨੂੰ ਹਾਲੋਂ-ਬੇਹਾਲ ਕੀਤਾ ਹੋਇਆ ਹੈ। ਆਮ ਆਦਮੀ ਬੇਵੱਸ ਹੈ। ਉਸ ਦੇ ਸਰੀਰ ਦੇ ਅੰਦਰੂਨੀ ਅੰਗਾਂ ਉਤੇ ਇਸਦਾ ਅਸਰ ਪੈ ਰਿਹਾ ਹੈ। ਇਸ ਦਾ ਅਸਰ ਮਨੁੱਖ ਦੀ ਮਨੋ ਅਵਸਥਾ ਉਤੇ ਵੀ ਪੈਂਦਾ ਹੈ।

ਨਸ਼ੀਲੇ ਪਦਾਰਥਾਂ ਦੀ ਤਸਕਰੀ ਭਾਰਤ ਲਈ ਹੀ ਨਹੀਂ, ਸਗੋਂ ਦੁਨੀਆ ਲਈ ਵੀ ਵੱਡੀ ਸਿਰਦਰਦੀ ਹੈ। ਲੱਗਭੱਗ ਸਾਰੇ ਦੇਸ਼ਾਂ ਦੇ ਵੱਡੀ ਗਿਣਤੀ 'ਚ ਛੋਟੀ ਉਮਰ ਵਾਲੇ ਅਤੇ ਨੌਜਵਾਨ ਨਸ਼ਿਆਂ ਦੀ ਮਾਰ ਹੇਠ ਹਨ। ਹੈਰਾਨੀਜਨਕ ਤਾਂ ਇਹ ਹੈ ਕਿ ਕਾਨੂੰਨੀ ਤੌਰ 'ਤੇ ਨਸ਼ਿਆਂ ਦੀ ਮਨਾਹੀ ਹੈ, ਪਰ ਇਹ ਧੰਦਾ ਰੁਕ ਨਹੀਂ ਰਿਹਾ, ਲਗਾਤਾਰ ਵਧ ਰਿਹਾ ਹੈ। ਸਵਾਲ ਉੱਠਦੇ ਹਨ ਕਿ ਕੀ ਇਹ ਸਭ ਕੁਝ ਸਰਕਾਰੀ ਮਿਲੀ-ਭੁਗਤ ਨਾਲ ਹੋ ਰਿਹਾ ਹੈ?

ਭਾਰਤ ਜਿਹੇ ਦੇਸ਼ ਵਿੱਚ ਹੁਣ ਵੀ ਬੱਚਿਆਂ ਅਤੇ ਨੌਜਵਾਨਾਂ ਨੂੰ ਪਰਵਾਰ ਅਤੇ ਸਮਾਜ ਦਾ ਡਰ ਹੈ, ਇੱਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੋਰ ਦੇਸ਼ਾਂ ਦੇ ਮੁਕਾਬਲੇ ਘੱਟ ਹੈ, ਲੇਕਿਨ ਪਿਛਲੇ ਕੁਝ ਦਹਾਕਿਆਂ ਵਿੱਚ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਜਿਹਨਾ ਸੂਬਿਆਂ 'ਚ ਸਰਕਾਰਾਂ ਦਾ ਕੁ-ਪ੍ਰਬੰਧ ਹੈ, ਉੱਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਧ ਰਹੀ ਹੈ ਅਤੇ ਨਸ਼ਿਆਂ ਦਾ ਪ੍ਰਕੋਪ ਸਿਖ਼ਰਾਂ 'ਤੇ ਪੁੱਜ ਗਿਆ ਹੈ।ਭਾਰਤ ਦੇ ਸਰਹੱਦੀ ਸੂਬੇ ਇਸ ਦੀ ਮਾਰ ਵਿੱਚ ਹਨ। ਪੰਜਾਬ ਨਸ਼ਿਆਂ ਦੀ ਵੱਡੀ ਮਾਰ ਸਹਿ ਰਿਹਾ ਹੈ।

ਨਸ਼ਿਆਂ ਦੀ ਵਰਤੋਂ ਦੀ ਵਧ ਰਹੀ ਤਸਵੀਰ ਅੰਕੜਿਆਂ ਤੋਂ ਵੇਖੀ ਜਾ ਸਕਦੀ ਹੈ। ਇਕੱਲੇ 2024 ਵਿੱਚ ਹੀ 16,914 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ। ਕੁਝ ਦਿਨ ਪਹਿਲਾਂ ਨਵੀਂ ਦਿੱਲੀ 'ਚ 560 ਕਿਲੋ ਤੋਂ ਜ਼ਿਆਦਾ ਕੋਕੀਨ ਅਤੇ 40 ਕਿਲੋ ਮਾਰਜੁਆਨਾ ਫੜਿਆ ਗਿਆ। ਇਸ ਦੀ ਕੀਮਤ ਸੱਤ ਹਜ਼ਾਰ ਕਰੋੜ ਹੈ। ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਇੱਕ ਕਾਰਖਾਨੇ ਵਿੱਚ 1814 ਕਰੋੜ ਮੁੱਲ ਦਾ 907 ਕਿਲੋ ਮੈਫੇਡਰੀਨ ਪਦਾਰਥ ਫੜਿਆ ਗਿਆ। ਇਹ ਨਸ਼ਾ ਬਣਾਉਣ ਵਾਲੀ ਕੱਚੀ ਸਮੱਗਰੀ ਵਜੋਂ ਵਰਤਿਆ ਜਾਂਦਾ ਹੈ। ਇੰਝ ਬਹੁਤ ਵੱਡੀ ਰਾਸ਼ੀ ਨਸ਼ਿਆਂ ਦੇ ਪਦਾਰਥਾਂ ਦੇ ਪ੍ਰਚਲਣ ਲਈ ਇਸਤੇਮਾਲ ਹੋ ਰਹੀ ਹੈ।ਹੈਰਾਨੀਜਨਕ ਹੈ ਕਿ ਅੰਕੜਿਆਂ 'ਚ ਦੱਸਿਆ ਹੈ ਕਿ ਇਹ ਪਦਾਰਥ ਜਾਂ ਸਮਗਰੀ ਉਹ ਹੈ, ਜੋ ਛਾਪਿਆਂ 'ਚ ਜ਼ਬਤ ਕੀਤੀ ਜਾ ਰਹੀ ਹੈ, ਪਰ ਪੈਸੇ ਦੀ ਜਿਹੜੀ ਵਰਤੋਂ ਨਸ਼ਾ ਵਪਾਰ 'ਚ ਹੋ ਰਹੀ ਹੈ, ਉਸ ਦਾ ਅੰਦਾਜ਼ਾ ਲਗਾਇਆ ਹੀ ਨਹੀਂ ਜਾ ਸਕਦਾ।

ਭਾਰਤ ਵਿੱਚ ਸਾਲ 2009 ਤੋਂ 2014 ਤੱਕ ਕੁੱਲ 3.63 ਲੱਖ ਨਸ਼ੀਲੇ ਪਦਾਰਥ ਜ਼ਬਤ ਹੋਏ, ਜਦਕਿ 2014 ਤੋਂ 2024 ਤੱਕ 24 ਲੱਖ ਕਿਲੋ ਨਸ਼ੀਲੇ ਪਦਾਰਥ ਜ਼ਬਤ ਹੋਏ। 2004-14 ਤੱਕ ਨਸ਼ੀਲੇ ਜ਼ਬਤ ਪਦਾਰਥਾਂ ਦਾ ਮੁੱਲ 8150 ਕਰੋੜ ਸੀ, ਜਦਕਿ 2014-24 ਵਿੱਚ ਨਸ਼ਟ ਕੀਤੇ ਨਸ਼ੀਲੇ ਪਦਾਰਥਾਂ ਦਾ ਮੁੱਲ 54,831 ਕਰੋੜ ਸੀ। ਭਾਰਤ ਵਿੱਚ ਵੀ ਤੇ ਦੁਨੀਆ ਵਿੱਚ ਵੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਧੰਦਾ ਚਰਮਸੀਮਾ 'ਤੇ ਹੈ।

ਨਸ਼ਾ ਤਸਕਰੀ 'ਚ ਤਸਕਰ-ਗ੍ਰੋਹ ਡਾਰਕ ਵੇਵ, ਔਨਲਾਈਨ ਅਤੇ ਡਰੋਨ ਅਧਾਰਤ ਠੱਗੀ ਵੀ ਸ਼ੁਰੂ ਕਰ ਚੁੱਕੇ ਹਨ। ਨਤੀਜਾ ਇਹ ਹੈ ਕਿ ਉਹਨਾਂ ਦੀਆਂ ਵਿਆਪਕ ਭੈੜੀਆਂ ਸਰਗਰਮੀਆਂ ਦੀ ਮਾਰ ਹੇਠ ਸਮਾਜ ਦੀ ਕੋਈ ਵੀ ਗਤੀਵਿਧੀ ਸੁਰੱਖਿਅਤ ਨਹੀਂ ਰਹੀ। ਇੱਥੋਂ ਤੱਕ ਕਿ ਦੇਸ਼ਾਂ ਦੀ ਆਰਥਿਕਤਾ ਵੀ ਇਹਨਾਂ ਤਸਕਰ-ਗਰੋਹਾਂ ਦੇ ਨਿਸ਼ਾਨੇ 'ਤੇ ਆ ਚੁੱਕੀ ਹੈ। ਮਾਫੀਆ ਰਾਜ ਦਾ ਪਸਾਰਾ ਇਹਨਾਂ ਦੀ ਬਦੌਲਤ ਵਧ-ਫੁੱਲ ਰਿਹਾ ਹੈ। ਅਪਰਾਧਾਂ ਦੀ ਵਧ ਰਹੀ ਚਿੰਤਾਜਨਕ ਵੱਡੀ ਗਿਣਤੀ ਵੀ ਨਸ਼ਾ ਗ੍ਰੋਹਾਂ ਦੀ ਉਪਜ ਹੈ, ਜਿਹੜੇ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਨਿੱਤ ਦਿਹਾੜੇ ਵਾਰਦਾਤਾਂ ਕਰਦੇ ਹਨ। ਇਹ ਹੋਰ ਵੀ ਚਿੰਤਾਜਨਕ ਹੈ ਕਿ ਰੁਜ਼ਗਾਰ ਤੋਂ ਵੰਚਿਤ ਨੌਜਵਾਨ ਇਹਨਾਂ ਗ੍ਰੋਹਾਂ 'ਚ ਸ਼ਾਮਲ ਹੋ ਰਹੇ ਹਨ ਅਤੇ ਸਮਾਜ ਵਿੱਚ ਨਿੱਤ ਨਵੀਆਂ ਮੁਸੀਬਤਾਂ ਦਾ ਕਾਰਨ ਬਣ ਰਹੇ ਹਨ। ਇਸ ਤੋਂ ਵੀ ਵੱਡੀ ਚਿੰਤਾ ਨਸ਼ਾ ਤਸਕਰਾਂ, ਗੁੰਡਾ ਗ੍ਰੋਹਾਂ, ਸਮਾਜ ਵਿਰੋਧੀ ਅਨਸਰਾਂ ਦੇ ਸਰਗਨਿਆਂ ਦਾ ਸਿਆਸੀ ਧਿਰਾਂ ਦਾ ਜੋੜ-ਮੇਲ ਵਧ ਰਿਹਾ ਹੈ, ਜੋ ਦੇਸ਼ ਵਿੱਚ ਹੋ ਰਹੀਆਂ ਕਿਸੇ ਕਿਸਮ ਦੀਆਂ ਚੋਣਾਂ 'ਚ ਅਹਿਮ ਭੂਮਿਕਾ ਨਿਭਾਉਣ ਦੇ ਯੋਗ ਬਣ ਗਏ ਹਨ। ਸਿੱਟਾ ਇਹ ਹੈ ਕਿ ਸਰਵਜਨਕ ਰੂਪ ਵਿੱਚ ਤਸਕਰਾਂ ਦੀ ਅਰਾਜਕਤਾ ਪ੍ਰਭਾਵੀ ਢੰਗ ਨਾਲ ਦੇਸ਼ ਤੇ ਸਮਾਜ ਵਿੱਚ ਦਿਖਣ ਲੱਗੀ ਹੈ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਉੱਤੇ ਭਾਰੀ ਪੈਣ ਲੱਗੀ ਹੈ।

ਵੈਸੇ ਤਾਂ ਦੇਸ਼ ਦੇ ਹਰ ਸੂਬੇ 'ਚ ਨਸ਼ਿਆਂ ਦਾ ਜਾਲ ਫੈਲਾਇਆ ਜਾ ਰਿਹਾ ਹੈ, ਪਰ ਸਰਹੱਦੀ ਸੂਬੇ ਇਸ ਦੀ ਮਾਰ ਹੇਠ ਜ਼ਿਆਦਾ ਹਨ। ਪੰਜਾਬ 'ਚ ਨਸ਼ਾ ਤਸਕਰ ਆਪਣਾ ਪ੍ਰਭਾਵ ਵਧਾ ਚੁੱਕੇ ਹਨ। ਪੰਜਾਬ ਦੇ ਪਿੰਡਾਂ-ਸ਼ਹਿਰਾਂ ਦੀਆਂ ਬਸਤੀਆਂ ਦਾ ਬੇਰੋਕ-ਟੋਕ ਮਿਲਣਾ ਅਤੇ ਨਸ਼ਿਆਂ ਖਿਲਾਫ਼ ਬੋਲਣ ਵਾਲਿਆਂ ਨੂੰ ਨਸ਼ਾ ਤਸਕਰਾਂ ਵੱਲੋਂ ਚੁੱਪ ਕਰਵਾਉਣਾ ਆਮ ਜਿਹੀ ਗੱਲ ਹੈ। ਕਈ ਥਾਵਾਂ ਉੱਤੇ ਜਿੱਥੇ ਨਸ਼ਿਆਂ ਦਾ ਭਰਵਾਂ ਵਿਰੋਧ ਹੋਇਆ, ਉੱਥੇ ਸਰਪੰਚਾਂ ਜਾਂ ਮੋਹਤਬਰਾਂ ਦੇ ਕਤਲਾਂ ਦੀਆਂ ਖ਼ਬਰਾਂ ਵੀ ਮਿਲਦੀਆਂ ਹਨ। ਪੰਜਾਬ 'ਚ ਨੌਜਵਾਨਾਂ 'ਚ ਵਧ ਰਹੀ ਬੇਰੁਜ਼ਗਾਰੀ, ਖੇਤੀ ਖੇਤਰ 'ਚ ਘਟ ਰਹੀ ਆਮਦਨ ਕਾਰਨ ਲੋਕਾਂ 'ਚ ਫੈਲੀ ਨਿਰਾਸ਼ਾ, ਸਾਂਝੇ ਪਰਵਾਰਾਂ ਦਾ ਟੁੱਟਣਾ, ਨਸ਼ਿਆਂ ਦਾ ਕਾਰਨ ਬਣ ਰਿਹਾ ਹੈ। ਸਿਆਸਤਦਾਨਾਂ ਵੱਲੋਂ ਗੁੰਡਾ ਅਨਸਰਾਂ ਨੂੰ ਆਪਣੇ ਸਵਾਰਥ ਸਿੱਧੀ ਲਈ ਸ਼ਾਬਾਸ਼ੀ, ਨੌਜਵਾਨਾਂ 'ਚ ਗਲੈਮਰ ਦੀ ਭਾਵਨਾ ਵੀ ਭਰਦੀ ਹੈ, ਉਹ ਪਹਿਲਾਂ ਗੁੰਡਾ ਗ੍ਰੋਹਾਂ, ਸਮਾਜ ਵਿਰੋਧੀ ਅਨਸਰਾਂ ਵਿੱਚ ਅਤੇ ਫਿਰ ਨਸ਼ਾ ਤਸਕਰਾਂ ਨਾਲ ਸਾਂਝ-ਭਿਆਲੀ ਨਾਲ ਕੰਮ ਕਰਨ 'ਚ ਮਾਣ ਮਹਿਸੂਸ ਕਰਦੇ ਹਨ। ਕਾਰਨ ਭਾਵੇਂ ਹੋਰ ਵੀ ਵਧੇਰੇ ਹੋਣ, ਨੌਜਵਾਨਾਂ ਦਾ ਆਰਥਿਕ ਪੱਖੋਂ ਟੁੱਟਣਾ ਅਤੇ ਜ਼ਿੰਦਗੀ ਪ੍ਰਤੀ ਉਤਸ਼ਾਹ ਦੀ ਕਮੀ ਉਹਨਾ ਨੂੰ ਔਝੜੇ ਰਾਹੀਂ ਪਾਉਂਦੀ ਹੈ, ਜਿਹੜੀ ਅੰਤ 'ਚ ਉਹਨਾ ਦੇ ਉਜਾੜੇ ਦਾ ਕਾਰਨ ਬਣਦੀ ਹੈ।

ਭਾਵੇਂ ਭਾਰਤ ਵਿੱਚ ਨਸ਼ਾ ਤਸਕਰੀ ਰੋਕਣ ਲਈ ਡਰੱਗ ਕੰਟਰੋਲ ਐਕਟ ਬਣਿਆ ਹੋਇਆ ਹੈ। ਨੈਰੋਕੋਟਿਕਸ ਕੰਟਰੋਲ ਬਿਊਰੋ ਇਸ ਕਾਨੂੰਨ ਨੂੰ ਲਾਗੂ ਕਰਨ ਵਾਲੀ ਪ੍ਰਭਾਵੀ ਸਰਕਾਰੀ ਏਜੰਸੀ ਹੈ ਅਤੇ ਇਸ ਐਕਟ ਅਧੀਨ ਸਜ਼ਾਵਾਂ ਵੀ ਭਰਵੀਆਂ ਹਨ, ਜਿਸ ਵਿੱਚ ਜੁਰਮਾਨਾ ਅਤੇ 10 ਸਾਲ ਤੋਂ 20 ਸਾਲ ਤੱਕ ਦੀ ਕੈਦ ਵੀ ਸ਼ਾਮਲ ਹੈ ਅਤੇ ਬਾਵਜੂਦ ਸਰਕਾਰ ਦੇ ਇਹਨਾਂ ਐਲਾਨਾਂ ਦੇ ਕਿ ਉਸ ਵੱਲੋਂ ਤਸਕਰੀ ਰੋਕਣ ਲਈ ਹਰ ਸੰਭਵ ਯਤਨ ਹੋਣਗੇ, ਨਸ਼ਾ ਤਸਕਰਾਂ ਦੀਆਂ ਸਰਗਰਮੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਅੱਜ ਦੇਸ਼ ਸਾਹਮਣੇ ਵੱਡੀ ਚੁਣੌਤੀ ਨਸ਼ੇ ਹਨ। ਨੌਜਵਾਨ, ਜਿਹੜੇ ਨਸ਼ਾਗ੍ਰਸਤ ਹਨ, ਉਹਨਾ ਨੂੰ ਸਰਕਾਰੀ, ਗੈਰ-ਸਰਕਾਰੀ ਯਤਨਾਂ ਨਾਲ ਮੁੱਖ ਧਾਰਾ ਵਿੱਚ ਲਿਆਂਦਾ ਜਾਣਾ ਸਮੇਂ ਦੀ ਲੋੜ ਹੈ। ਨਸ਼ਾ ਤਸਕਰਾਂ ਵਿਰੁੱਧ ਵੱਡੀ ਲਾਮਬੰਦੀ ਕਰਕੇ ਉਹਨਾਂ ਨੂੰ ਸਖ਼ਤ ਸਜ਼ਾ ਦੇਣ, ਨਸ਼ਾ ਬਣਾਉਣ ਵਾਲੀਆਂ ਗੈਰ-ਕਾਨੂੰਨੀ ਫੈਕਟਰੀਆਂ, ਉਹਨਾ ਦੇ ਮਾਲਕਾਂ ਨੂੰ ਵੱਡੇ ਦੰਡ ਦੇਣ ਦੀ ਵੀ ਲੋੜ ਹੈ।

ਨਸ਼ਾ ਮਾਫੀਆ ਤਿੱਕੜੀ, ਜਿਸ ਵਿੱਚ ਨਸ਼ਾ ਤਸਕਰ, ਭੈੜੇ ਸਵਾਰਥੀ ਸਿਆਸਤਦਾਨ ਅਤੇ ਸੁਰੱਖਿਆ ਬਲਾਂ 'ਚ ਬੈਠੀਆਂ ਕਾਲੀਆਂ ਭੇਡਾਂ ਸ਼ਾਮਲ ਹਨ, ਦਾ ਚਿਹਰਾ ਨੰਗਾ ਕਰਕੇ ਉਹਨਾ ਨੂੰ ਨੱਥ ਪਾਉਣ ਤੋਂ ਬਿਨਾਂ ਆਮ ਲੋਕਾਂ ਦੀ ਨਸ਼ਿਆਂ ਪ੍ਰਤੀ ਚਿੰਤਾ-ਮੁਕਤੀ ਸੰਭਵ ਨਹੀਂ।

# ਸੰਪਰਕ : 98158-02070

# ਸਾਂਝਾ ਅਧਿਆਪਕ ਮੋਰਚਾ ਪੰਜਾਬ ਦੀ ਸਿੱਖਿਆ ਮੰਤਰੀ ਨਾਲ ਮੀਟਿੰਗ

**ਜਲਾਲਾਬਾਦ, (ਜੀਤ ਕੁਮਾਰ/ਜੰਗੀਰ ਕੌਰ)**

ਸਾਂਝਾ ਅਧਿਆਪਕ ਮੋਰਚਾ ਪੰਜਾਬ ਦੀ ਮੀਟਿੰਗ ਸਿੱਖਿਆ ਮੰਤਰੀ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਈ। ਜਿਸ ਵਿੱਚ ਬਲਜੀਤ ਸਿੰਘ ਸਲਾਣਾ, ਦਿਗਵਿਜੇਪਾਲ ਸ਼ਰਮਾ, ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਕੰਬੋਜ, ਸੁਰਿੰਦਰ ਕੁਮਾਰ ਪੁਆਰੀ, ਬਾਜ ਸਿੰਘ ਖਹਿਰਾ, ਸੁਖਵਿੰਦਰ ਸਿੰਘ ਸੁੱਖੀ, ਗੁਰਜੰਟ ਸਿੰਘ ਵਾਲੀਆ, ਹਰਵਿੰਦਰ ਸਿੰਘ ਬਿਲਗਾ, ਰਵਿੰਦਰਜੀਤ ਸਿੰਘ ਪੰਨੂ, ਅਮਨਬੀਰ ਸਿੰਘ ਗੁਰਾਇਆ ਅਤੇ ਸੁਖਜਿੰਦਰ ਸਿੰਘ ਹਰੀਕਾ, ਗੁਰਬਿੰਦਰ ਸਿੰਘ ਸਸਕੌਰ, ਸੁਖਰਾਜ ਸਿੰਘ ਕਾਹਲੋਂ, ਸ਼ਮਸ਼ੇਰ ਸਿੰਘ, ਲਛਮਣ ਸਿੰਘ ਨਬੀਪੁਰ ਸ਼ਾਮਲ ਸਨ।



ਇਸ ਸਬੰਧੀ ਸੁਰਿੰਦਰ ਕੰਬੋਜ ਸਵਾਹਵਾਲਾ, ਸੂਬਾ ਕੋਆਰਡੀਨੇਟਰ ਕੁਲਦੀਪ ਸਿੰਘ ਦੌੜਕਾ ਅਤੇ ਨਵਪ੍ਰੀਤ ਸਿੰਘ ਬੱਲੀ ਨੇ ਦੱਸਿਆ ਕਿ ਮੀਟਿੰਗ ਵਿੱਚ ਪੀ. ਟੀ. ਆਈਜ਼ / ਆਰਟ ਐਂਡ ਕਰਾਫਟ ਟੀਚਰਜ਼ ਆਦਿ ਸੀ. ਐਂਡ ਵੀ. ਅਧਿਆਪਕਾਂ ਦੇ ਪੇਅ ਸਕੇਲਾਂ ਸਬੰਧੀ ਵਿੱਤ ਵਿਭਾਗ ਵਲੋਂ ਜਾਰੀ ਤਰਕਹੀਣ ਸਪੀਕਿੰਗ ਆਰਡਰ ਰੱਦ ਕਰਵਾਉਣ ਲਈ ਮੋਰਚੇ ਤੋਂ ਪ੍ਰਾਪਤ ਕੀਤੇ ਸਬੰਧਤ ਦਸਤਾਵੇਜ਼ਾਂ ਅਨੁਸਾਰ ਸਿੱਖਿਆ ਮੰਤਰੀ ਖੁਦ ਵਿੱਤ ਵਿਭਾਗ ਨਾਲ ਮੀਟਿੰਗ ਕਰਕੇ ਹੱਲ ਕਰਵਾਉਣਗੇ। ਅਧਿਕਾਰੀਆਂ ਨੂੰ ਰਿਕਵਰੀ ਨਾ ਬਨਦੀ ਹੋਣ ਕਾਰਨ ਤੁਰੰਤ ਕਾਰਵਾਈ ਰੋਕਣ ਦੇ ਨਿਰਦੇਸ਼ ਦਿੱਤੇ ਗਏ, ਮਾਸਟਰ ਤੋਂ ਲੈਕਚਰਾਰ ਅਤੇ ਈ ਟੀ ਟੀ / ਓ ਸੀ ਟੀ ਤੋਂ ਮਾਸਟਰ ਕਾਡਰ ਵਿੱਚ ਹੋਈਆਂ ਤਰੱਕੀਆਂ ਸਮੇਂ ਦੂਰ ਦੁਰਾਡੇ ਦਿੱਤੇ ਸਟੇਸ਼ਨਾਂ ਦੀ ਥਾਂ ਮੁੜ ਖਾਲੀ ਸਟੇਸ਼ਨਾਂ 'ਤੇ ਚੋਣ ਕਰਵਾਈ ਜਾਵੇਗੀ, 16 ਫਰਵਰੀ ਦੀ ਕੌਮੀ ਹੜਤਾਲ ਕਰਨ ਵਾਲੇ ਅਧਿਆਪਕਾਂ / ਮੁਲਾਜ਼ਮਾਂ ਦੀ ਤਨਖਾਹ ਕਟੌਤੀ ਦਾ ਪੱਤਰ ਰੱਦ ਕਰਨ ਲਈ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਨਿਰਦੇਸ਼ ਦਿੱਤੇ ਗਏ। ਪਿਛਲੀਆਂ ਮੀਟਿੰਗਾਂ ਵਿੱਚ ਮੋਰਚੇ ਵਲੋਂ 2018 ਦੇ ਅਧਿਆਪਕ ਵਿਰੋਧੀ ਨਿਯਮਾਂ ਨੂੰ ਰੱਦ ਕਰਨ ਲਈ ਦਿੱਤੇ ਗਏ ਤਰਕਸੰਗਤ ਦਸਤਾਵੇਜ਼ਾਂ ਸਬੰਧੀ ਕਾਰਵਾਈ ਜਾਰੀ ਹੋਣ ਬਾਰੇ ਜਾਣਕਾਰੀ ਦਿੱਤੀ ਗਈ। ਰਾਸ਼ਟਰੀ ਸਿੱਖਿਆ ਨੀਤੀ 2020 ਦੀ ਥਾਂ ਪੰਜਾਬ ਦੀ ਨਵੀਂ ਸਿੱਖਿਆ ਨੀਤੀ ਬਣਾਉਣ ਦਾ ਵਾਅਦਾ ਮੁੜ ਦੁਹਰਾਇਆ ਗਿਆ। ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਸ਼ਿਫਟ ਕਰਨ ਅਤੇ ਹਰ ਤਰ੍ਹਾਂ ਦੇ ਕੱਚੇ ਅਧਿਆਪਕਾਂ ਨੂੰ ਪੰਜਾਬ ਦੇ ਤਨਖਾਹ ਸਕੇਲ ਵਿੱਚ ਰੈਗੂਲਰ ਕਰਨ ਦੀ ਮੰਗ ਕੀਤੀ ਗਈ। ਮੈਰੀਟੋਰੀਅਸ ਸਕੂਲਾਂ ਅਤੇ ਆਦਰਸ਼ ਸਕੂਲਾਂ ਦੇ ਅਧਿਆਪਕਾਂ ਅਤੇ ਮੁਲਾਜ਼ਮਾਂ ਨੂੰ ਸਿੱਖਿਆ ਵਿਭਾਗ ਅਧੀਨ ਲਿਆਉਣ ਦੀ ਮੰਗ ਕੀਤੀ ਗਈ। ਐਸ ਐਲ ਏ ਦੀ ਪੋਸਟ ਦਾ ਨਾਂ ਬਦਲਣ ਦੀ ਕਾਰਵਾਈ ਅੱਜ ਤੱਕ ਵੀ ਸਿਰੇ ਨਹੀਂ ਚੜ੍ਹੀ, 8886 ਅਧਿਆਪਕਾਂ ਦੀਆਂ ਅਚਨਚੇਤ ਛੁੱਟੀਆਂ ਲਈ ਠੇਕਾ ਅਧਾਰਤ ਪਿਛਲੀ ਸੇਵਾ ਗਿਣਨ ਦੀ ਮੰਗ ਕੀਤੀ ਗਈ। ਮਿਡ ਡੇ ਮੀਲ ਦੀ ਕੁਕਿੰਗ ਕਾਸਟ ਵਿੱਚੋਂ ਹੀ ਬੱਚਿਆਂ ਨੂੰ ਦੇਸੀ ਘਿਓ ਦਾ ਹਲਵਾ ਦੇਣ ਦੇ ਤਰਕਹੀਣ ਹੁਕਮਾਂ ਵੱਲ ਸਿੱਖਿਆ ਮੰਤਰੀ ਦਾ ਧਿਆਨ ਦਵਾਇਆ ਗਿਆ ਅਤੇ ਇਸ ਲਈ ਵੱਖਰੀ ਗਰਾਂਟ ਦੀ ਮੰਗ ਕੀਤੀ ਗਈ।

# ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਪ੍ਰਗਤੀਵਾਦੀ ਇਤਿਹਾਸਕਾਰ ਸੁਭਾਸ਼ ਪਰਹਾਰ ਨੂੰ

**ਬਰਨਾਲਾ (ਰਾਜਿੰਦਰ ਬਰਾੜ)**



ਤਰਕਸ਼ੀਲ ਸੁਸਾਇਟੀ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਮੁੱਖ ਦਫ਼ਤਰ ਤਰਕਸ਼ੀਲ ਭਵਨ ਵਿਖੇ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ 23 ਫਰਵਰੀ ਨੂੰ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਾਲਾਨਾ ਸਮਾਗਮ ਕਰਨ ਦਾ ਫੈਸਲਾ ਕੀਤਾ ਗਿਆ। ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਬਲਬੀਰ ਲੌਂਗੋਵਾਲ ਤੇ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਉੱਘੇ ਪ੍ਰਗਤੀਵਾਦੀ ਇਤਿਹਾਸਕਾਰ ਸੁਭਾਸ਼ ਪਰਿਹਾਰ ਨੂੰ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਦੇ ਕੇ ਸਨਮਾਨਤ ਕੀਤਾ ਜਾਵੇਗਾ, ਜਦਕਿ ਇਸ ਮੌਕੇ ਇਨਕਲਾਬੀ ਲਹਿਰ ਦੇ ਨਾਮਵਰ ਆਗੂ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਮੌਜੂਦਾ ਸਮਿਆਂ ਵਿੱਚ ਵਿਗਿਆਨਕ ਵਿਚਾਰਧਾਰਾ ਨੂੰ ਫ਼ਿਰਕੂ ਫਾਸ਼ੀਵਾਦ ਦੀਆਂ ਚੁਣੌਤੀਆਂ' ਵਿਸ਼ੇ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਨਗੇ। ਇਸ ਮੌਕੇ ਸੂਬਾ ਕਮੇਟੀ ਆਗੂਆਂ ਰਾਜੇਸ਼ ਅਕਲੀਆ, ਰਾਮ ਸਵਰਨ ਲੱਖੇਵਾਲੀ, ਜੋਗਿੰਦਰ ਕੁੱਲੇਵਾਲ, ਅਜੀਤ ਪ੍ਰਦੇਸੀ ਤੇ ਗੁਰਪ੍ਰੀਤ ਸ਼ਹਿਣਾ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਪੰਜਾਬ ਦੀਆਂ ਸਮੂਹ ਤਰਕਸ਼ੀਲ ਇਕਾਈਆਂ ਤੇ ਜ਼ੋਨਾਂ ਦੇ ਸੈਂਕੜੇ ਕਾਰਕੁੰਨਾਂ ਤੋਂ ਇਲਾਵਾ ਹੋਰਨਾਂ ਅਗਾਂਹਵਧੂ ਜਨਤਕ ਤੇ ਜਮਹੂਰੀ ਜਥੇਬੰਦੀਆਂ ਦੇ ਆਗੂ ਅਤੇ ਕਾਰਕੁੰਨ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ ਮੀਟਿੰਗ ਦੌਰਾਨ ਵੱਖ-ਵੱਖ ਜ਼ੋਨਾਂ ਦੇ ਜਥੇਬੰਦਕ ਆਗੂਆਂ ਮਾਸਟਰ ਪਰਮਵੇਦ ਸੰਗਰੂਰ, ਸੁਖਵਿੰਦਰ ਗੋਗਾ ਨਵਾਂਸ਼ਹਿਰ, ਪ੍ਰਿੰਸੀਪਲ ਗੁਰਮੀਤ ਖਰੜ ਚੰਡੀਗੜ੍ਹ, ਬਲਰਾਜ ਮੌੜ ਬਠਿੰਡਾ, ਪ੍ਰਵੀਨ ਜੰਡਵਾਲਾ, ਮਾਸਟਰ ਲੱਖਾ ਸਿੰਘ ਮਾਨਸਾ, ਰਾਮ ਕੁਮਾਰ ਪਟਿਆਲਾ, ਧਰਮਪਾਲ ਸਿੰਘ ਲੁਧਿਆਣਾ ਤੇ ਭੂਰਾ ਸਿੰਘ ਮਹਿਮਾ ਸਰਜਾ ਵੱਲੋਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ-2025 ਦਾ ਘੇਰਾ ਹੋਰ ਵਿਸ਼ਾਲ ਕਰਨ ਤੇ ਪੰਜਾਬੀ ਅਤੇ ਹਿੰਦੀ ਦੇ ਤਰਕਸ਼ੀਲ ਮੈਗਜ਼ੀਨ ਦੇ ਪਾਠਕਾਂ ਦੀ ਗਿਣਤੀ ਵਧਾਉਣ ਲਈ ਵਿਸ਼ੇਸ਼ ਗੰਭੀਰ ਯਤਨ ਕਰਨ ਦੇ ਇਲਾਵਾ ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ ਲਗਾਤਾਰ ਜਾਰੀ ਰੱਖਣ ਤੇ ਲੋਕ ਪੱਖੀ ਸੱਭਿਆਚਾਰਕ ਬਦਲ ਪੇਸ਼ ਕਰਨ ਸਬੰਧੀ ਜ਼ੋਨ ਅਤੇ ਇਕਾਈ ਪੱਧਰ 'ਤੇ ਪਰਵਾਰਕ ਮਿਲਣੀਆਂ ਦਾ ਪ੍ਰੋਗਰਾਮ ਜਲਦੀ ਨੇਪਰੇ ਚਾੜ੍ਹਨ ਸੰਬੰਧੀ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਫਿਰਕੂ ਤਾਕਤਾਂ ਵੱਲੋਂ ਅੰਮ੍ਰਿਤਸਰ ਵਿਖੇ ਬੀ ਆਰ ਅੰਬੇਦਕਰ ਦਾ ਬੁੱਤ ਤੋੜਨ ਦੀ ਸਾਜ਼ਿਸ਼ ਹੇਠ ਪੰਜਾਬ ਵਿੱਚ ਫਿਰਕੂ ਨਫ਼ਰਤ ਦਾ ਮਾਹੌਲ ਪੈਦਾ ਕਰਨ, ਕਿਸਾਨੀ ਸੰਘਰਸ਼ ਨੂੰ ਕਮਜ਼ੋਰ ਕਰਨ ਤੇ ਪੰਜਾਬ ਸਰਕਾਰ ਵੱਲੋਂ ਹਕੂਮਤੀ ਜਬਰ ਹੇਠ ਬਠਿੰਡਾ ਜ਼ਿਲ੍ਹੇ ਦੇ ਜਿਉਂਦ ਪਿੰਡ ਦੇ ਅਬਾਦਕਾਰ ਕਿਸਾਨਾਂ ਦੀਆਂ ਜ਼ਮੀਨਾਂ ਜ਼ਬਰਦਸਤੀ ਖੋਹਣ ਦੇ ਕਾਰਪੋਰੇਟ ਪੱਖੀ ਹਮਲਿਆਂ ਦਾ ਸਖ਼ਤ ਵਿਰੋਧ ਕੀਤਾ ਗਿਆ।

# ਡਾਕਟਰ ਸੰਜੇ ਕਾਮਰਾ ਨੇ ਸਿਵਲ ਸਰਜਨ ਦਾ ਅਹੁਦਾ ਸੰਭਾਲਿਆ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੁਨਾਮ ਸਿਵਲ ਹਸਪਤਾਲ ਵਿੱਚ ਐੱਸ ਐੱਮ ਓ ਵਜੋਂ ਸੇਵਾਵਾਂ ਨਿਭਾਅ ਰਹੇ ਡਾਕਟਰ ਸੰਜੇ ਕਾਮਰਾ ਨੇ ਅੱਜ ਜ਼ਿਲ੍ਹਾ ਸਿਵਲ ਸਰਜਨ ਸੰਗਰੂਰ ਦਾ ਅਹੁਦਾ ਜੁਆਇਨ ਕੀਤਾ।ਸਿਵਲ ਸਰਜਨ ਸੰਗਰੂਰ ਡਾ. ਸੰਜੇ ਕਾਮਰਾ ਨੇ ਦੱਸਿਆ ਕੇ ਜ਼ਿਲ੍ਹੇ ਵਿੱਚ ਸਿਹਤ ਸਹੂਲਤਾਂ ਵਿੱਚ ਹੋਰ ਵੀ ਸੁਧਾਰ ਹੋਵੇਗਾ।ਇਸ ਮੌਕੇ ਸਿਵਲ ਹਸਪਤਾਲ ਸੁਨਾਮ ਦੇ ਸਾਰੇ ਮੁਲਾਜ਼ਮਾਂ ਨੇ ਸਿਵਲ ਸਰਜਨ ਸੰਗਰੂਰ ਜਾ ਕੇ ਵਧਾਈ ਦਿੱਤੀ।ਇਸ ਮੌਕੇ ਸੁਨਾਮ ਤੋਂ ਵਿਸ਼ੇਸ਼ ਤੌਰ 'ਤੇ ਡਾਕਟਰ ਅਮਿਤ ਸਿੰਗਲਾ, ਡਾਕਟਰ ਅੰਕੂ ਜੈਨ, ਡਾਕਟਰ ਚਮਨਦੀਪ ਸਿੰਘ ਰੇਖੀ, ਮਨਜੀਤ ਸਿੰਘ, ਕੁਲਦੀਪ ਗਰਗ, ਜਸਵੀਰ ਸਿੰਘ, ਸਮੂਹ ਸਟਾਫ ਸਿਵਲ ਹਸਪਤਾਲ ਸੁਨਾਮ ਸ਼ਾਮਲ ਸਨ।



# ਧੰਨ-ਧੰਨ ਬਾਬਾ ਈਸਰ ਸਿੰਘ ਵੇਟ ਲਿਫਟਿੰਗ ਸਪੋਰਟਸ ਕਲੱਬ ਦਾ ਉਦਘਾਟਨ

**ਜਗਰਾਉਂ (ਅਮਿਤ ਖੰਨਾ)**-ਧੰਨ ਧੰਨ ਬਾਬਾ ਈਸਰ ਸਿੰਘ ਵੇਟ ਲਿਫਟਿੰਗ ਸਪੋਰਟਸ ਕਲੱਬ ਦਾ ਕਰ ਭਲਾ ਹੋ ਭਲਾ ਸੋਸਾਇਟੀ, ਏਪੀ ਰਿਫਾਇਨਰੀ ਦੇ ਸਹਿਯੋਗ ਨਾਲ ਉਦਘਾਟਨ ਕੀਤਾ ਗਿਆ। ਇਸ ਮੌਕੇ ਏਪੀ ਰਿਫਾਇਨਰੀ ਦੇ ਭੁਵਨ ਗੋਇਲ ਕਰ ਭਲਾ ਹੋ ਭਲਾ ਸੋਸਾਇਟੀ ਦੇ ਪ੍ਰਧਾਨ ਰਾਜਿੰਦਰ ਜੈਨ ਕਾਕਾ ਨੇ ਕਿਹਾ ਕਿ ਬੱਚੇ ਨਸ਼ਿਆਂ ਤੋਂ ਦੂਰ ਰਹਿਣ, ਇੱਥੇ ਆ ਕੇ ਜਿਮ ਵਿੱਚ ਆ ਕੇ ਕਸਰਤ ਕਰਨ, ਖੇਡਾਂ 'ਚ ਬੱਚੇ ਆਪਣੇ ਆਪ ਨੂੰ ਪ੍ਰਮੋਟ ਕਰਨ, ਬੱਚੇ ਮੋਬਾਈਲਾਂ ਤੋਂ ਦੂਰ ਰਹਿਣ ਇਹ ਬਹੁਤ ਹੀ ਇੱਕ ਵਧੀਆ ਉਪਰਾਲਾ ਹੈ। ਇਸ ਮੌਕੇ ਏਪੀ ਰਿਫਾਇਨਰੀ ਦੇ ਮਾਲਕ ਅਰੁਣ ਗੋਇਲ, ਰਵੀ ਗੋਇਲ, ਭੁਵਨ ਗੋਇਲ, ਦਿਵਾਂਸ਼ੂ , ਕਰ ਭਲਾ ਹੋ ਭਲਾ ਸੋਸਾਇਟੀ ਦੇ ਚੇਅਰਮੈਨ ਅਮਿਤ ਅਰੋੜਾ, ਪ੍ਰਧਾਨ ਰਾਜਿੰਦਰ ਜੈਨ ਕਾਕਾ, ਮਦਨ ਅਰੋੜਾ, ਸਾਹਿਲ ਗੁਪਤਾ, ਵਿਸ਼ਾਲ ਸ਼ਰਮਾ, ਸੁਨੀਲ ਬਜਾਜ, ਪਰਵੀਨ ਜੀ, ਕੈਪਟਨ ਨਰੇਸ਼ ਵਰਮਾ, ਨੀਰਜ ਕਟਾਰੀਆ, ਨਿਨੇਸ ਗਾਂਧੀ, ਰਣਜੀਤ ਸਿੰਘ ਕੋਚ, ਰਾਮ ਸਿੰਘ ਰੇਲਵੇ ਕੋਚ ਇਨ ਵੇਟ ਲਿਫਟਿੰਗ, ਗੁਰਦੀਪ ਸਿੰਘ ਕੁਲਵਿੰਦਰ ਸਿੰਘ ਯੂ ਐਸ ਏ, ਮਨਦੀਪ ਸਿੰਘ ਬੋਪਾ ਰਾਏ ਏਸ਼ੀਆ ਗੋਲਡ ਮੈਡਲਿਸਟ ਮੈਂਬਰ ਹਾਜ਼ਰ ਹੋਏ ।



# ਜੋਗੇਵਾਲਾ 'ਚ ਬੀ ਕੇ ਯੂ ਖੋਸਾ ਦੀ ਜ਼ਿਲ੍ਹਾ ਪੱਧਰੀ ਮੀਟਿੰਗ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਖੋਸਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਪਟਿਆਲਾ ਦੇ ਆਗੂਆਂ ਅਤੇ ਵਰਕਰਾਂ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਸ਼ੇਰਗੜ੍ਹ ਦੀ ਅਗਵਾਈ ਹੇਠ ਪਿੰਡ ਜੋਗੇਵਾਲਾ ਵਿਖੇ ਹੋਈ। ਮੀਟਿੰਗ ਵਿੱਚ 13 ਫਰਵਰੀ ਤੋਂ ਖਨੌਰੀ ਬਾਰਡਰ, ਅਤੇ ਸ਼ੰਭੂ ਬਾਰਡਰਾਂ 'ਤੇ ਚੱਲ ਰਹੇ ਕਿਸਾਨ ਸੰਘਰਸ਼ ਅਤੇ ਜ਼ਿਲੇ ਵਿੱਚ ਜਥੇਬੰਦੀ ਦੇ ਵਿਸਥਾਰ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿ?ਲ੍ਹਾ ਪ੍ਰਧਾਨ ਬਲਜੀਤ ਸਿੰਘ ਸੇਰਗੜ੍ਹ ਨੇ ਕਿਹਾ ਕਿ ਜਥੇਬੰਦੀ ਦੇ ਕੰਮਾਂ ਤੋ ਪ੍ਰਭਾਵਿਤ ਹੋ ਕੇ ਵੱਖ ਵੱਖ ਪਿੰਡਾਂ ਦੇ ਕਿਸਾਨ ਜਥੇਬੰਦੀ ਨਾਲ ਜੁੜ ਰਹੇ ਹਨ ਅਤੇ ਬਹੁਤ ਸਾਰੇ ਪਿੰਡਾਂ ਵਿੱਚ ਨਵੀਆਂ ਇਕਾਈਆਂ ਦਾ ਗਠਨ ਕੀਤਾ ਗਿਆ ਹੈ। ਇਸ ਮੌਕੇ ਪਿੰਡਾਂ ਵਿੱਚ ਲੱਗ ਰਹੇ ਚਿੱਪ ਵਾਲੇ ਮੀਟਰਾਂ ਦਾ ਵਿਰੋਧ ਕਰਦਿਆਂ ਕਿਸਾਨ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਲਾਕੇ ਨੂੰ ਨਹਿਰੀ ਪਾਣੀ ਦਿੱਤਾ ਜਾਵੇ। ਖਨੌਰੀ ਬਾਰਡਰ 'ਤੇ ਚੱਲ ਰਹੇ ਸੰਘਰਸ ਨੂੰ ਲੈ ਕਿ ਕਿਸਾਨਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਖਨੌਰੀ ਬਾਰਡਰ ਤੇ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਜਲਦੀ ਤੋਂ ਜਲਦੀ ਕਿਸਾਨਾਂ ਮਜ਼ਦੂਰਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰੇ। ਇਸ ਦੌਰਾਨ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤਯਾਬੀ ਲਈ ਅਰਦਾਸ ਬੇਨਤੀ ਕੀਤੀ ਗਈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸੂਬਾ ਮੀਤ ਪ੍ਰਧਾਨ ਜਸਬੀਰ ਸਿੰਘ ਢੋਲੇਵਾਲ, ਜ਼ਿਲ੍ਹਾ ਪ੍ਰੈਸ ਸਕੱਤਰ ਯਵਰਾਜ ਸਿੰਘ ਬਾਠ, ਮੀਤ ਪ੍ਰਧਾਨ ਨਿਰਮਲ ਸਿੰਘ ਸ਼ੇਰਗੜ੍ਹ, ਜ਼ਿਲ੍ਹਾ ਜਨਰਲ ਸਕੱਤਰ ਸੁਰਜੀਤ ਸਿੰਘ, ਇਕਾਈ ਪ੍ਰਧਾਨ ਸ਼ੇਰਗੜ੍ਹ ਪ੍ਰੀਤਮ ਸਿੰਘ ਵੜੈਚ, ਇਕਾਈ ਪ੍ਰਧਾਨ ਜੈਖਰ ਮਹਿੰਦਰ ਸਿੰਘ ਮਨੇਸ, ਇਕਾਈ ਪ੍ਰਧਾਨ ਗੁਲਾੜ ਸਖਵਿੰਦਰ ਸਿੰਘ ਸਿੱਧੂ , ਇਕਾਈ ਪ੍ਰਧਾਨ ਜੋਗੇਵਾਲ ਸੱਚਾ ਸਿੰਘ ਚਹਿਲ, ਇਕਾਈ ਪ੍ਰਧਾਨ ਰਸੌਲੀ ਜਸਵੰਤ ਸਿੰਘ ਸੰਧੂ, ਇਕਾਈ ਪ੍ਰਧਾਨ ਸ਼ੁਤਰਾਣਾ, ਕੁਲਵਿੰਦਰ ਸਿੰਘ ਲਾਡੀ, ਇਕਾਈ ਪ੍ਰਧਾਨ ਮੇਘਾ ਮਾਜਰਾ ਯਾਦਵਿੰਦਰ ਸਿੰਘ, ਰਾਜਦੀਪ ਸਿੰਘ ਜੋਗੇਵਾਲਾ ਅਤੇ ਜੋਗਿੰਦਰ ਸਿੰਘ ਮਾਸਟਰ ਆਦਿ ਹਾਜ਼ਰ ਸਨ।



# ਸਾਈਬਰ ਠੱਗਾਂ ਨੇ ਮਾਰੀ 10 ਲੱਖ ਰੁਪਏ ਦੀ ਠੱਗੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਫੇਸਬੁੱਕ 'ਤੇ ਆਏ ਲਿੰਕ ਰਾਹੀਂ ਸ਼ੇਅਰ ਮਾਰਕੀਟ 'ਚ ਪੈਸੇ ਲਵਾ ਕੇ ਚੰਗਾ ਮੁਨਾਫਾ ਦਿਵਾਉਣ ਦਾ ਝਾਂਸਾ ਦੇ ਕੇ ਸਾਈਬਰ ਠੱਗਾਂ ਵੱਲੋਂ ਮੰਡੀ ਗੋਬਿੰਦਗੜ੍ਹ ਦੇ ਇੱਕ ਵਿਅਕਤੀ ਨਾਲ 10,80,000/- ਦੀ ਠੱਗੀ ਮਾਰੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਸੰਜੀਵ ਕੁਮਾਰ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ 17/10/24 ਨੂੰ ਉਸਦੀ ਫੇਸਬੁੱਕ ਆਈ.ਡੀ. 'ਤੇ ਸ਼ੇਅਰ ਮਾਰਕੀਟ ਦੀ ਜਾਣਕਾਰੀ ਦੇਣ ਸਬੰਧੀ ਆਈ ਇੱਕ ਮਸ਼ਹੂਰੀ ਦੇ ਲਿੰਕ 'ਤੇ ਜਦੋਂ ਉਸ ਨੇ ਕਲਿੱਕ ਕੀਤਾ ਤਾਂ ਉਸ ਨੂੰ ਇੱਕ ਵਟਸਐਪ ਗਰੁੱਪ 'ਚ ਐਡ ਕਰ ਲਿਆ ਗਿਆ, ਜਿਸ ਦੀ ਐਡਮਿਨ ਦਰਸਾਈ ਗਈ ਤਾਰਾ ਦੇਸਾਈ ਨਾਮਕ ਲੜਕੀ ਨੇ ਉਸ ਨੂੰ ਉਨ੍ਹਾਂ ਦੀ ਐਪ ਰਾਹੀਂ ਸ਼ੇਅਰ ਮਾਰਕੀਟ 'ਚ ਪੈਸੇ ਲਾਉਣ 'ਤੇ ਚੰਗਾ ਮੁਨਾਫ਼ਾ ਹੋਣ ਦਾ ਭਰੋਸਾ ਦਿੱਤਾ, ਜਿਸ ਦੇ ਝਾਂਸੇ 'ਚ ਆ ਕੇ ਉਸਨੇ ਉਕਤ ਐਪ 'ਚ ਪੈਸੇ ਲਾਉਣੇ ਸ਼ੁਰੂ ਕਰ ਦਿੱਤੇ।ਐਪ 'ਚੋਂ ਪੈਸੇ ਕਢਵਾਏ ਜਾਣ 'ਤੇ ਪਹਿਲਾਂ-ਪਹਿਲਾਂ ਤਾਂ ਕੁਝ ਪੈਸੇ ਉਸਦੇ ਬੈਂਕ ਖਾਤੇ 'ਚ ਵਾਪਸ ਵੀ ਆਏ, ਪਰ ਜਦੋਂ ਉਸਨੇ ਉਨਾਂ ਦੇ ਝਾਂਸੇ ਚ ਆ ਕੇ ਉਕਤ ਐਪ 'ਚ ਹੋਰ ਪੈਸੇ ਲਾ ਦਿੱਤੇ ਤਾਂ ਉਸ ਦੇ ਪੈਸੇ ਵਾਪਸ ਨਹੀਂ ਨਿਕਲੇ। ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਅਜਿਹਾ ਕਰਕੇ ਉਸ ਨਾਲ 10,80,000/- ਰੁਪਏ ਦੀ ਧੋਖਾਧੜੀ ਕੀਤੀ ਗਈ ਹੈ।ਸ਼ਿਕਾਇਤਕਰਤਾ ਦੇ ਬਿਆਨਾਂ ਤੇ ਨਾਮਲੂਮ ਵਿਅਕਤੀਆਂ ਵਿਰੁੱਧ ਅ/ਧ 318 (4), 316(2), 61(2) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਾਈਬਰ ਕ੍ਰਾਈਮ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਡਾ. ਅੰਬੇਡਕਰ ਦੇ ਬੁੱਤ ਨੂੰ ਨੁਕਸਾਨ ਪਹੁਚਾਉਣ ਖ਼ਿਲਾਫ਼ ਜਤਾਇਆ ਰੋਸ



**ਭੀਖੀ, (ਧਰਮਵੀਰ ਸ਼ਰਮਾ)**

ਸਥਾਨਕ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਵਿਖੇ ਅੰਮ੍ਰਿਤਸਰ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਤੋੜਨ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਖ਼ਿਲਾਫ਼ ਮੁਲਾਜ਼ਮਾਂ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਇਕੱਤਰਤਾ ਕੀਤੀ ਗਈ।ਇਸ ਸਮੇਂ ਦਲਿਤ ਆਗੂ ਰਜਿੰਦਰ ਭੀਖੀ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਦੀ ਸੋਚ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਕੁਝ ਲੋਕਾਂ ਵੱਲੋਂ ਬਾਬਾ ਸਾਹਿਬ ਖ਼ਿਲਾਫ਼ ਵੱਖ-ਵੱਖ ਤਰ੍ਹਾਂ ਦੇ ਬਿਆਨ ਦਿੱਤੇ ਜਾ ਰਹੇ ਹਨ, ਅਜਿਹੇ ਕਾਰਨਾਮਿਆਂ ਨੂੰ ਕਦੀ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅੰਮ੍ਰਿਤਸਰ ਵਿਖੇ ਵਾਪਰੀ ਮੰਦਭਾਗੀ ਘਟਨਾ ਵਿੱਚ ਸ਼ਾਮਲ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਲੋਕਾਂ ਨੂੰ ਸਮਾਜ ਵਿੱਚ ਫੁੱਟ ਪਾਉਣ ਵਾਲਿਆਂ ਖ਼ਿਲਾਫ਼ ਇੱਕਜੁਟ ਹੋਣ ਦਾ ਸੱਦਾ ਦਿੱਤਾ।ਗੁਰਚਰਨ ਸਿੰਘ ਨੇ ਕਿਹਾ ਕਿ ਦਲਿਤ ਵਰਗ ਨੂੰ ਵੰਡਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ, ਬਾਬਾ ਸਾਹਿਬ ਸਾਰੇ ਵਰਗਾਂ ਲਈ ਹੀ ਇੱਕੋ ਜਿਹੇ ਹਨ। ਜੋ ਵੀ ਉਨ੍ਹਾਂ ਦੀ ਸ਼ਾਨ ਖ਼ਿਲਾਫ਼ ਬੋਲੇਗਾ ਜਾਂ ਕੋਈ ਗਤੀਵਿਧੀਆਂ ਕਰਦਾ ਹੈ, ਉਸ ਵਿਰੁੱਧ ਅਸੀਂ ਹਮੇਸ਼ਾ ਡਟ ਕੇ ਖੜ੍ਹਾਂਗੇ।ਇਸ ਮੌਕੇ ਮਾ. ਬੂਟਾ ਸਿੰਘ, ਅਮਰੀਕ ਭੀਖੀ, ਗੁਰਸੇਵਕ ਸਿੰਘ, ਸੁਖਵਿੰਦਰ ਸਿੰਘ, ਜਗਤਾਰ ਸਿੰਘ, ਸਹਿਜਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਬਾਹੀਆ ਸਿੰਘ, ਆਦਿ ਹਾਜ਼ਰ ਸਨ।

# ਸਕੂਲ ਦੇ ਗੇਟ ਅੱਗੇ ਟ੍ਰੈਫਿਕ ਪੁਲਸ ਨੇ ਕੀਤੀ ਚੈਕਿੰਗ

**ਜਲਾਲਾਬਾਦ, (ਜੀਤ ਕੁਮਾਰ/ਜੰਗੀਰ ਕੌਰ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜਲਾਲਾਬਾਦ ਦੇ ਗੇਟ ਦੇ ਸਾਹਮਣੇ ਅੱਜ ਟ੍ਰੈਫਿਕ ਪੁਲਸ ਇੰਚਾਰਜ ਸੂਰਜ ਭਾਨ ਵੱਲੋਂ ਆਪਣੀ ਟੀਮ ਸਮੇਤ ਸਪੈਸ਼ਲ ਨਾਕਾਬੰਦੀ ਕੀਤੀ ਗਈ ਅਤੇ ਇਥੇ ਦੋ ਪਹੀਆ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਖਾਸ ਕਰਕੇ ਕੁੜੀਆਂ ਦੇ ਸਕੂਲ ਅੱਗੇ ਗੇੜੀਆਂ ਮਾਰਨ ਵਾਲੇ ਨੌਜਵਾਨਾਂ ਦੇ ਖਿਲਾਫ ਸ਼ਿਕੰਜਾ ਕੱਸਦੇ ਹੋਏ ਸਖਤੀ ਨਾਲ ਪੇਸ਼ ਆਏ, ਜਿਨ੍ਹਾਂ ਦੇ ਵਹੀਕਲਾਂ ਦੇ ਕਾਗਜ਼ ਚੈਕ ਕੀਤੇ ਗਏ, ਉਥੇ ਹੀ ਇਸ ਦੇ ਨਾਲ ਹੀ ਸਕੂਲ ਅੱਗੇ ਬਿਨਾਂ ਮਤਲਬ ਗੇੜੀਆਂ ਮਾਰਨ ਤੋਂ ਰੋਕਿਆ ਗਿਆ। ਟ੍ਰੈਫਿਕ ਇੰਚਾਰਜ ਸੂਰਜ ਭਾਨ ਨੇ ਕਿਹਾ ਕਿ ਇਥੇ ਵਹੀਕਲਾਂ ਦੇ ਕਾਗਜ਼ ਚੈਕ ਕੀਤੇ ਗਏ ਹਨ, ਜਿਨ੍ਹਾਂ ਦੇ ਕਾਗਜ਼ਾਤ ਅਧੂਰੇ ਸਨ, ਉਨ੍ਹਾਂ ਦੇ ਚਲਾਣ ਕੀਤੇ ਗਏ ਹਨ। ਕੁਝ ਵਾਹਨ ਚਾਲਕਾਂ ਨੂੰ ਆਪਣੇ ਵਹੀਕਲਾਂ ਦੇ ਕਾਗਜ਼ ਪੂਰੇ ਰੱਖਣ ਅਤੇ ਅਧੂਰੇ ਕਾਗਜ਼ਾਤ ਪੂਰੇ ਕਰਨ ਦੀ ਹਦਾਇਤ ਕੀਤੀ ਗਈ। ਉਨ੍ਹਾਂ ਕਿਹਾ ਕਿ ਬਿਨਾ ਨੰਬਰ ਪਲੇਟ ਦੇ ਮੋਟਰ ਸਾਈਕਲ ਚਾਲਕਾਂ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ।



# ਜੀ ਐਸ ਟੀ ਇੰਸਪੈਕਟਰ ਬਲਜਿੰਦਰ ਕੌਰ ਵੱਲੋਂ ਸਮਾਣਾ 'ਚ ਕਈ ਥਾਵਾਂ 'ਤੇ ਚੈਕਿੰਗ

**ਸਮਾਣਾ, (ਗੁਰਪਿਆਰ ਸਿੰਘ ਬੱਲ)**- ਜੀ ਐਸ ਟੀ ਵਿਭਾਗ ਵਲੋਂ ਸਮਾਣਾ ਵਿਚ ਕਈ ਬਾਜ਼ਾਰਾਂ ਵਿਚ ਚੈਕਿੰਗ ਕੀਤੀ ਗਈ ਅਤੇ ਜਿਨ੍ਹਾਂ ਕੋਲ ਜੀ ਐਸ ਟੀ ਨੰਬਰ ਨਹੀਂ ਸੀ ਉਨ੍ਹਾਂ ਨੂੰ ਨੋਟਿਸ ਜਾਰੀ ਕਰਕੇ ਜੀ ਐਸ ਟੀ ਲੈਣ ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਚੈਕਿੰਗ ਅਧਿਕਾਰੀ ਬਲਜਿੰਦਰ ਕੌਰ ਇੰਸਪੈਕਟਰ ਨੇ ਕਿਹਾ ਕਿ ਇਹ ਮੁਹਿੰਮ ਸੂਬੇ ਭਰ ਵਿਚ ਚਲਾਈ ਜਾ ਰਹੀ ਹੈ। ਉਨ੍ਹਾ ਦੱਸਿਆ ਕਿ 10 ਜਨਵਰੀ ਤੋਂ ਲੈ ਕੇ 10 ਫਰਵਰੀ ਤੱਕ ਇਹ ਮੁਹਿੰਮ ਚਲਾਈ ਗਈ ਹੈ, ਜਿਸ ਵਿਚ ਉਹ ਸਮਾਣਾ ਸ਼ਹਿਰ ਦੇ ਹਰ ਬਾਜ਼ਾਰ ਵਿਚ ਜਾ ਕੇ ਦੁਕਾਨਦਾਰਾਂ ਨੂੰ ਜੀ ਐਸ ਟੀ ਬਾਰੇ ਜਾਣਕਾਰੀ ਦੇ ਰਹੇ ਹਨ ਅਤੇ ਜਿਹੜੇ ਦੁਕਾਨਦਾਰ ਜਾਣਬੁੱਝ ਕੇ ਟੈਕਸ ਚੋਰੀ ਕਰ ਰਹੇ ਹਨ ਉਨ੍ਹਾਂ ਨੂੰ ਨੋਟਿਸ ਵੀ ਦਿੱਤੇ ਜਾ ਰਹੇ ਹਨ।ਉਨ੍ਹਾ ਟੈਕਸ ਚੋਰੀ ਕਰਨ ਵਾਲਿਆਂ ਨੂੰ ਸਖ਼ਤ ਤਾੜਨਾ ਦਿੰਦਿਆਂ ਕਿਹਾ ਕਿ ਜਿਹੜੇ ਦੁਕਾਨਦਾਰ ਟੈਕਸ ਚੋਰੀ ਕਰ ਰਹੇ ਹਨ ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।ਉਨ੍ਹਾ ਕਿਹਾ ਕਿ ਸੂਬੇ ਦਾ ਵਿਕਾਸ ਤਾਂ ਹੀ ਹੋ ਸਕਦਾ ਹੈ ਜੇਕਰ ਸਾਰੇ ਇਮਾਨਦਾਰੀ ਨਾਲ ਆਪਣਾ ਟੈਕਸ ਭਰਨਗੇ।



# ਹੋਲੀ ਹਾਰਟ ਸਕੂਲ ਅਜੀਤਵਾਲ ਦਾ ਸਨਸ਼ਾਇਨ 2025 ਅਮਿੱਟ ਯਾਦਾਂ ਛੱਡਦਾ ਸੰਪੰਨ



**ਅਜੀਤਵਾਲ (ਨਛੱਤਰ ਸੰਧੂ)**

ਹੋਲੀ ਹਾਰਟ ਸਕੂਲ ਵਿਖੇ ਕਰਾਇਆ ਸਾਲਾਨਾ ਸਮਾਗਮ ਸਨਸ਼ਾਇਨ 2025 ਅਮਿੱਟ ਯਾਦਾਂ ਛੱਡਦਾ ਹੋਇਆ ਧੂਮਧਾਮ ਨਾਲ ਸੰਪੰਨ ਹੋਇਆ। ਸਮਾਗਮ ਕਾਰਨ ਜਿੱਥੇ ਸਕੂਲ ਨੂੰ ਬਾਖੂਬੀ ਢੰਗ ਨਾਲ ਸਜਾਇਆ ਗਿਆ।ਸਕੂਲ ਵਿੱਚ ਮੁੱਖ ਮਹਿਮਾਨ ਵਜੋਂ ਡਾ. ਰਾਜਿੰਦਰ ਕੌਰ ਨੇ ਸ਼ਿਰਕਤ ਕੀਤੀ, ਉਥੇ ਸਮਾਗਮ ਦੀ ਸ਼ੁਰੂਆਤ ਜੀਤਪਾਲ ਸਿੰਘ ਸਾਬਕਾ ਸਰਪੰਚ ਪਿੰਡ ਰਣੀਆ ਤੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਸਾਂਝੇ ਤੌਰ 'ਤੇ ਸ਼ਮਾ ਰੌਸ਼ਨ ਕਰਕੇ ਕੀਤੀ।ਇਸ ਤੋਂ ਇਲਾਵਾ ਸਕੂਲ ਮੈਨੇਜਮੈਂਟ ਅਧਿਕਾਰੀ ਡਾਇਰੈਕਟਰ ਅਮਿਤ ਪਲਤਾ, ਸ਼ਰੇਆ ਪਲਤਾ ਤੋਂ ਇਲਾਵਾ ਹੋਰ ਮੈਨੇਜਮੈਂਟ ਅਧਿਕਾਰੀ ਤੇ ਇਲਾਕੇ ਦੇ ਪਤਵੰਤਿਆਂ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਵੱਲੋਂ ਸਮੂਹ ਮਹਿਮਾਨਾਂ ਦਾ ਸਕੂਲ ਪੁੱਜਣ 'ਤੇ ਧੰਨਵਾਦ ਕੀਤਾ ਤੇ ਸਕੂਲ ਵੱਲੋਂ 2024-2025 ਦੌਰਾਨ ਪ੍ਰਾਪਤ ਕੀਤੀਆਂ ਉਪਲਬਧੀਆਂ ਦਾ ਚਾਨਣਾ ਪਾਇਆ।ਇਸ ਉਪਰੰਤ 'ਗਣੇਸ਼ ਵੰਦਨਾ' ਦੇ ਨਾਲ ਸਮਾਗਮ ਦਾ ਆਗਾਜ਼ ਕੀਤਾ ਗਿਆ।ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਗਤੀਵਿਧੀਆਂ ਵਿੱਚ ਨਰਸਰੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਡਾਂਸ, ਐੱਲ.ਕੇ.ਜੀ ਵੱਲੋਂ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਗਰੁੱਪ ਡਾਂਸ, ਪਹਿਲੀ ਜਮਾਤ ਦੇ ਵਿਦਿਆਰਥੀਆਂ ਵੱਲੋਂ 'ਮਿੱਟੀ' ਗਾਣੇ 'ਤੇ ਡਾਂਸ, ਕੋਰਿਓਗਰਾਫੀ, ਐਕਸ਼ਨ ਡਾਂਸ, ਹਿਪ ਹਾਪ ਡਾਂਸ, ਬਾਲੀਵੁੱਡ ਡਾਂਸ, ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਪੇਸ਼ ਕੀਤਾ ਗਿਆ। ਇਸੇ ਦੌਰਾਨ ਦੂਜੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਲੇਬਰ ਡੇਅ 'ਤੇ ਵੀ ਆਪਣੀ ਪੇਸ਼ਕਾਰੀ ਪੇਸ਼ ਕੀਤੀ ਗਈ।ਚੌਥੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਸਾਡੀ ਗੁਰਮੁਖੀ ਲਿਪੀ ਨਾਲ ਸੰਬੰਧਿਤ 35 ਅੱਖਰੀ ਗਾਣੇ 'ਤੇ ਪੇਸ਼ਕਾਰੀ ਪੇਸ਼ ਕੀਤੀ ਗਈ।ਪੰਜਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਐਜੂਕੇਸ਼ਨ ਥੀਮ ਲਿਆ ਗਿਆ।ਛੇਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਸੋਸ਼ਲ ਮੀਡੀਆ ਸਕਿਟ ਬਹੁਤ ਹੀ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਵਜੋਂ ਪੁੱਜੇ ਡਾ. ਰਾਜਿੰਦਰ ਕੌਰ ਨੇ ਕਿਹਾ ਕਿ ਸਿੱਖਿਆ ਪ੍ਰਾਪਤ ਕਰਨਾ ਹਰ ਇੱਕ ਨਾਗਰਿਕ ਦਾ ਮੁੱਢਲਾ ਫ਼ਰਜ਼ ਹੈ, ਕਿਉਂਕਿ ਸਿੱਖਿਅਤ ਇਨਸਾਨ ਜ਼ਿੰਦਗੀ 'ਚ ਹਮੇਸ਼ਾ ਕਾਮਯਾਬ ਮੰਜ਼ਲਾਂ ਸਰ ਕਰਦਾ ਹੈ।ਉਨ੍ਹਾਂ ਹੋਲੀ ਹਾਰਟ ਸਕੂਲ ਵੱਲੋਂ ਕੀਤੇ ਜਾਂਦੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਸਮੂਹ ਵਿਦਿਆਰਥੀਆਂ ਨੂੰ ਇਸ ਦਾ ਲਾਹਾ ਲੈਂਦਿਆਂ ਹਮੇਸ਼ਾ ਸਿੱਖਿਆ ਵੱਲ ਧਿਆਨ ਦੇਣ ਦੀ ਅਪੀਲ ਕੀਤੀ ਤੇ ਪੜ੍ਹ-ਲਿਖ ਕੇ ਆਪਣੇ ਮਾਪਿਆਂ ਦੇ ਸੁਪਨਿਆਂ ਨੂੰ ਸਕਾਰ ਕਰਨ ਦੇ ਨਾਲ ਨਾਲ ਇੱਕ ਚੰਗੇ ਨਾਗਰਿਕ ਬਣਨ ਦਾ ਸੁਨੇਹਾ ਦਿੱਤਾ।ਪ੍ਰੋਗਰਾਮ ਵਿੱਚ ਜੀਤਪਾਲ ਸਿੰਘ ਸਾਬਕਾ ਸਰਪੰਚ ਪਿੰਡ ਰਣੀਆ ਨੇ ਵੀ ਸ਼ਿਰਕਤ ਕੀਤੀ।ਸਮਾਗਮ ਦੇ ਅੰਤ 'ਚ ਜਿੱਥੇ ਸਕੂਲ ਚੇਅਰਮੈਨ ਸੁਭਾਸ਼ ਪਲਤਾ ਵੱਲੋਂ ਮੁੱਖ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਸਕੂਲ ਵਿੱਚ ਬੱਚਿਆਂ ਨੂੰ ਜਨਰਲ ਨਾਲੇਜ ਪਲਾਸਟਿਕ ਦੀ ਵਰਤੋਂ ਨਾ ਕਰਨਾ, ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਕਰਨਾ, ਪਾਣੀ ਦੀ ਵਰਤੋਂ ਲੋੜ ਅਨੁਸਾਰ ਕਰਨਾ, ਵੱਡਿਆਂ ਦਾ ਸਤਿਕਾਰ ਅਤੇ ਛੋਟਿਆਂ ਨਾਲ ਪਿਆਰ ਕਰਨਾ, ਲੋੜਵੰਦਾਂ ਦੀ ਸਹਾਇਤਾ ਕਰਨਾ, ਇਸ ਤਰ੍ਹਾਂ ਅਲੱਗ-ਅਲੱਗ ਤਰ੍ਹਾਂ ਦੇ ਸੈਮੀਨਾਰ ਸਕੂਲ ਵਿੱਚ ਕਰਾਏ ਜਾਂਦੇ ਹਨ।

# ਡਾਕਟਰ ਢਿੱਲੋਂ ਦਾ ਕੈਬਨਿਟ ਮੰਤਰੀ ਹਰਭਜਨ ਸਿੰਘ ਵੱਲੋਂ ਸਨਮਾਨ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**

ਸਿਹਤ ਵਿਭਾਗ ਵਿੱਚ ਲੰਮਾ ਸਮਾਂ ਚਮੜੀ ਰੋਗ ਮਾਹਰ ਵਜੋਂ ਸ਼ਾਨਦਾਰ ਸੇਵਾਵਾਂ ਬਦਲੇ ਸਟੇਟ ਐਵਾਰਡ ਹਾਸਲ ਕਰਨ ਵਾਲੇ ਸਾਬਕਾ ਮੈਡੀਕਲ ਕਮਿਸ਼ਨਰ ਡਾ. ਗੁਰਿੰਦਰਜੀਤ ਸਿੰਘ ਢਿੱਲੋਂ ਨੂੰ ਪੰਜਾਬ ਦੇ ਊਰਜਾ ਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਵੱਲੋਂ 26 ਜਨਵਰੀ ਦੇ ਸਮਾਗਮ ਮੌਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਜਾਣਕਾਰੀ ਅਨੁਸਾਰ 11 ਸਟੇਟਾਂ ਦੀਆਂ ਹੋਈਆਂ ਖੇਡਾਂ ਵਿੱਚ 55 ਸਾਲ ਤੋਂ ਲੈ ਕੇ 95 ਸਾਲ ਤੱਕ ਦੇ ਖਿਡਾਰੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਚੰਗਾ ਪ੍ਰਦਰਸ਼ਨ ਕਰਦੇ ਹੋਏ ਗੋਲਡ ਮੈਡਲ ਰਿਕਾਰਡ ਤੋੜਨ ਵਾਲੇ 4 ਖਿਡਾਰੀਆਂ ਵਿੱਚ ਉਨ੍ਹਾਂ ਦਾ ਨਾਂਅ ਸ਼ਾਮਲ ਹੈ, ਜਿਸ ਦੇ ਚੱਲਦਿਆਂ 76ਵੇਂ ਗਣਤੰਤਰ ਦਿਵਸ ਮੌਕੇ ਕਰਾਏ ਗਏ। ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਪੰਜਾਬ ਦੇ ਊਰਜਾ ਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ, ਵਿਧਾਇਕ ਰਣਬੀਰ ਭੁੱਲਰ, ਵਿਧਾਇਕ ਫੌਜਾ ਸਿੰਘ ਸਰਾਰੀ, ਵਿਧਾਇਕ ਰਜਨੀਸ਼ ਦਹੀਆ, ਵਿਧਾਇਕ ਨਰੇਸ਼ ਕਟਾਰੀਆ, ਡਿਪਟੀ ਕਮਿਸ਼ਨਰ ਦੀਪਸ਼ਿਖ਼ਾ ਸ਼ਰਮਾ, ਐਸਐਸਪੀ ਸੋਮੀਆ ਮਿਸ਼ਰਾ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# ਕ੍ਰਿਕਟ ਟੂਰਨਾਮੈਂਟ ਦੌਰਾਨ ਚਰਨਜੀਤ ਸਿੰਘ ਢਿੱਲੋਂ ਮੁੱਖ ਮਹਿਮਾਨ ਵਜੋਂ ਹੋਏ ਸ਼ਾਮਲ



**ਜਗਰਾਉਂ, (ਸੰਜੀਵ ਅਰੋੜਾ)**- ਪੀ ਏ ਯੂ ਲੁਧਿਆਣਾ ਵਿਖੇ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ, ਜਿਸ 'ਚ ਵੱਡੀ ਗਿਣਤੀ 'ਚ ਟੀਮਾਂ ਨੇ ਭਾਗ ਲਿਆ। ਟੂਰਨਾਮੈਂਟ ਦੌਰਾਨ ਚਰਨਜੀਤ ਸਿੰਘ ਢਿੱਲੋਂ ਸੀਨੀਅਰ ਪੱਤਰਕਾਰ (ਪੀ ਆਰ ਓ ਲਾਇਨ ਕਲੱਬ ਜਗਰਾਉਂ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਖਿਡਾਰੀਆਂ ਨਾਲ ਜਾਣ ਪਹਿਚਾਣ ਕੀਤੀ ਅਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਢਿੱਲੋਂ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਅੰਦਰ ਨੈਤਿਕ ਗੁਣਾਂ, ਜਿਵੇਂ ਸਹਿਣਸ਼ੀਲਤਾ, ਅਨੁਸ਼ਾਸਨ, ਸਦਾਚਾਰ, ਜਿੱਤਣ ਦੀ ਤਾਂਘ, ਆਪਸੀ ਪ੍ਰੇਮ ਪਿਆਰ, ਇਕਜੁੱਟਤਾ, ਸਬਰ ਆਦਿ ਕੁੱਟ-ਕੁੱਟ ਕੇ ਭਰਦੀਆਂ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਵੱਲ ਲਿਜਾਉਣਾ ਚਾਹੀਦਾ ਹੈ। ਇਸ ਮੌਕੇ ਸੁਖਵੀਰ ਸਿੰਘ ਸੀਨੀਅਰ ਕੋਚ ਪੀ ਏ ਯੂ ਆਦਿ ਵੀ ਹਾਜ਼ਰ ਸਨ।

# ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਜਗਰਾਉਂ, (ਸੰਜੀਵ ਅਰੋੜਾ)**

ਇੱਥੋਂ ਨੇੜਲੇ ਪਿੰਡ ਜੰਡੀ ਵਿਖੇ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਸਮੇਂ ਪਿੰਡ ਦੀ ਪ੍ਰਕਰਮਾ ਦੌਰਾਨ ਸਮੁੱਚੇ ਨਗਰ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਵਰਤਾਏ ਗਏ ਅਤੇ ਹਾਕਮ ਸਿੰਘ ਬੈਨੀਵਾਲ ਦੇ ਢਾਡੀ ਜਥੇ ਨੇ ਗੁਰੂ ਜੀਵਨੀ 'ਤੇ ਚਾਨਣਾ ਪਾਉਂਦੇ ਹੋਏ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ। ਸਜਾਏ ਗਏ ਨਗਰ ਕੀਰਤਨ ਦੌਰਾਨ ਨੌਜਵਾਨ, ਬੀਬੀਆਂ, ਬੱਚਿਆਂ ਅਤੇ ਬਜ਼ੁਰਗਾਂ ਨੇ ਸੇਵਾ ਕਰਦਿਆਂ ਆਪਣਾ ਜੀਵਨ ਸਫ਼ਲਾ ਕੀਤਾ। ਇਸ ਸਮੇਂ ਪੰਚਾਇਤ ਮੈਂਬਰ ਜਸਪਾਲ ਸਿੰਘ, ਗੁਰਜੰਟ ਸਿੰਘ, ਸਮੂਹ ਨਗਰ ਨਿਵਾਸੀਆਂ ਅਤੇ ਗ੍ਰਾਮ ਪੰਚਾਇਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਕਰਨ ਵਾਲੇ ਪੰਜ ਪਿਆਰਿਆਂ ਨੂੰ ਸਿਰੋਪਾਓ ਭੇਟ ਕਰਕੇ ਸਤਿਕਾਰਿਆ ਗਿਆ। ਇਸ ਸਮੇਂ ਪੰਚ ਜਸਪਾਲ ਸਿੰਘ ਜੰਡੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਦੇਣ ਅਸੀਂ ਸਾਰੀ ਜ਼ਿੰਦਗੀ ਨਹੀਂ ਦੇ ਸਕਦੇ। ਇਸ ਮੌਕੇ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

# ਪੰਜਾਬੀ ਯੂਨੀਵਰਸਿਟੀ ਦੇ ਡਿਸਟੈਂਸ ਐਜੂਕੇਸ਼ਨ ਵਿਭਾਗ 'ਚ ਦਾਖਲੇ ਸ਼ੁਰੂ ਨਾ ਹੋਣ ਕਾਰਨ ਵਿਦਿਆਰਥੀਆਂ 'ਚ ਰੋਸ

**ਪਟਿਆਲਾ (ਅਵਤਾਰ ਸਿੰਘ ਜਟਾਣਾ)**



ਪੰਜਾਬੀ ਯੂਨੀਵਰਸਿਟੀ ਦੇ ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਵਿਭਾਗ ਇਸ ਵਾਰ ਜਨਵਰੀ ਤੋਂ ਸ਼ੁਰੂ ਹੋਣ ਵਾਲੇ ਦਾਖਲੇ ਲੇਟ ਹੋਣ ਕਾਰਨ ਇਕ ਵਾਰ ਦੁਬਾਰਾ ਤੋਂ ਸੁਰਖੀਆਂ ਵਿੱਚ ਹੈ।ਇਸ ਵਿਭਾਗ ਵਿੱਚ ਜਨਵਰੀ ਦੇ ਪਹਿਲੇ ਹਫਤੇ ਦਾਖਲੇ ਸ਼ੁਰੂ ਹੋਣੇ ਸਨ, ਪ੍ਰੰਤੂ ਜਨਵਰੀ ਖਤਮ ਹੋਣ 'ਤੇ ਹੈ ਪਰ ਵਿਭਾਗ ਨੇ ਦਾਖਲੇ ਹਾਲੇ ਤੱਕ ਸ਼ੁਰੂ ਨਹੀਂ ਕੀਤੇ।ਇਸ ਕਾਰਨ ਵਿਭਾਗ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਖਜਲ-ਖੁਆਰ ਹੋਣਾ ਪੈ ਰਿਹਾ ਹੈ।ਜ਼ਿਕਰਯੋਗ ਹੈ ਕਿ ਹਰ ਸਾਲ ਇਸ ਵਿਭਾਗ ਵਿੱਚ ਹਜ਼ਾਰਾਂ ਵਿਦਿਆਰਥੀ ਦਾਖਲੇ ਲੈਂਦੇ ਹਨ, ਪਰ ਯੂਨੀਵਰਸਿਟੀ ਪ੍ਰਸ਼ਾਸਨ ਇਸ ਵਿਭਾਗ ਨੂੰ ਲੈ ਕੇ ਸੁਹਿਰਦ ਨਹੀਂ ਹੈ।ਸਾਂਝੇ ਵਿਦਿਆਰਥੀ ਮੋਰਚੇ ਵੱਲੋਂ ਜਦੋਂ ਡੀਨ ਅਕਾਦਮਿਕ ਦਫ਼ਤਰ ਪਹੁੰਚ ਕੀਤੀ ਗਈ ਤਾਂ ਉਥੇ ਦੇਖਿਆ ਕਿ ਇਹ ਦਫਤਰ ਪਿਛਲੇ ਕਈ ਦਿਨਾਂ ਤੋਂ ਬੰਦ ਪਿਆ ਹੈ।ਵਿਦਿਆਰਥੀਆਂ ਦੇ ਡੀਨ ਨਾਲ ਰਾਬਤਾ ਕਾਇਮ ਕਰਨ 'ਤੇ ਡੀਨ ਨੇ ਇਸ ਮਾਮਲੇ ਸੰਬੰਧੀ ਸੁਹਿਰਦਤਾ ਨਾ ਦਿਖਾਉਂਦੇ ਹੋਏ ਗੰਭੀਰ ਮਸਲੇ ਨੂੰ ਅਣਗੌਲਿਆ ਕਰ ਦਿੱਤਾ।ਜ਼ਿਕਰਯੋਗ ਹੈ ਕਿ ਪ੍ਰਸ਼ਾਸ਼ਨਿਕ ਤੇ ਵਿਭਾਗ ਵੱਲੋਂ ਦਾਖਲਿਆਂ ਵੱਲ ਧਿਆਨ ਨਾ ਦੇਣ ਕਾਰਨ ਇਹ ਵਿਭਾਗ 2023-24 ਸੈਸ਼ਨ ਦੌਰਾਨ ਵੀ ਦਾਖਲਿਆਂ ਤੋਂ ਸੱਖਣਾ ਰਿਹਾ ਹੈ, ਜਿਸ ਕਾਰਨ ਯੂਨੀਵਰਸਿਟੀ ਨੂੰ ਕਰੋੜਾਂ ਰੁਪਏ ਦੇ ਵਿੱਤੀ ਘਾਟੇ ਦਾ ਸਾਹਮਣਾ ਵੀ ਕਰਨਾ ਪਿਆ ਸੀ।ਧਿਆਨਯੋਗ ਹੈ ਕਿ ਦਾਖਲੇ ਲੇਟ ਹੋਣ ਕਾਰਨ ਕਾਫੀ ਵਿਦਿਆਰਥੀ ਪ੍ਰਾਈਵੇਟ ਯੂਨੀਵਰਸਿਟੀਆਂ ਦਾ ਰੁੱਖ ਕਰਦੇ ਹਨ, ਜਿਸ ਕਾਰਨ ਯੂਨੀਵਰਸਿਟੀ ਦੇ ਇਸ ਵਿਭਾਗ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਦੀ ਗਿਣਤੀ ਘੱਟ ਹੋ ਜਾਂਦੀ ਹੈ।ਵਿਦਿਆਰਥੀਆਂ ਜਥੇਬੰਦੀਆਂ ਵੱਲੋਂ ਕਿਹਾ ਗਿਆ ਕਿ ਜੇਕਰ ਇਸ ਵਿਭਾਗ ਵਿਚ ਜਲਦ ਤੋਂ ਜਲਦ ਦਾਖਲੇ ਨਾ ਸ਼ੁਰੂ ਕੀਤੇ ਗਏ ਤਾਂ ਪ੍ਰਸ਼ਾਸਨ ਨੂੰ ਵੱਡੇ ਰੋਸ ਦਾ ਸਾਹਮਣਾ ਕਰਨਾ ਪਵੇਗਾ।ਇਸ ਸਬੰਧੀ ਜਦ ਡੀਨ ਨਾਲ ਰਾਬਤਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਵਾਰ-ਵਾਰ ਯਤਨ ਕਰਨ ਦੇ ਬਾਵਜੂਦ ਸੰਪਰਕ ਨਹੀਂ ਹੋ ਸਕਿਆ।

# ਗੁਰੂ ਨਾਨਕ ਕਾਲਜ 'ਚ 7 ਦਿਨਾ ਐੱਨ ਐੱਸ ਐੱਸ ਕੈਂਪ ਸ਼ੁਰੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** - ਗੁਰੂ ਨਾਨਕ ਕਾਲਜ ਫਿਰੋਜ਼ਪੁਰ ਵਿਖੇ 7 ਰੋਜ਼ਾ ਐੱਨਐੱਸਐੱਸ ਕੈਂਪ ਦੀ ਸ਼ੁਰੂਆਤ ਕੀਤੀ ਗਈ, ਜਿਸ ਦਾ ਉਦਘਾਟਨ ਕਾਲਜ ਦੇ ਚੇਅਰਮੈਨ ਰਤਿੰਦਰ ਸਿੰਘ ਸਾਈਆਂਵਾਲਾ ਤੇ ਵਾਇਸ ਚੇਅਰਮੈਨ ਅਸੀਸਪ੍ਰੀਤ ਸਿੰਘ ਸਾਈਆਂਵਾਲਾ ਨੇ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਇੰਦਰਜੀਤ ਸਿੰਘ, ਡਾ. ਸ਼ਿਖਾ ਆਨੰਦ ਪ੍ਰੋਗਰਾਮ ਅਫਸਰ, ਪ੍ਰੋ. ਨੀਤੂ, ਪ੍ਰੋ. ਗਗਨ ਸ਼ਾਮਲ ਸਨ। ਕੈਂਪ ਦੇ ਪਹਿਲੇ ਦਿਨ ਬੱਚਿਆਂ ਨੂੰ ਯੋਗਾ ਕਰਵਾਇਆ ਗਿਆ। ਕੈਂਪ ਦੌਰਾਨ ਬੱਚਿਆਂ ਨੂੰ ਬਿਰਧ ਆਸ਼ਰਮ, ਝੁੱਗੀਆਂ ਝੌਂਪੜੀਆਂ 'ਚ ਲੈ ਕੇ ਗਏ ਅਤੇ ਖਾਣ ਪੀਣ ਦਾ ਸਾਮਾਨ ਵੰਡਿਆ। ਮੁਹੱਲਾ ਕਲੀਨਿਕ ਵਿੱਚ ਬੱਚਿਆਂ ਨੂੰ ਲੈ ਕੇ ਗਏ ਅਤੇ ਚੈੱਕਅੱਪ ਕਰਵਾਇਆ ਗਿਆ। ਨੈਸ਼ਨਲ ਰੋਡ ਸੇਫਟੀ ਲਈ ਪੁਲਸ ਸਟੇਸ਼ਨ ਗਏ ਅਤੇ ਏਐੱਸਆਈ ਨੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਦੱਸਿਆ।



# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਰਾਮਪੁਰਾ ਬਲਾਕ ਦੀ ਮਹੀਨਾਵਾਰ ਮੀਟਿੰਗ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਰਾਮਪੁਰਾ ਬਲਾਕ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾ. ਨਿਰਮਲ ਸਿੰਘ ਚੌਉਕੇ ਦੀ ਪ੍ਰਧਾਨਗੀ ਹੇਠ ਟੀਚਰਜ਼ ਹੋਮ ਰਾਮਪੁਰਾ ਵਿਖੇ ਹੋਈ। ਡਾ. ਦੇਵ ਰਾਜ ਜਨਰਲ ਸਕੱਤਰ ਨੇ ਸਟੇਜ ਦੀ ਸੇਵਾ ਸੰਭਾਲੀ। ਇਸ ਮੌਕੇ ਡਾ. ਰਵੇਲ ਸਿੰਘ ਮਹਿਰਾਜ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਅਕਾਲ ਚਲਾਣਾ, ਸਟੇਟ ਆਗੂ ਡਾਕਟਰ ਹਰਦੇਵ ਸਰਮਾ, ਕੁਝ ਕਿਸਾਨ ਆਗੂ ਦੇ ਅਕਾਲ ਚਲਾਣਾ, ਜੀਵਨ ਸਿੰਘ ਵਾਲਾ ਦੇ ਬੱਸ ਨਾਲੇ ਵਿੱਚ ਡਿੱਗਣ ਕਰਕੇ ਸਵਾਰੀਆਂ ਅਕਾਲ ਚਲਾਣੇ, ਬਾਬਾ ਸੇਰ ਸਿੰਘ ਮਹਿਰਾਜ ਦੇ ਅਕਾਲ ਚਲਾਣਾ 'ਤੇ ਡਾਕਟਰ ਸਾਥੀਆਂ ਵੱਲੋ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਡਾਕਟਰ ਰੇਸਮ ਸਿੰਘ ਫੂਲ ਨੇ ਆਪਣੀ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਕਿਹਾ।ਡਾਕਟਰ ਕੌਰ ਸਿੰਘ ਫੂਲ ਨੇ ਖਜ਼ਾਨਚੀ ਦੀ ਰਿਪੋਰਟ ਦਾ ਹਿਸਾਬ ਕਿਤਾਬ ਦੱਸਿਆ। ਡਾਕਟਰ ਭਰਥਰੀ ਸ਼ਰਮਾ ਮੰਡੀ ਕਲਾਂ ਨੇ ਪੰਜਾਬ ਸਰਕਾਰ ਨੂੰ ਜਾਇਜ਼ ਮੰਗਾ ਪੂਰੀਆਂ ਕਰਨ ਲਈ ਕਿਹਾ। ਡਾ. ਮਲਕੀਤ ਸਿੰਘ ਮੰਡੀ ਕਲਾਂ ਨੇ ਸਾਰੇ ਸਾਥੀਆਂ ਨੂੰ ਸਾਫ ਸੁਥਰੀ ਪ੍ਰੈਕਟਸ ਕਰਨ ਲਈ ਕਿਹਾ। ਡਾ. ਜਗਤਾਰ ਸਿੰਘ ਫੂਲ ਜ਼ਿਲ੍ਹਾ ਪ੍ਰਧਾਨ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਡਾ. ਕੌਰ ਸਿੰਘ, ਡਾ. ਹਰਜਿੰਦਰ ਸਿੰਘ ਭਾਈਰੂਪਾ, ਡਾ. ਗੁਰਸੇਵਕ ਸਿੰਘ ਢੱਡੇ, ਡਾ. ਰਜਿੰਦਰ ਕੁਮਾਰ, ਡਾ. ਗੁਰਦੀਪ ਸਿੰਘ ਭੋਲਾ, ਡਾ. ਮਨਜੀਤ ਸਿੰਘ ਫੂਲ ਪ੍ਰੈਸ ਸਕੱਤਰ, ਡਾ. ਜਗਵਿੰਦਰ ਸਿੰਘ ਮਹਿਰਾਜ ਸਮੇਤ ਵੱਡੀ ਗਿਣਤੀ ਵਿੱਚ ਡਾਕਟਰ ਸਾਥੀ ਹਾਜ਼ਰ ਸਨ। ਅਖੀਰ 'ਚ ਡਾ. ਨਿਰਮਲ ਸਿੰਘ ਚੌਉਕੇ ਨੇ ਮੀਟਿੰਗ ਵਿੱਚ ਆਏ ਡਾਕਟਰ ਸਾਥੀਆਂ ਦਾ ਧੰਨਵਾਦ ਕੀਤਾ।





# 'ਦ ਲਾਰਜੈਸਟ ਇੰਡੀਅਨ ਫੋਕ ਵਰਾਇਟੀ ਡਾਂਸ' 'ਚ ਗੁਰੂ ਨਾਨਕ ਕਾਲਜ ਦੀ ਭੰਗੜਾ ਟੀਮ ਨੇ ਕੀਤੀ ਸ਼ਿਰਕਤ

**ਬੁਢਲਾਡਾ (ਅਸ਼ੋਕ ਲਾਕੜਾ)**

ਗੁਰੂ ਨਾਨਕ ਕਾਲਜ ਦੀ ਭੰਗੜਾ ਟੀਮ ਨੇ 26 ਜਨਵਰੀ ਨੂੰ 76ਵੇਂ ਗਣਤੰਤਰਤਾ ਦਿਹਾੜੇ ਮੌਕੇ ਨਵੀਂ ਦਿੱਲੀ ਵਿੱਚ ਹੋਏ 'ਦ ਲਾਰਜੈਸਟ ਇੰਡੀਅਨ ਫੋਕ ਵਰਾਇਟੀ ਡਾਂਸ' ਵਿੱਚ ਆਪਣੀ ਪੇਸ਼ਕਾਰੀ ਦਿੱਤੀ।'ਦ ਲਾਰਜੈਸਟ ਇੰਡੀਅਨ ਫੋਕ ਵਰਾਇਟੀ ਡਾਂਸ' ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ 'ਚੋਂ 5000 ਵਿਦਿਆਰਥੀ ਕਲਾਕਾਰਾਂ ਨੇ ਆਪਣੇ ਆਪਣੇ ਰਾਜ ਦਾ ਲੋਕ ਨਾਚ ਪੇਸ਼ ਕੀਤਾ।ਸਮੁੱਚੇ ਭਾਰਤ ਦੇ ਪੰਜ ਹਜ਼ਾਰ ਕਲਾਕਾਰਾਂ ਵੱਲੋਂ ਪੇਸ਼ ਲੋਕ ਨਾਚਾਂ ਦੇ ਪ੍ਰਦਰਸ਼ਨ ਨੂੰ ਗਿੰਨੀਜ਼ ਵਰਲਡ ਰਿਕਾਰਡ ਵਿੱਚ ਦਰਜ ਕੀਤਾ ਗਿਆ ਹੈ।ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਕਿਹਾ ਕਿ ਸੰਸਥਾ ਲਈ ਮਾਣ ਵਾਲੀ ਗੱਲ ਹੈ ਕਿ ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਕਲਚਰ ਵਿਭਾਗ ਵੱਲੋਂ ਕਰਾਏ 'ਦ ਲਾਰਜੈਸਟ ਇੰਡੀਅਨ ਫੋਕ ਵਰਾਇਟੀ ਡਾਂਸ' ਵਿੱਚ ਸੰਸਥਾ ਦੀ ਭੰਗੜਾ ਟੀਮ ਨੇ ਹਿੱਸਾ ਲਿਆ ਤੇ ਦੇਸ਼ ਭਰ ਵਿਚੋਂ ਵੱਡੀ ਗਿਣਤੀ ਵਿੱਚ ਇਕੋ ਸਮੇਂ ਵੱਖ-ਵੱਖ ਰਾਜਾਂ ਦੇ ਵਿਦਿਆਰਥੀ ਕਲਾਕਾਰਾਂ ਵੱਲੋਂ ਭਾਰਤੀ ਲੋਕ ਨਾਚਾਂ ਦਾ ਪ੍ਰਦਰਸ਼ਨ ਕਰਕੇ ਆਪਣਾ ਨਾਂਅ ਗਿੰਨੀਜ਼ ਵਰਲਡ ਰਿਕਾਰਡ ਵਿਚ ਦਰਜ ਕਰਾਇਆ ਹੈ।ਇਸ ਨਾਲ ਸੰਸਥਾ ਦੇ ਇਤਿਹਾਸ 'ਚ ਇਕ ਹੋਰ ਸੁਨਹਿਰੀ ਪੰਨਾ ਜੁੜ ਗਿਆ ਹੈ ਤੇ ਇਸ ਪ੍ਰਾਪਤੀ ਨਾਲ ਸਮੁੱਚੇ ਇਲਾਕੇ ਦਾ ਨਾਂਅ ਰੌਸ਼ਨ ਹੋਇਆ ਹੈ।ਜ਼ਿਕਰਯੋਗ ਹੈ ਕਿ ਇਨ੍ਹਾਂ ਵਿਦਿਆਰਥੀ ਕਲਾਕਾਰਾਂ ਦੇ ਜਨੂੰਨ ਸਦਕਾ ਪਹਿਲਾਂ ਸੰਸਥਾ ਨੇ ਖੇਤਰੀ ਯੁਵਕ ਤੇ ਲੋਕ ਮੇਲੇ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ ਹੈ ਅਤੇ ਡਾਂਸ ਦੀ ਓਵਰਆਲ ਟਰਾਫੀ ਜਿੱਤੀ ਹੈ।ਇਨ੍ਹਾਂ ਵਿਦਿਆਰਥੀਆਂ ਨੇ ਅੰਤਰ-ਖੇਤਰੀ ਯੁਵਕ ਮੇਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਇਸ ਪ੍ਰਾਪਤੀ ਦੀ ਵਧਾਈ ਵਿਦਿਆਰਥੀ ਕਲਾਕਾਰਾਂ, ਸਮੁੱਚੇ ਸਟਾਫ਼, ਭੰਗੜੇ ਦੇ ਇੰਚਾਰਜ ਅਮਨਪ੍ਰੀਤ ਸਿੰਘ ਅਤੇ ਯੁਵਕ ਭਲਾਈ ਵਿਭਾਗ ਦੇ ਕੋਆਰਡੀਨੇਟਰ ਗੁਰਦੀਪ ਸਿੰਘ ਨੂੰ ਦਿੱਤੀ।ਯੁਵਕ ਭਲਾਈ ਦੇ ਕੋਆਰਡੀਨੇਟਰ ਗੁਰਦੀਪ ਸਿੰਘ ਨੇ ਕਿਹਾ ਕਿ ਗਣਤੰਤਰ ਦਿਵਸ ਮੌਕੇ ਇਸ ਪੇਸ਼ਕਾਰੀ ਵਿੱਚ ਸ਼ਾਮਲ ਹੋਣਾ ਸੰਸਥਾ ਲਈ ਮਾਣ ਵਾਲੀ ਗੱਲ ਹੈ।ਖੁਸ਼ੀ ਹੈ ਇਹ ਵਿਦਿਆਰਥੀ ਐੱਨ.ਐੱਸ.ਐੱਸ ਰਾਹੀਂ ਇਸ ਇਲਾਕੇ ਵਿੱਚ ਸੇਵਾ ਭਾਵਨਾ ਨਾਲ ਕੰਮ ਕਰਦੇ ਹਨ।ਭੰਗੜਾ ਟੀਮ ਦੇ ਇੰਚਾਰਜ ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਟੀਮ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਦਿੱਲੀ ਵਿਖੇ ਮਨਿਸਟਰੀ ਆਫ ਕਲਚਰ ਵਿਭਾਗ ਵੱਲੋਂ ਕਰਾਏ 'ਦ ਲਾਰਜੈਸਟ ਇੰਡੀਅਨ ਫੋਕ ਵਰਾਇਟੀ ਡਾਂਸ' ਵਿੱਚ ਹਿੱਸਾ ਲੈਣ ਲਈ ਤਿਆਰੀ ਕਰ ਰਹੀ ਸੀ।




# ਲੋਕ ਸੇਵਾ ਸੁਸਾਇਟੀ ਨੇ ਚਿੱਟੇ ਮੋਤੀਏ ਦਾ ਮੁਫ਼ਤ ਚੈਕਅੱਪ ਤੇ ਆਪ੍ਰੇਸ਼ਨ ਕੈਂਪ ਲਗਾਇਆ



**ਜਗਰਾਉਂ (ਸੰਜੀਵ ਅਰੋੜਾ)**

ਸਵ. ਜਗਨ ਨਾਥ ਸਿੰਗਲ ਪੁੱਤਰ ਰਾਮ ਲਾਲ ਸਿੰਗਲ ਦੀ ਯਾਦ ਵਿੱਚ ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਸਿੰਗਲ ਪਰਵਾਰ ਦੇ ਸਹਿਯੋਗ ਨਾਲ 59ਵਾਂ ਅੱਖਾਂ ਚਿੱਟੇ ਮੋਤੀਏ ਦਾ ਮੁਫ਼ਤ ਚੈਕਅਪ ਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਸੁਸਾਇਟੀ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਕੁਲਭੂਸ਼ਨ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਗਣਤੰਤਰ ਦਿਵਸ ਮੌਕੇ ਲੰਮਿਆਂ ਵਾਲਾ ਬਾਗ ਨੇੜੇ ਡੀ. ਏ. ਵੀ. ਕਾਲਜ ਜਗਰਾਉਂ ਵਿਖੇ ਸਿੰਗਲਾ ਪਰਵਾਰ ਦੇ ਸਹਿਯੋਗ ਨਾਲ 59ਵਾਂ ਅੱਖਾਂ ਦਾ ਮੁਫ਼ਤ ਤੇ ਚੈੱਕਅਪ ਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਕੈਂਪ ਵਿੱਚ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕਰਦਿਆਂ ਗਊ ਭਗਤ ਨਵੀਨ ਗੋਇਲ ਨੇ ਲੋਕ ਸੇਵਾ ਸੁਸਾਇਟੀ ਵੱਲੋਂ ਲਗਾਤਾਰ ਕੀਤੇ ਜਾ ਰਹੇ ਕੰਮਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਸੁਸਾਇਟੀ ਪਿਛਲੇ 40 ਸਾਲਾਂ ਤੋਂ ਸਮਾਜ ਸੇਵਾ ਦੇ ਕੰਮਾਂ ਨੂੰ ਕਰਨ ਲਈ ਹਰ ਸਮੇਂ ਤਤਪਰ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਲੋਕ ਸੇਵਾ ਸੁਸਾਇਟੀ ਜ਼ਰੂਰਤਮੰਦਾਂ ਲੋਕਾਂ ਦੀ ਮਦਦ ਲਈ ਹੀ ਕੰਮ ਨਹੀਂ ਕਰਦੀ ਬਲਕਿ ਹਰੇਕ ਧਾਰਮਿਕ ਸਮਾਗਮ ਵਿੱਚ ਵੀ ਸ਼ਮੂਲੀਅਤ ਕਰਦੀ ਹੈ ਅਤੇ ਵਿਦਿਆਰਥੀਆਂ ਜਿਹੜੇ ਆਰਥਿਕ ਪੱਖੋਂ ਕਮਜ਼ੋਰ ਹਨ, ਨੂੰ ਸਕਾਲਰਸ਼ਿਪ ਦੇ ਕੇ ਉਨ੍ਹਾਂ ਦੀ ਪੜ੍ਹਾਈ ਵਿੱਚ ਮਦਦ ਵੀ ਕਰਦੀ ਹੈ। ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਅਤੇ ਪ੍ਰਧਾਨ ਰਜਿੰਦਰ ਜੈਨ ਕਾਕਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਹਰੇਕ ਮਹੀਨੇ ਦੇ ਅਖੀਰਲੇ ਐਤਵਾਰ ਨੂੰ ਜਗਰਾਉਂ ਵਿਖੇ ਅੱਖਾਂ ਦਾ ਮੁਫ਼ਤ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਲਗਾਇਆ ਜਾਂਦਾ ਹੈ, ਜਿੱਥੇ ਕੋਈ ਵੀ ਮਰੀਜ਼ ਆ ਕੇ ਆਪਣੀਆਂ ਅੱਖਾਂ ਦਾ ਚੈੱਕਅਪ ਕਰਵਾ ਕੇ ਆਪਰੇਸ਼ਨ ਬਿਲਕੁਲ ਮੁਫ਼ਤ ਕਰਵਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਅੱਜ ਦੇ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਟੀਮ ਵੱਲੋਂ 153 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕਰਨ ਤੋਂ ਬਾਅਦ 51 ਮਰੀਜ਼ਾਂ ਦੀ ਚੋਣ ਕੀਤੀ ਗਈ, ਜਿਨ੍ਹਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਮੁਫ਼ਤ ਸੁਸਾਇਟੀ ਵੱਲੋਂ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਸਿਰਫ਼ ਚਿੱਟੇ ਮੋਤੀਏ ਵਾਲੇ ਮਰੀਜ਼ਾਂ ਦਾ ਹੀ ਚੈੱਕਅਪ ਤੇ ਅਪ੍ਰੇਸ਼ਨ ਕੀਤਾ ਜਾਂਦਾ ਹੈ ਅਤੇ ਕੈਂਪ ਵਿੱਚ ਜੋ ਅਪ੍ਰੇਸ਼ਨ ਲਈ ਚੁਣੇ ਮਰੀਜ਼ਾਂ ਨੂੰ ਉਸੇ ਹੀ ਦਿਨ ਹਸਪਤਾਲ ਭੇਜ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮਰੀਜ਼ ਦਾ ਕਿਸੇ ਕਿਸਮ ਦਾ ਕੋਈ ਵੀ ਖ਼ਰਚ ਨਹੀਂ ਆਉਂਦਾ। ਇਸ ਮੌਕੇ ਸੋਸਾਇਟੀ ਦੇ ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ ਤੇ ਕੰਵਲ ਕੱਕੜ, ਸਰਪ੍ਰਸਤ ਰਜਿੰਦਰ ਜੈਨ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਪੀ. ਆਰ. ਓ. ਸੁਖਦੇਵ ਗਰਗ, ਜਸਵੰਤ ਸਿੰਘ, ਆਰ ਕੇ ਗੋਇਲ, ਮੁਕੇਸ਼ ਗੁਪਤਾ, ਗੋਪਾਲ ਗੁਪਤਾ, ਪ੍ਰਵੀਨ ਮਿੱਤਲ, ਡਾ. ਭਾਰਤ ਬਾਂਸਲ, ਅਨਿਲ ਮਲਹੋਤਰਾ, ਲਾਕੇਸ਼ ਟੰਡਨ ਤੇ ਰਾਜੀਵ ਮਿੱਤਲ ਆਦਿ ਹਾਜ਼ਰ ਸਨ।

# ਪ੍ਰਿੰ. ਚਰਨਜੀਤ ਸਿੰਘ ਭੰਡਾਰੀ ਨੇ ਵਿਦਿਆਰਥੀਆਂ ਨੂੰ ਸੌਂਪੇ ਸਨਮਾਨ ਪੱਤਰ

**ਜਗਰਾਉਂ, (ਸੰਜੀਵ ਅਰੋੜਾ)**- ਜਗਰਾਉਂ ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਐਸ ਬੀ ਬੀ ਐਸ ਲਾਹੌਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਵਿਖੇ ਅੱਜ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਨੇ ਗਣਤੰਤਰ ਦਿਵਸ ਦੇ ਪ੍ਰੋਗਰਾਮ ਵਿੱਚ ਪੂਰੇ ਉਤਸ਼ਾਹ ਨਾਲ ਸ਼ਿਰਕਤ ਕਰਨ ਵਾਲੇ ਵਿਦਿਆਰਥੀਆਂ ਨੂੰ ਅਡੀਸ਼ਨਲ ਡਿਪਟੀ ਕਮਿਸ਼ਨਰ ਕੁਲਪ੍ਰੀਤ ਸਿੰਘ ਵੱਲੋਂ ਜਾਰੀ ਕੀਤੇ ਗਏ ਸਨਮਾਨ ਪੱਤਰ ਤਕਸੀਮ ਕੀਤੇ । ਇਸ ਮੌਕੇ ਭੰਡਾਰੀ ਨੇ ਬੱਚਿਆਂ ਨੂੰ ਗਣਤੰਤਰ ਦਿਵਸ ਦੀ ਮਹੱਤਤਾ ਦੱਸਦਿਆਂ ਹੋਇਆਂ ਕਿਹਾ ਕਿ ਇਸ ਦਿਨ ਸਾਡਾ ਭਾਰਤ ਦੇਸ਼ ਪੂਰੀ ਤਰੀਕੇ ਦੇ ਨਾਲ ਗਣਰਾਜ ਬਣ ਗਿਆ ਸੀ ਤੇ 26 ਜਨਵਰੀ 1950 ਵਾਲੇ ਦਿਨ ਭਾਰਤ ਦੇਸ਼ ਦੇ ਵਿੱਚ ਸੰਵਿਧਾਨ ਲਾਗੂ ਕੀਤਾ ਗਿਆ ਸੀ ਤੇ ਇਸ ਸੰਵਿਧਾਨ ਦੇ ਮੁਤਾਬਿਕ ਪੂਰੇ ਦੇਸ਼ ਦੇ ਨਾਗਰਿਕ ਇੱਕ ਸਮਾਨ ਸਮਝੇ ਗਏ। ਇਸ ਮੌਕੇ ਰਸ਼ਪਾਲ ਸਿੰਘ ਗਾਲਿਬ, ਰਾਜ ਕੁਮਾਰ ਅਤੇ ਸਤਨਾਮ ਸਿੰਘ ਅਧਿਆਪਕਾਂ ਨੇ ਵੀ ਆਪਣੇ ਵਿਚਾਰ ਰੱਖਦਿਆਂ ਸਮੂਹ ਵਿਦਿਆਰਥੀਆਂ ਨੂੰ ਦੇਸ਼ ਭਗਤੀ ਅਤੇ ਸੰਵਿਧਾਨ ਪ੍ਰਤੀ ਸਮਰਪਣ ਭਾਵਨਾ ਦੇ ਨਾਲ ਵਿਚਰਨ ਦਾ ਪ੍ਰਣ ਕਰਵਾਇਆ।

30-Jan-PAGE-6.qxd 1/29/2025 9:09 PM Page 1



# ਵੱਡੇ ਇਕੱਠ ਨਾਲ ਸ਼ਹਿਰ 'ਚ ਹੋਇਆ ਸ਼ਾਂਤੀਪੂਰਵਕ ਰੋਸ



**ਜਗਰਾਉਂ (ਅਮਿਤ ਖੰਨਾ)** 26 ਜਨਵਰੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਸ਼ਰੇਆਮ ਚਿੱਟੇ ਦਿਨ ਭੀੜਭਾੜ ਵਾਲੇ ਇਲਾਕੇ ਅੰਦਰ ਬਾਬਾ ਸਾਹਿਬ ਪ੍ਰਤਿਮਾ ਉੱਪਰ ਪੌੜੀ ਲਗਾ ਕੇ ਹਥੌੜੇ ਨਾਲ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ । ਜਿਉਂ ਹੀ ਸੋਸ਼ਲ ਮੀਡੀਆ ਉੱਪਰ ਵੀਡੀਓ ਵਾਇਰਲ ਹੋਈ ਤਿਉਂ ਹੀ ਭਾਰਤੀ ਸੰਵਿਧਾਨ ਨੂੰ ਪਿਆਰ ਕਰਨ ਵਾਲੇ ਲੋਕਾਂ ਦੇ ਮਨਾਂ ਅੰਦਰ ਭਾਰੀ ਰੋਸ ਜਾਗ ਪਿਆ। ਕਿਉਂਕਿ 26 ਜਨਵਰੀ 1950 ਨੂੰ ਬਾਬਾ ਸਾਹਿਬ ਵੱਲੋਂ ਤਿਆਰ ਸੰਵਿਧਾਨ ਲਾਗੂ ਕੀਤਾ ਗਿਆ ਸੀ। ਉਸੇ ਹੀ ਦਿਨ ਸੰਵਿਧਾਨ ਨੂੰ ਅੱਗ ਲਾਉਣ ਤੇ ਬਾਬਾ ਸਾਹਿਬ ਦੀ ਪ੍ਰਤਿਮਾ ਨੂੰ ਨੁਕਸਾਨ ਪਹੁੰਚਾਉਣ ਦੀ ਸੋਚੀ ਸਮਝੀ ਸਾਜਿਸ਼ ਤਹਿਤ ਕੀਤਾ ਗਿਆ ਕਾਰਨਾਮਾ ਹੈ ।ਉਸ ਦਿਨ ਪੂਰੇ ਭਾਰਤ ਅੰਦਰ ਹਰ ਚੌਂਕ ਅੰਦਰ ਸਕਿਰਟੀ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਪ੍ਰੰਤੂ ਭੀੜ ਭਾੜ ਵਾਲੇ ਇਲਾਕੇ ਅੰਦਰ ਅਜਿਹੀ ਘਟਨਾ ਦਾ ਵਾਪਰਨਾ ਕਈ ਤਰ੍ਹਾਂ ਦੇ ਸਵਾਲ ਪੈਦਾ ਕਰਦਾ ਹੈ। 26 ਜਨਵਰੀ ਨੂੰ ਹੀ ਬਾਬਾ ਸਾਹਿਬ ਅਤੇ ਸੰਵਿਧਾਨ ਨੂੰ ਨੁਕਸਾਨ ਪਹੁੰਚਾਉਣਾ ਆਮ ਵਿਅਕਤੀ ਦਾ ਕੰਮ ਨਹੀਂ ਹੈ। ਇਸ ਦੇ ਪਿੱਛੇ ਕਿਸ ਦਾ ਹੱਥ ਹੈ। ਕੌਣ ਕੌਣ ਲੋਕ ਜੋ ਭਾਰਤ ਦੇ ਸੰਵਿਧਾਨ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ। ਦੋਸ਼ੀਆਂ ਦੀ ਸ਼ਨਾਖਤ ਕਰਕੇ ਸਖਤ ਤੋਂ ਸਖਤ ਸਜ਼ਾਵਾਂ ਦੇਣ ਲਈ ਜਗਰਾਉਂ ਅੰਦਰ ਵੱਡੇ ਇਕੱਠ ਦੇ ਰੂਪ ਵਿੱਚ ਲੋਕਾਂ ਵੱਲੋਂ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਸ਼ਾਂਤਮਈ ਸੰਘਰਸ਼ ਕੀਤਾ ਗਿਆ। ਸੰਘਰਸ਼ ਵੱਲੋਂ ਡੀ ਜੀ ਪੀ ਦੇ ਨਾਂਅ ਸੀਨੀਅਰ ਪੁਲਸ ਕਪਤਾਨ ਰਾਹੀਂ ਤੇ ਮੁੱਖ ਮੰਤਰੀ ਪੰਜਾਬ ਨੂੰ ਉਪ ਮੰਡਲ ਮਜਿਸਟਰੇਟ ਰਾਹੀਂ ਮੰਗ ਪੱਤਰ ਭੇਜੇ ਗਏ।ਇਸ ਮੌਕੇ ਐਡਵੋਕੇਟ ਰਵਿੰਦਰ ਪਾਲ ਸਿੰਘ ਰਾਜੂ ਕੌਂਸਲਰ, ਰਮੇਸ਼ ਕੁਮਾਰ ਮੇਸ਼ੀ ਸਹੋਤਾ ਕੌਂਸਲਰ, ਬੌਬੀ ਕਪੂਰ ਕੌਂਸਲਰ, ਦਵਿੰਦਰ ਜੀਤ ਸਿੰਘ ਸਿੱਧੂ ਕੌਂਸਲਰ, ਜਰਨੈਲ ਸਿੰਘ ਲੋਹਟ ਕੌਂਸਲਰ, ਡਾ. ਨਿਰਮਲ ਭੁੱਲਰ, ਕੁਲਵੰਤ ਸਿੰਘ ਸਹੋਤਾ, ਸੂਬੇਦਾਰ ਸਾਧੂ ਸਿੰਘ ਤੱਪੜ, ਗੁਰਬਚਨ ਸਿੰਘ ਮਾਨ ਜਨਰਲ ਸਕੱਤਰ ਬੀ ਐਸ ਪੀ ਪੰਜਾਬ, ਭਰਪੂਰ ਸਿੰਘ ਛੱਜਾਵਾਲ ਮਜ਼ਦੂਰ ਸੰਘਰਸ਼ ਕਮੇਟੀ ਪ੍ਰਧਾਨ ਪੰਜਾਬ, ਹਰਜੀਤ ਸਿੰਘ ਸਿੱਧੂ ਪ੍ਰਧਾਨ ਬੀ ਐਸ ਪੀ ਹਲਕਾ ਜਗਰਾਉਂ, ਬਲਵੰਤ ਸਿੰਘ ਭੱਟੀ, ਇਸ ਮੌਕੇ ਨਵਾਂ ਕੌਂਸਲ ਜਗਰਾਉਂ ਦੇ ਦਵਿੰਦਰ ਸਿੰਘ ਕਲਰਕ ਨਵਜੀਤ ਕੌਰ, ਗਗਨ ਖੁੱਲਰ, ਹਰਦੀਪ ਢੋਲਣ, ਦਵਿੰਦਰ ਸਿੰਘ ਗਰਚਾ, ਤਾਰਕ , ਅਮਰਪਾਲ ਸਿੰਘ, ਗੁਰਪ੍ਰੀਤ ਸਿੰਘ, ਵਿਸ਼ਾਲ ਟੰਡਨ, ਜਸਪ੍ਰੀਤ ਸਿੰਘ,ਮਨੀ ਧਾਲੀਵਾਲ ਅਮਨਦੀਪ ਕੌਰ, ਕੋਮਲ ਮੈਡਮ, ਜਗਮੋਹਨ ਸਿੰਘ ਕਲੈਰੀਕਲ ਸਟਾਫ ਲਖਵੀਰ ਸਿੰਘ, ਰਾਜ ਕੁਮਾਰ, ਸ਼ਾਮ ਲਾਲ ਚਿੰਡਾਲਿਆ ਸੀਵਰੇਜ ਯੂਨੀਅਨ ਸਫਾਈ ਯੂਨੀਅਨ ਰਜਿੰਦਰ ਕੁਮਾਰ, ਪ੍ਰਦੀਪ ਕੁਮਾਰ, ਸਨਦੀਪ ਕੁਮਾਰ, ਰਾਮ ਪ੍ਰਕਾਸ਼, ਪੰਪ ਅਪਰੇਟਰ ਯੂਨੀਅਨ ਇਲੈਕਟ੍ਰੀਕਲ ਯੂਨੀਅਨ ਮਾਲੀ ਤੇ ਬੇਲਦਾਰ, ਲਖਬੀਰ ਸਿੰਘ ਸੀਰਾ, ਅਮਿਤ ਕਲਿਆਣ ਪ੍ਰਧਾਨ ਸੈਕਟਰ ਬਾਲਮੀਕਿ ਸਭਾ ਇੰਡੀਆ ਜਗਰਾਉਂ, ਪਰਮਜੀਤ ਸਿੰਘ ਲੱਧੜ ਹਾਜ਼ਰ ਰਹੇ।

## ਇੱਕ ਰੋਜ਼ਾ ਡਰਿੱਲ ਤੇ ਹਥਿਆਰ ਕਮ ਮੈਪ ਸਿਖਲਾਈ ਕੈਂਪ ਦਾ ਆਯੋਜਨ



**ਰਾਜਪੁਰਾ (ਰਮੇਸ਼ ਕਟਾਰੀਆ)** ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਵਿਖੇ 5 ਪੰਜਾਬ ਬਟਾਲੀਅਨ ਐਨ.ਸੀ.ਸੀ. ਪਟਿਆਲਾ ਦੇ ਏ.ਐਨ.ਓ. ਲੈਫਟੀਨੈਂਟ ਡਾ. ਜੈਦੀਪ ਸਿੰਘ ਤੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਦੀ ਯੋਗ ਅਗਵਾਈ ਵਿੱਚ ਇਕਰੋਜ਼ਾ ਹਥਿਆਰ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ। ਇਸ ਟ੍ਰੇਨਿੰਗ ਵਿੱਚ ਪਟਿਆਲਾ ਤੋਂ ਸੂਬੇਦਾਰ ਸੁਖਰਾਜ ਸਿੰਘ ਸ਼ੌਰਿਆ ਚੱਕਰ ਅਵਾਰਡੀ, ਸੀ.ਐਚ.ਐੱਮ. ਮਨੋਜ ਕੁਮਾਰ ਤੇ 4 ਪੀ.ਆਈ. ਸਟਾਫ਼ ਉਚੇਚੇ ਤੌਰ 'ਤੇ ਪਹੁੰਚੇ, ਜਿਨ੍ਹਾਂ ਨੇ ਐਨ.ਸੀ.ਸੀ. ਕੈਡਿਟਸ ਨੂੰ ਪਹਿਲਾਂ ਡਰਿੱਲ ਕਰਾਈ ਤੇ ਫ਼ਿਰ ਏ.ਕੇ. 47 ਅਤੇ ਹੋਰ ਵੀ ਹਥਿਆਰਾਂ ਨੂੰ ਚਲਾਉਣ, ਖੋਲ੍ਹਣ ਤੇ ਫ਼ਿਰ ਜੋੜਨ ਦੇ ਤਰੀਕਿਆਂ ਦੇ ਨਾਲ ਨਾਲ ਮੈਪ ਦੀ ਵਰਤੋਂ ਦੇ ਸੁਚੱਜੇ ਤਰੀਕਿਆਂ ਬਾਰੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਦਿੱਤੀ।

ਪਟੇਲ ਕਾਲਜ ਦੇ ਐਨ.ਸੀ.ਸੀ. ਕੈਡਿਟਸ ਤੋਂ ਇਲਾਵਾ ਸਰਕਾਰੀ ਆਈ.ਟੀ.ਆਈ. ਅਤੇ ਸਵਾਇਟ ਕਾਲਜ ਰਾਜਪੁਰਾ ਦੇ ਐਨ.ਸੀ.ਸੀ. ਕੈਡਿਟਸ ਵੀ ਇਸ ਟ੍ਰੇਨਿੰਗ ਕੈਂਪ ਦਾ ਲਾਭ ਲੈਣ ਲਈ ਸ਼ਾਮਲ ਹੋਏ।

ਇਸ ਮੌਕੇ ਡਾਇਰੈਕਟਰ ਰਾਜੀਵ ਬਾਹੀਆ, ਰਜਿਸਟਰਾਰ ਡਾ. ਸ਼ੇਰ ਸਿੰਘ, ਡਾ. ਮਨਦੀਪ ਕੌਰ, ਡਾ. ਵੰਦਨਾ ਗੁਪਤਾ ਤੇ ਕੋਚ ਹਰਪ੍ਰੀਤ ਸਿੰਘ ਨੇ ਇਸ ਕੈਂਪ ਵਿੱਚ ਸ਼ਿਰਕਤ ਕਰਕੇ ਐਨ.ਸੀ.ਸੀ. ਕੈਡਿਟਸ ਦੀ ਹੌਸਲਾ ਅਫ਼ਜ਼ਾਈ ਕੀਤੀ।

## ਵਰਲਡ ਯੂਨੀਵਰਸਿਟੀ ਦੇ ਵਿਦਿਆਰਥੀ ਜ਼ਿਲ੍ਹਾ ਯੁਵਾ ਉਤਸਵ 'ਚ ਜੇਤੂ



**ਸ੍ਰੀ ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਨਹਿਰੂ ਯੁਵਾ ਕੇਂਦਰ ਤੇ ਦੇਸ਼ ਭਗਤ ਯੂਨੀਵਰਸਿਟੀ ਦੁਆਰਾ ਆਯੋਜਤ ਜ਼ਿਲ੍ਹਾ ਯੁਵਾ ਉਤਸਵ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੀ ਪਛਾਣ ਬਣਾਈ। ਡਾ. ਸਿਕੰਦਰ ਸਿੰਘ, ਡੀਨ ਸਟੂਡੈਂਟਸ ਵੈੱਲਫੇਅਰ ਨੇ ਦੱਸਿਆ ਕਿ ਯੂਨੀਵਰਸਿਟੀ ਦੀ ਟੀਮ, ਜੋ ਕਿ ਮੁੱਖ ਤੌਰ 'ਤੇ ਸਿੱਖਿਆ ਵਿਭਾਗ ਤੋਂ ਸੀ ਨੇ ਯੁਵਾ ਉਤਸਵ ਵਿੱਚ ਛੇ ਈਵੈਂਟਾਂ ਵਿੱਚ ਜੇਤੂ ਰਹੀਆਂ। ਅਨਮੋਲਦੀਪ ਕੌਰ, ਪ੍ਰੀਤ ਕੌਰ, ਹਸਨਦੀਪ ਕੌਰ, ਨਵਜੋਤ ਕੌਰ, ਪੈਰੀ ਵਸ਼ਿਸ਼ਟ ਤੇ ਅਮਨਦੀਪ ਕੌਰ ਦੀ ਗਰੁੱਪ ਡਾਂਸ ਟੀਮ ਨੇ ਖੇਤਰ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਉਜਾਗਰ ਕਰਨ ਵਾਲੇ ਮਨਮੋਹਕ ਪ੍ਰਦਰਸ਼ਨ ਨਾਲ ਪਹਿਲਾ ਸਥਾਨ ਹਾਸਲ ਕੀਤਾ।ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੇ ਵਿਅਕਤੀਗਤ ਵਰਗ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ।ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਵਿਭਿੰਨ ਪ੍ਰਤਿਭਾ ਤੇ ਸਿਰਜਣਾਤਮਕ ਸਮਰੱਥਾ ਨੂੰ ਦਰਸਾਉਂਦੇ ਹੋਏ ਅਰਸ਼ਦੀਪ ਕੌਰ ਨੇ ਡਿਕਲੇਮੇਸ਼ਨ ਵਿੱਚ, ਜਗਮੀਤ ਸਿੰਘ ਨੇ ਫੋਟੋਗ੍ਰਾਫੀ ਵਿੱਚ ਤੇ ਜਸ਼ਨਜੀਤ ਕੌਰ ਨੇ ਪੇਂਟਿੰਗ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਸਿੱਖਿਆ ਵਿਭਾਗ ਦੇ ਮੁਖੀ ਡਾ: ਹਰਨੀਤ ਬਿਲਿੰਗ ਨੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਮਾਣ ਪ੍ਰਗਟ ਕੀਤਾ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਅਣਥੱਕ ਮਿਹਨਤ, ਸਮਰਪਣ ਤੇ ਅਣਗਿਣਤ ਘੰਟਿਆਂ ਦੇ ਅਭਿਆਸ ਦਾ ਨਤੀਜਾ ਹੈ।ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਪ੍ਰਿਤ ਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਵਧਾਈ ਦਿੱਤੀ।

## ਸ਼ਹਿਰ ਦੀਆਂ ਸਮੂਹ ਗੁਰਦੁਆਰਾ ਗੁਰੂ ਰਵਿਦਾਸ ਕਮੇਟੀਆਂ ਨੇ ਸਜਾਇਆ ਨਗਰ ਕੀਰਤਨ



**ਜਗਰਾਉਂ, (ਸੰਜੀਵ ਅਰੋੜਾ)**-ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਜਗਰਾਉਂ ਸ਼ਹਿਰ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਨਗਰ ਕੀਰਤਨ ਸਜਾਇਆ ਗਿਆ ਅਤੇ ਸਮਾਜ ਮਿਲਵਰਤਣ ਸੁਸਾਇਟੀ ਦੇ ਸੁਹਿਰਦ ਉਪਰਾਲੇ ਸਦਕਾ ਸਮੂਹ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਕਮੇਟੀਆਂ ਨੇ ਪੂਰਨ ਸਹਿਯੋਗ ਦੇ ਕੇ ਇਕਮੁੱਠਤਾ ਦਾ ਸਬੂਤ ਦਿੱਤਾ। ਸੁਸਾਇਟੀ ਦੇ ਪ੍ਰਧਾਨ ਰਛਪਾਲ ਸਿੰਘ ਚੀਮਾ, ਮਹਿੰਗਾ ਸਿੰਘ ਮੀਰਪੁਰ ਅਤੇ ਪ੍ਰੇਮ ਸਿੰਘ ਲੋਹਟ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਮੌਕੇ ਹਰ ਸਾਲ ਜਗਰਾਉਂ ਸ਼ਹਿਰ ਦੀਆਂ ਸਮੂਹ ਗੁਰਦੁਆਰਾ ਕਮੇਟੀਆਂ ਵੱਲੋਂ ਵੱਖੋ-ਵੱਖ ਨਗਰ ਕੀਰਤਨ ਸਜਾਏ ਜਾਂਦੇ ਸਨ, ਪਰ ਇਸ ਵਾਰ ਸਮਾਜ ਮਿਲਵਰਤਣ ਸੁਸਾਇਟੀ ਦੇ ਅਹੁਦੇਦਾਰਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਸਮੂਹ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਦੇ ਪ੍ਰਧਾਨ ਤੇ ਅਹੁਦੇਦਾਰਾਂ ਨਾਲ ਰਾਬਤਾ ਕਾਇਮ ਕਰਕੇ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਮੌਕੇ ਸ਼ਹਿਰ ਵਿੱਚ ਇੱਕ ਸਾਂਝਾ ਤੇ ਵਿਸ਼ਾਲ ਨਗਰ ਕੀਰਤਨ ਸਜਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ, ਜਿਸ ਨਾਲ ਸਮਾਜ ਮਿਲਵਰਤਣ ਸੁਸਾਇਟੀ ਦੇ ਯਤਨਾਂ ਨੂੰ ਬੂਰ ਪਿਆ ਤੇ ਸਾਰੀਆਂ ਕਮੇਟੀਆਂ ਨੇ ਇਸ ਫੈਸਲੇ ਨੂੰ ਖਿੜੇ ਮੱਥੇ ਪ੍ਰਵਾਨ ਕਰਦਿਆਂ ਇਸ ਵਾਰ ਸ਼ਹਿਰ ਵਿੱਚ ਇੱਕ ਸਾਂਝਾ ਵਿਸ਼ਾਲ ਨਗਰ ਕੀਰਤਨ ਸਜਾਇਆ ਅਤੇ ਹਰ ਸਾਲ ਇਸੇ ਤਰ੍ਹਾਂ ਹੀ ਸਾਂਝਾ ਨਗਰ ਕੀਰਤਨ ਸਜਾਉਣ ਸਹਿਮਤੀ ਪ੍ਰਗਟ ਕੀਤੀ। ਇਸ ਮੌਕੇ ਹੰਸਰਾਜ, ਕੈਪਟਨ ਗੁਲਜਾਰ ਸਿੰਘ, ਅਸ਼ੋਕ ਕੁਮਾਰ, ਮਹਿੰਦਰ ਸਿੰਘ ਕਮਾਲਪੁਰਾ, ਹੰਸਰਾਜ, ਹੈਪੀ ਲੋਹਟ, ਪ੍ਰਿੰ.ਸਰਬਜੀਤ ਸਿੰਘ ਭੱਟੀ ਦੇਹੜਕਾ, ਕੁਲਦੀਪ ਸਿੰਘ ਮੀਰਪੁਰ, ਭੁਪਿੰਦਰ ਸਿੰਘ ਮੁਰਲੀ, ਹਰਪ੍ਰੀਤ ਸਿੰਘ ਮਲਕ, ਕੁਲਦੀਪ ਸਿੰਘ ਲੋਹਟ, ਹਰਪ੍ਰੀਤ ਸਿੰਘ ਮੱਲ੍ਹਾ, ਨੰਦ ਲਾਲ ਅਤੇ ਹਰਪ੍ਰੀਤ ਸਿੰਘ ਸਰਬਾ ਨੇ ਵੀ ਸਹਿਯੋਗ ਦਿੱਤਾ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਵਿੱਤੀ ਮਦਦ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਲੋੜਵੰਦ ਮਰੀਜ਼ਾਂ ਨੂੰ 18000 ਦੇ ਕਰੀਬ ਸਹਾਇਤਾ ਰਾਸ਼ੀ ਮਹੰਤ ਕਸ਼ਮੀਰ ਸਿੰਘ ਤੇ ਬਲਦੇਵ ਸਿੰਘ ਬੇਦੀ ਰਿਟਾਇਰਡ ਡੀ ਈ ਓ ਦੀ ਹਾਜ਼ਰੀ ਵਿੱਚ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਇਹ ਮਰੀਜ਼ ਵੱਖ ਵੱਖ ਬੀਮਾਰੀਆਂ ਤੋਂ ਪੀੜਤ ਹਨ ਅਤੇ ਘਰੇਲੂ ਹਾਲਾਤ ਠੀਕ ਨਾ ਹੋਣ ਕਾਰਨ ਦਵਾਈਆਂ ਖ੍ਰੀਦਣ ਤੋਂ ਅਸਮਰਥ ਹਨ।ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ ਨੇ ਦੱਸਿਆ ਕਿ ਇਸ ਤੋਂ ਇਲਾਵਾ ਸੰਪਰਕ ਵਿੱਚ ਆਉਣ 'ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਹਰ ਇੱਕ ਲੋੜਵੰਦ ਦੀ ਬਾਂਹ ਫੜੀ ਜਾਂਦੀ ਹੈ ਅਤੇ ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਅਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢ ਕੇ ਲੋੜਵੰਦਾਂ ਦੀ ਖੁੱਲ੍ਹੇ ਦਿਲ ਨਾਲ ਮਦਦ ਕੀਤੀ ਜਾਂਦੀ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਮਰੀਜ਼ਾਂ ਵੱਲੋਂ ਡਾਕਟਰ ਐੱਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ ਸਕੱਤਰ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਚਰਨਜੀਤ ਸਿੰਘ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਸੋਮਨਾਥ, ਗੁਰਚਰਨ ਸਿੰਘ ਮੈਨੇਜਰ ਆਸਟ੍ਰੇਲੀਆ ਵਾਲੇ, ਅਮ੍ਰਿਤ ਪਾਲ ਸਿੰਘ ਆਦਿ ਹਾਜ਼ਰ ਸਨ।

## ਦਿਹਾਤੀ ਮਜ਼ਦੂਰ ਸਭਾ ਨੇ ਪਿੰਡ ਕਾਲਗੜ੍ਹ 'ਚ ਕੀਤੀ ਵਿਸ਼ਾਲ ਨੁੱਕੜ ਮੀਟਿੰਗ



**ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਤਹਿਸੀਲ ਲੱਖੇਵਾਲੀ ਅਧੀਨ ਪੈਂਦੇ ਪਿੰਡ ਆਹ ਅਕਾਲਗੜ੍ਹ ਵਿੱਚ ਨਰੇਗਾ ਦੇ ਲੰਮੇ ਸਮੇਂ ਤੋਂ ਕੀਤੇ ਬੰਦ ਕੰਮ ਨੂੰ ਚਾਲੂ ਕਰਾਉਣ ਲਈ ਵਿਸ਼ਾਲ ਨੁੱਕੜ ਮੀਟਿੰਗ ਕੀਤੀ ਗਈ। ਇਸ ਸਮੇਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਹਰਜੀਤ ਸਿੰਘ ਮਦਰੱਸਾ ਪਿੰਡ ਇਕਾਈ ਦੇ ਪ੍ਰਧਾਨ ਸੇਵਾ ਸਿੰਘ, ਸਕੱਤਰ ਆਸਾ ਸਿੰਘ ਨੇ ਸੰਬੋਧਨ ਕਰਦਿਆਂ ਬੀਡੀਪੀਓ ਤੋਂ ਮੰਗ ਕੀਤੀ ਕਿ ਲੰਮੇ ਸਮੇਂ ਤੋਂ ਬੰਦ ਕੰਮ ਨੂੰ ਚਾਲੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਨਰੇਗਾ ਮਜ਼ਦੂਰਾਂ ਨੂੰ ਅਰਜ਼ੀਆਂ ਭਰਨ ਤੋਂ ਬਾਅਦ ਲਗਾਤਾਰ ਕੰਮ ਦੇਣਾ ਹੁੰਦਾ ਹੈ। ਇਹ ਕੰਮ ਸੌ ਦਿਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਕੰਮ ਨਹੀਂ ਤਾਂ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਨਰੇਗਾ ਅਧੀਨ ਸਾਰੇ ਪਰਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ 700 ਰੁਪਏ ਕੀਤੀ ਜਾਵੇ ਨਰੇਗਾ ਵਿੱਚ ਸਿਆਸੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਦਿਹਾਤੀ ਮਜ਼ਦੂਰ ਸਭਾ ਲਗਾਤਾਰ ਮਜ਼ਦੂਰਾਂ ਲਈ ਸੰਘਰਸ਼ ਕਰ ਰਹੀ ਹੈ ਤੇ ਮਜ਼ਦੂਰਾਂ ਦੇ ਉੱਤੇ ਹੁੰਦੇ ਜਬਰ ਵਿਰੁੱਧ ਲਗਾਤਾਰ ਲਾੜ ਰਹੀ ਹੈ। ਨਰੇਗਾ ਦਾ ਕੰਮ ਚਲਾਉਣ ਲਈ ਵੀ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ।ਇਸ ਸਮੇਂ ਵੱਡੀ ਗਿਣਤੀ ਵਿੱਚ ਨਰੇਗਾ ਮਜ਼ਦੂਰ ਪਰਵਾਰਾਂ ਸਮੇਤ ਸ਼ਾਮਿਲ ਹੋਏ ਇੱਕ ਮਤਾ ਪਾਸ ਕਰਕੇ ਅੰਮ੍ਰਿਤਸਰ ਵਿੱਚ ਬਾਬਾ ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਦੀ ਕੀਤੀ ਭੰਨਤੋੜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਜਿਸ ਵਿਅਕਤੀ ਨੇ ਇਹ ਕਾਰਾ ਕੀਤਾ ਉਸ ਵਿਰੁੱਧ ਸਖ਼ਤੀ।

## ਕੈਰੀਅਰ ਕਾਨਫਰੰਸ ਪ੍ਰੋਗਰਾਮ ਦਾ ਆਯੋਜਨ

**ਫ਼ਾਜ਼ਿਲਕਾ, (ਨਿਸ਼ਾ ਸ਼ਰਮਾ)** ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਮਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ 30 ਜਨਵਰੀ ਨੂੰ ਸਰਕਾਰੀ ਕਾਲਜ (ਲੜਕੀਆਂ), ਜਲਾਲਾਬਾਦ ਵਿਖੇ ਕੈਰੀਅਰ ਕਾਨਫਰੰਸ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ।

ਜ਼ਿਲ੍ਹਾ ਰੋਜ਼ਗਾਰ ਅਫਸਰ ਸ੍ਰੀਮਤੀ ਵੈਸ਼ਾਲੀ ਨੇ ਜਾਣਕਾਰੀ ਦਿੱਤੀ।ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਦੱਸਿਆ ਕਿ ਕਾਨਫਰੰਸ ਪ੍ਰੋਗਰਾਮ ਦੌਰਾਨ ਪਸ਼ੂ ਪਾਲਣ ਵਿਭਾਗ, ਮੱਛੀ ਪਾਲਣ ਵਿਭਾਗ, ਡੇਅਰੀ ਵਿਭਾਗ, ਜ਼ਿਲ੍ਹਾ ਉਦਯੋਗ ਕੇਂਦਰ, ਬੈਂਕ, ਐਸ.ਸੀ. ਕਾਰਪੋਰੇਸ਼ਨ, ਬੈਂਕਫਿੰਕੋ ਤੇ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਵੱਲੋਂ ਸ਼ਿਰਕਤ ਕੀਤੀ ਜਾਵੇਗੀ।ਇਸ ਦੇ ਨਾਲ-ਨਾਲ ਵਿਭਾਗ ਵੱਲੋਂ ਸਟਾਲ ਤੇ ਫਲੈਕਸ ਲਾ ਕੇ ਆਉਣ ਵਾਲੇ ਪ੍ਰਾਰਥੀਆਂ ਨੂੰ ਵਿਭਾਗ ਨਾਲ ਸਬੰਧਤ ਜਾਣਕਾਰੀ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਹ ਕਾਨਫਰੰਸ ਸਵੇਰੇ 10:30 ਵਜੇ ਸਰਕਾਰੀ ਕਾਲਜ (ਲੜਕੀਆਂ) ਵਿਖੇ ਅਯੋਜਤ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ 10ਵੀਂ ਪਾਸ, 12ਵੀਂ ਪਾਸ ਤੇ ਗ੍ਰੈਜੂਏਸ਼ਨ ਪਾਸ ਨੌਜਵਾਨ ਕਾਨਫਰੰਸ ਵਿੱਚ ਸ਼ਮੂਲੀਅਤ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਇਹ ਕੈਰੀਅਰ ਕਾਨਫਰੰਸ ਨੌਜਵਾਨਾਂ ਲਈ ਸੁਨਹਿਰਾ ਮੌਕਾ ਸਾਬਤ ਹੋਵੇਗਾ ਤੇ ਕੈਰੀਅਰ ਪ੍ਰਤੀ ਗਿਆਨ ਵਿਚ ਵਾਧਾ ਹੋਵੇਗਾ।

## ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਧੁਰੇ ਨਾਲ ਹਰ ਵਰਗ ਦੇ ਲੋਕਾਂ ਨੂੰ ਜੋੜਿਆ ਜਾਵੇ : ਮਿੱਠੂਖੇੜਾ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੀ ਮਜ਼ਬੂਤੀ ਤੇ ਭਰਤੀ ਮੁਹਿੰਮ ਸਬੰਧੀ ਸਾਰੇ ਸਰਕਲਾਂ ਦੀ ਅਹਿਮ ਇਕੱਤਰਤਾ ਹਲਕਾ ਇੰਚਾਰਜ ਨਾਥ ਸਿੰਘ ਹਮੀਦੀ ਦੀ ਅਗਵਾਈ ਹੇਠ ਇਥੇ ਹੋਈ।ਇਸ ਮੌਕੇ ਜ਼ਿਲ੍ਹਾ ਬਰਨਾਲਾ ਦੇ ਅਬਜ਼ਰਵਰ ਸੀਨੀਅਰ ਅਕਾਲੀ ਆਗੂ ਤੇਜਿੰਦਰ ਸਿੰਘ ਮਿੱਠੂਖੇੜਾ ਨੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਤ ਹੈ, ਸ: ਸੁਖਬੀਰ ਸਿੰਘ ਬਾਦਲ ਨੇ ਗਲਤੀਆਂ ਸਿਰ ਝੁਕਾ ਕੇ ਮੰਨਦਿਆਂ ਸੱਚੇ ਸਿੱਖ ਹੋਣ ਦਾ ਸਬੂਤ ਦਿੱਤਾ ਹੈ।ਉਨ੍ਹਾਂ ਭਰਤੀ ਦੇ ਟੀਚੇ ਨੂੰ ਸੀਮਤ ਸਮੇਂ ਅੰਦਰ ਮੁਕੰਮਲ ਕਰਨ ਦੀ ਅਪੀਲ ਕਰਦਿਆਂ ਦੱਸਿਆ ਕਿ ਪਾਰਟੀ ਵਿਰੋਧੀ ਗਤੀਵਿਧੀਆਂ ਕਰਨ ਵਾਲੇ ਬਾਗੀ ਆਗੂਆਂ ਨੂੰ ਅਨੁਸ਼ਾਸਨ ਭੰਗ ਕਰਨ ਦੇ ਦੋਸ਼ਾਂ ਤਹਿਤ ਪਾਰਟੀ ਤੋਂ ਬਾਹਰ ਕੀਤਾ ਜਾ ਰਿਹਾ ਹੈ।ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਨਵੀਂ ਭਰਤੀ ਮੁਹਿੰਮ ਦਾ ਹਰ ਵਰਕਰ, ਆਗੂ ਹਿੱਸੇਦਾਰ ਬਣ ਕੇ ਵੱਧ ਤੋਂ ਵੱਧ ਹਰ ਵਰਗ ਦੇ ਲੋਕਾਂ ਨੂੰ ਪਾਰਟੀ ਦੇ ਮੁੱਖ ਧੁਰੇ ਨਾਲ ਜੋੜਿਆ ਜਾਵੇ।ਹਲਕਾ ਇੰਚਾਰਜ ਨਾਥ ਸਿੰਘ ਹਮੀਦੀ ਨੇ ਕਿਹਾ ਕਿ ਸਾਰੇ ਸਰਕਲਾਂ ਦੇ ਪਿੰਡ ਪਿੰਡ ਭਰਤੀ ਮੁਹਿੰਮ ਨੂੰ ਲੈ ਕੇ ਜਾਵਾਂਗੇ ਤੇ ਹਾਈ ਕਮਾਂਡ ਵੱਲੋਂ ਮਿੱਥੇ ਟੀਚੇ ਨੂੰ ਛੇਤੀ ਪੂਰਾ ਕੀਤਾ ਜਾਵੇਗਾ।ਹਲਕਾ ਪਾਰਟੀ ਆਗੂਆਂ ਵੱਲੋਂ ਅਬਜ਼ਰਵਰ ਤੇਜਿੰਦਰ ਸਿੰਘ ਮਿੱਠੂਖੇੜਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸਤਰੀ ਅਕਾਲੀ ਆਗੂ ਬੀਬੀ ਬੇਅੰਤ ਕੌਰ ਬੀਹਲਾ, ਬੀਬੀ ਮਨਜੀਤ ਕੌਰ ਕਾਲਾਬੂਲਾ ਨੇ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੰਦਿਆਂ ਕਿਹਾ ਕਿ ਭਰਤੀ ਮੁਹਿੰਮ ਵਿੱਚ ਔਰਤਾਂ ਨੂੰ ਵੀ ਜਥੇਬੰਦ ਕਰਕੇ ਸ਼੍ਰੋਮਣੀ ਅਕਾਲੀ ਦਲ ਨਾਲ ਜੋੜਿਆ ਜਾਵੇਗਾ।ਜ਼ਿਲ੍ਹਾ ਪ੍ਰਧਾਨ ਬਾਬਾ ਟੇਕ ਸਿੰਘ ਧਨੌਲਾ, ਬਲਦੇਵ ਸਿੰਘ ਗਾਗੇਵਾਲ, ਜਥੇ: ਦਲਬਾਰਾ ਸਿੰਘ ਮਨਾਲ, ਡਾ: ਸੁਖਵਿੰਦਰ ਸਿੰਘ ਨਿਹਾਲੂਵਾਲ, ਗੁਰਦੀਪ ਸਿੰਘ ਛਾਪਾ, ਜਗਦੇਵ ਸਿੰਘ ਬਦੇਸ਼ਾ, ਜਸਵਿੰਦਰ ਸਿੰਘ ਦੀਦਾਰਗੜ੍ਹ, ਜਸਪ੍ਰੀਤ ਜੱਸੀ ਖੇੜੀ, ਗੁਰਦੀਪ ਸਿੰਘ ਟਿਵਾਣਾ ਆਦਿ ਹਾਜ਼ਰ ਸਨ।

## ਮਨਜਿੰਦਰ ਸਿੰਘ ਬਿੱਟੂ ਨੇ ਮੈਂਬਰਸ਼ਿਪ ਮੁਹਿੰਮ ਦੀ ਕੀਤੀ ਸ਼ੁਰੂਆਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਭਰ 'ਚ ਕੀਤੀ ਜਾ ਰਹੀ ਨਵੇਂ ਮੈਂਬਰਾਂ ਦੀ ਭਰਤੀ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਵੱਲੋਂ ਆਪਣੇ ਜੱਦੀ ਪਿੰਡ ਚੱਕ ਬਾਜਾ ਮਰਾੜ੍ਹ ਤੋਂ ਜੈਲ ਬਰੀਵਾਲਾ ਦੀ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਗਈ। ਇਸ ਦੌਰਾਨ ਉਨ੍ਹਾਂ ਆਪਣੀ ਮੈਂਬਰਸ਼ਿਪ ਭਰ ਕੇ ਇਸ ਮੁਹਿੰਮ ਨੂੰ ਅਧਿਕਾਰਤ ਤੌਰ 'ਤੇ ਸ਼ੁਰੂ ਕਰਦਿਆਂ ਵਰਕਰਾਂ ਨੂੰ ਅਪੀਲ ਕੀਤੀ ਕਿ ਪਾਰਟੀ ਹਾਈਕਮਾਂਡ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਮੈਂਬਰਸ਼ਿਪ ਸਾਫ਼, ਸੁਥਰੇ ਤੇ ਸੁਚੱਜੇ ਢੰਗ ਨਾਲ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਦੇ ਸਿਧਾਤਾਂ ਨੂੰ ਜ਼ਮੀਨੀ ਪੱਧਰ 'ਤੇ ਜਾਣੂ ਕਰਾ ਕੇ ਪਾਰਟੀ ਨੂੰ ਮਜ਼ਬੂਤ ਬਣਾਉਣ ਵਿੱਚ ਸਭ ਦਾ ਸਹਿਯੋਗ ਲਿਆ ਜਾਵੇਗਾ।ਜ਼ਿਲ੍ਹਾ ਪ੍ਰਧਾਨ ਬਿੱਟੂ ਨੇ ਕਿਹਾ ਕਿ ਸਾਡਾ ਟੀਚਾ ਸ਼੍ਰੋਮਣੀ ਅਕਾਲੀ ਦਲ ਦੀਆਂ ਪੰਜਾਬ ਤੇ ਜਨਤਾ ਪ੍ਰਤੀ ਉਸਾਰੂ ਨੀਤੀਆਂ ਨੂੰ ਘਰ-ਘਰ ਤੱਕ ਪੁਚਾਉਣ ਦਾ ਹੈ, ਜਿਸ ਸਦਕਾ ਪੰਜਾਬ ਨੂੰ ਪਿਆਰ ਕਰਨ ਵਾਲੇ ਲੋਕ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਦਾ ਹਿੱਸਾ ਬਣ ਕੇ ਪਾਰਟੀ ਦੇ ਹੱਥ ਫਿਰ ਤੋਂ ਮਜ਼ਬੂਤ ਕਰਨਗੇ।

## ਪੁਲਸ ਪ੍ਰਸ਼ਾਸਨ ਵੱਲੋਂ ਚੋਰੀ ਦੇ ਮੋਟਰਸਾਈਕਲਾਂ ਸਮੇਤ 2 ਨੌਜਵਾਨ ਗ੍ਰਿਫ਼ਤਾਰ



**ਨਾਭਾ, (ਵਰਿੰਦਰ ਵਰਮਾ)** ਥਾਣਾ ਕੋਤਵਾਲੀ ਮੁਖੀ ਜਸਵਿੰਦਰ ਸਿੰਘ ਖੋਖਰ ਦੀ ਅਗਵਾਈ ਹੇਠ ਪੁਲਸ ਨੇ 2 ਨੌਜਵਾਨਾਂ ਨੂੰ ਚਾਰ ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫ਼ਤਾਰ ਕੀਤਾ। ਇਨ੍ਹਾਂ ਨੌਜਵਾਨਾਂ ਦੀ ਉਮਰ ਮਹਿਜ਼ 18 ਸਾਲ ਹੈ।ਇਨ੍ਹਾਂ ਨੌਜਵਾਨਾਂ ਨੇ ਚੋਰੀ ਦੇ ਮੋਟਰਸਾਈਕਲ ਵੱਖ-ਵੱਖ ਬਾਜ਼ਾਰਾਂ 'ਚੋਂ ਚੋਰੀ ਕੀਤੇ ਹਨ।ਇਨ੍ਹਾਂ ਨੌਜਵਾਨਾਂ ਖਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ।ਨਾਭਾ ਕੋਤਵਾਲੀ ਦੇ ਇੰਚਾਰਜ ਜਸਵਿੰਦਰ ਸਿੰਘ ਖੋਖਰ ਨੇ ਕਿਹਾ ਕਿ ਅਸੀਂ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੀ ਉਮਰ ਮਹਿਜ਼ 18 ਸਾਲ ਹੈ।ਇਹ ਨੌਜਵਾਨ ਆਪਣੀ ਐਸ਼ਪ੍ਰਸਤੀ ਦੇ ਲਈ ਮੋਟਰਸਾਈਕਲ ਚੋਰੀ ਕਰਦੇ ਸਨ। ਇਨ੍ਹਾਂ ਕੋਲੋਂ ਅਸੀਂ ਚਾਰ ਮੋਟਰਸਾਈਕਲ ਵੀ ਬਰਾਮਦ ਕੀਤੇ ਹਨ।ਇਨ੍ਹਾਂ ਇਹ ਮੋਟਰਸਾਈਕਲ ਵੱਖ-ਵੱਖ ਜਗ੍ਹਾ ਤੋਂ ਚੋਰੀ ਕੀਤੇ।ਇਨ੍ਹਾਂ ਦੋਵੇਂ ਨੌਜਵਾਨਾਂ ਦੀ ਪਛਾਣ ਹਰਪ੍ਰੀਤ ਦਾਸ ਤੇ ਗੌਤਮ ਵਜੋਂ ਹੋਈ ਹੈ।ਅਸੀਂ ਇਨ੍ਹਾਂ ਖਿਲਾਫ਼ ਚੋਰੀ ਦੇ ਤਹਿਤ ਮਾਮਲਾ ਦਰਜ ਕਰਕੇ ਪੜਤਾਲ ਕਰ ਰਹੇ ਹਾਂ।ਅਸੀਂ ਇਸ ਸਬੰਧੀ ਇਨ੍ਹਾਂ ਨੌਜਵਾਨਾਂ ਤੋਂ ਪੁੱਛਗਿੱਛ ਕਰ ਰਹੇ ਹਾਂ ਕਿ ਇਹ ਮੋਟਰਸਾਈਕਲ ਕਿੱਥੇ ਵੇਚਦੇ ਸਨ ਤੇ ਹੋਰ ਇਨ੍ਹਾਂ ਨੇ ਕਿੰਨੇ ਮੋਟਰਸਾਈਕਲ ਚੋਰੀ ਕੀਤੇ ਹਨ। ਇਸ ਸਬੰਧੀ ਅਸੀਂ ਇਹਨਾਂ ਤੋਂ ਡੂੰਘਾਈ ਦੇ ਨਾਲ ਪੁੱਛਗਿੱਛ ਕਰਕੇ ਤਫ਼ਤੀਸ਼ ਕਰ ਰਹੇ ਹਾਂ।ਇਨ੍ਹਾਂ ਦੋਵੇਂ ਨੌਜਵਾਨਾਂ 'ਤੇ ਪਹਿਲਾਂ ਵੀ ਮਾਮਲੇ ਦਰਜ ਹਨ।ਐਸ ਐਚ ਓ ਜਸਵਿੰਦਰ ਸਿੰਘ ਨੇ ਚੋਰਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਚੋਰੀਆਂ ਬੰਦ ਕਰਕੇ ਆਪਣਾ ਮਿਹਨਤ ਮੁਸ਼ੱਕਤ ਦੇ ਨਾਲ ਆਪਣੀ ਜ਼ਿੰਦਗੀ ਬਸਰ ਕਰਨ, ਨਹੀਂ ਤਾਂ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ।

## ਜਨਤਕ ਸੇਵਾਵਾਂ 'ਚ ਦੇਰੀ ਕਰਨ ਵਾਲਿਆਂ ਨੂੰ 5000 ਰੁਪਏ ਜੁਰਮਾਨਾ ਲਾਇਆ ਜਾਵੇਗਾ: ਵਧੀਕ ਡਿਪਟੀ ਕਮਿਸ਼ਨਰ

**ਫ਼ਾਜ਼ਿਲਕਾ, (ਨਿਸ਼ਾ ਸ਼ਰਮਾ)** ਪੰਜਾਬ ਪਾਰਦਰਸ਼ਤਾ ਤੇ ਜਵਾਬਦੇਹੀ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਸਬੰਧੀ ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ. ਮਨਦੀਪ ਕੌਰ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਪਾਰਦਰਸ਼ਤਾ ਤੇ ਜਵਾਬਦੇਹੀ ਐਕਟ ਅਧੀਨ 39 ਵਿਭਾਗਾਂ ਦੀਆਂ 921 ਸੇਵਾਵਾਂ ਨੂੰ ਅਧਿਸੂਚਿਤ ਕੀਤਾ ਗਿਆ ਹੈ।ਇਨ੍ਹਾਂ ਲਈ ਹਰੇਕ ਸੇਵਾ ਲਈ ਸਮਾਂ ਨਿਰਧਾਰਤ ਹੈ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਦਫ਼ਤਰ ਨਿਰਧਾਰਤ ਸਮੇਂ ਵਿੱਚ ਇਹ ਸੇਵਾਵਾਂ ਮੁਹੱਈਆ ਨਹੀਂ ਕਰਾਉਂਦਾ ਤਾਂ ਨਾਗਰਿਕ ਅਪੀਲੈਂਟ ਅਥਾਰਟੀ, ਜੋ ਇਸ ਕਾਨੂੰਨ ਤਹਿਤ ਵਧੀਕ ਡਿਪਟੀ ਕਮਿਸ਼ਨਰ ਜਨਰਲ ਨੂੰ ਬਣਾਇਆ ਗਿਆ ਹੈ, ਵਿਖੇ ਅਪੀਲ ਕਰ ਸਕਦਾ ਹੈ। ਇਸ ਤੋਂ ਬਿਨਾਂ ਉਹ (ਵਧੀਕ ਡਿਪਟੀ ਕਮਿਸ਼ਨਰ ਜਨਰਲ) ਆਪਣੇ ਆਪ ਵੀ ਸੇਵਾ ਦੇਣ ਵਿੱਚ ਦੇਰੀ ਕਰਨ ਵਾਲੇ ਸਰਕਾਰੀ ਮੁਲਾਜ਼ਮ ਨੂੰ 5000 ਰੁਪਏ ਤੱਕ ਦਾ ਜੁਰਮਾਨਾ ਲਾ ਸਕਦੇ ਹਨ। ਇਸ ਲਈ ਸਾਰੇ ਵਿਭਾਗ ਬਿਨਾਂ ਦੇਰੀ ਨਾਗਰਿਕ ਨੂੰ ਸੇਵਾਵਾਂ ਮੁਹੱਈਆ ਕਰਾਉਣ।

ਉਨ੍ਹਾਂ ਨੇ ਵਿਭਾਗਾਂ ਨੂੰ ਇਸ ਸਬੰਧੀ ਮਹੀਨਾਵਾਰ ਰਿਪੋਰਟ ਭੇਜਣ ਦੀ ਹਦਾਇਤ ਵੀ ਕੀਤੀ ਅਤੇ ਕਿਹਾ ਕਿ ਇਸ ਕੰਮ ਵਿਚ ਕਿਸੇ ਕਿਸਮ ਦੀ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ।

## ਚੇਅਰਮੈਨ ਢਿੱਲੋਂ ਨੇ ਵਿਕਾਸ ਕਾਰਜ ਸ਼ੁਰੂ ਕਰਵਾਏ



**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਥਾਨਕ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਤੇ ਪੰਜਾਬ ਲਘੂ ਵਿਕਾਸ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਅਦੇਸ਼ਾਂ ਅਨੁਸਾਰ ਹਲਕਾ ਧੂਰੀ ਦੇ ਪਿੰਡ ਬੁਗਰਾ ਵਿੱਚ ਮੰਡੀ ਬੋਰਡ ਵੱਲੋਂ 1 ਕਰੋੜ 65 ਲੱਖ ਦੀ ਲਾਗਤ ਨਾਲ ਬਣਨ ਵਾਲੀਆਂ ਗਲੀਆਂ ਦੀ ਉਸਾਰੀ ਦੀ ਸ਼ੁਰੂਆਤ ਕੀਤੀ ਅਤੇ ਪਿੰਡ ਭਸੌੜ ਵਿੱਚ ਮੰਡੀ ਬੋਰਡ ਵੱਲੋਂ ਚੱਲ ਰਹੇ 72 ਲੱਖ 29 ਹਜ਼ਾਰ ਦੀ ਲਾਗਤ ਨਾਲ ਹੋ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ।ਮੀਟਿੰਗ ਦੌਰਾਨ ਅਧਿਕਾਰੀਆਂ ਤੋਂ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਉਪਲਬਧ ਕਰਵਾਉਣ ਸਬੰਧੀ ਸਥਿਤੀ ਦਾ ਜਾਇਜ਼ਾ ਲੈਣ ਦੇ ਨਾਲ ਨਾਲ ਲੋਕਾਂ ਨੂੰ ਦਰਪੇਸ਼ ਪ੍ਰਸ਼ਾਸਨਕ ਮੁਸ਼ਕਲਾਂ ਦਾ ਤਰਜੀਹ ਦੇ ਆਧਾਰ 'ਤੇ ਨਿਪਟਾਰਾ ਕਰਨ ਦੀ ਹਦਾਇਤ ਕੀਤੀ ਗਈ।ਪੰਜਾਬ ਰਾਜ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ ਨੇ ਕਿਹਾ ਕਿ ਆਰੰਭ ਕੀਤੇ ਜਾਣ ਵਾਲੇ ਪ੍ਰੋਜੈਕਟਾਂ ਦੀ ਪ੍ਰਗਤੀ ਨੂੰ ਹਫਤਾਵਾਰੀ ਪੱਧਰ 'ਤੇ ਵਾਚਿਆ ਜਾਵੇਗਾ ਅਤੇ ਪੰਜਾਬ ਸਰਕਾਰ ਵੱਲੋਂ ਲੋੜਵੰਦਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਸਰਕਾਰੀ ਯੋਜਨਾਵਾਂ ਦਾ ਲਾਭ ਜ਼ਮੀਨੀ ਪੱਧਰ ਉੱਤੇ ਲੋਕਾਂ ਤੱਕ ਪਹੁੰਚਾਉਣ ਲਈ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦਾ ਵੀ ਜਾਇਜ਼ਾ ਲਿਆ ਜਾਵੇਗਾ।ਇਸ ਮੌਕੇ ਸਰਪੰਚ ਹਰਜੀਤ ਸਿੰਘ ਬੁਗਰਾ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੇ ਪੰਚ-ਸਰਪੰਚ ਤੇ ਮੋਹਤਵਰ ਹਾਜ਼ਰ ਸਨ।

## ਸੰਵਿਧਾਨ ਸਾਨੂੰ ਅਧਿਕਾਰਾਂ ਦੇ ਨਾਲ ਸਾਡੇ ਕਰਤੱਵ ਵੀ ਸਿਖਾਉਂਦਾ : ਬਰਾੜ



**ਬਾਘਾ ਪੁਰਾਣਾ (ਮਨੀ ਸਿੰਗਲਾ)**-26 ਜਨਵਰੀ ਮੌਕੇ ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ 'ਚ 76ਵਾਂ ਗਣਤੰਤਰ ਦਿਵਸ ਮਨਾਇਆ ਗਿਆ। ਡਾਕਟਰ ਬਾਬਾ ਸਾਹਿਬ ਅੰਬੇਡਕਰ, ਮੌਲਾਨਾ ਅਬਦੁਲ ਕਲਾਮ ਤੇ ਡਾ. ਰਾਜੇਂਦਰ ਪ੍ਰਸਾਦ ਦੀ ਦੂਰਦ੍ਰਿਸ਼ਟਾ ਨੇ ਸਾਡੇ ਦੇਸ਼ ਨੂੰ ਇਕ ਮਜ਼ਬੂਤ ਸੰਵਿਧਾਨ ਦਿੱਤਾ। ਇਹ ਪਹਿਲੀ ਵਾਰ 1950 ਵਿੱਚ ਲਾਗੂ ਕੀਤਾ ਗਿਆ। ਅੱਜ ਦੇ ਦਿਨ ਸਕੂਲ ਵਿੱਚ ਤਿਰੰਗਾ ਝੰਡਾ ਲਹਿਰਾ ਕੇ ਇਸ ਦਿਨ ਦਾ ਸਵਾਗਤ ਕੀਤਾ ਗਿਆ। ਸਕੂਲ ਦੇ ਵਿਦਿਆਰਥੀਆਂ ਨੇ ਇਸ ਮੌਕੇ ਦੇਸ਼ ਸਨਮਾਨ ਵਿੱਚ ਸਟੇਜ ਪ੍ਰਦਰਸ਼ਨ ਕੀਤੇ। ਨਰਸਰੀ ਕਲਾਸ ਦੇ ਬੱਚਿਆਂ ਨੇ ਗੀਤ ਪੇਸ਼ ਕੀਤਾ। ਇਸ ਨਾਲ ਉਨ੍ਹਾਂ ਨੇ ਦਰਸਾਇਆ ਕਿ ਕਿੰਨੇ ਮਹਾਨ ਲੋਕਾਂ ਨੇ ਸਾਡੇ ਆਜ਼ਾਦ ਦੇਸ਼ ਭਾਰਤ ਨੂੰ ਬਣਾਉਣ ਲਈ ਲੜਾਈਆਂ ਲੜੀਆਂ। ਸਕੂਲ ਦੇ ਪ੍ਰਿੰਸੀਪਲ ਬੈਜੂ ਵਿਜੇ ਨੇ ਇੱਕ ਭਾਸ਼ਣ ਰਾਹੀਂ ਬੱਚਿਆਂ ਨੂੰ ਅੱਜ ਦੇ ਦਿਨ ਦੀ ਮਹੱਤਤਾ ਬਾਰੇ ਦੱਸਿਆ। ਸਕੂਲ ਦੇ ਚੇਅਰਮੈਨ ਸ. ਨਰ ਸਿੰਘ ਬਰਾੜ ਨੇ ਇਸ ਮੌਕੇ ਕਿਹਾ ਕਿ ਸਾਡਾ ਸੰਵਿਧਾਨ ਸਾਨੂੰ ਸਾਡੇ ਅਧਿਕਾਰਾਂ ਦੇ ਨਾਲ ਸਾਡੇ ਕਰਤੱਵ ਵੀ ਸਿਖਾਉਂਦਾ ਹੈ। ਇਸ ਨੂੰ ਅੱਗੇ ਲੈ ਜਾਣ ਲਈ ਸਾਨੂੰ ਸਾਰੇ ਇੱਕਜੁੱਟ ਰਹਿਣਾ ਬਹੁਤ ਜ਼ਰੂਰੀ ਹੈ। ਸਾਨੂੰ ਇਸ ਦਾ ਪਾਲਣ ਕਰਦੇ ਹੋਏ ਇੱਕ ਮਜ਼ਬੂਤ ਦੇਸ਼ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ। 26 ਜਨਵਰੀ ਸਾਨੂੰ ਇਹ ਯਾਦ ਕਰਾਉਣ ਲਈ ਆਉਂਦੀ ਹੈ ਕਿ ਭਾਰਤ ਵਿੱਚ ਜਨਤਾ ਦਾ ਆਪਣਾ ਰਾਜ ਹੈ।

## ਵਧੀਆ ਕਰਮ ਸਦਾ ਸਾਡੀ ਰੱਖਿਆ ਕਰਦੇ ਹਨ : ਮਨੋਜ ਜੀ ਮਹਾਰਾਜ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸ੍ਰੀ ਸ਼ਿਵ ਮੰਦਰ ਧਰਮਸ਼ਾਲਾ ਕਮੇਟੀ ਵੱਲੋਂ ਕਰਵਾਏ ਜਾ ਰਹੇ ਸ੍ਰੀਮਦ ਭਾਗਵਤ ਸਪਤਾਹ ਦੇ ਪੂਰਨ ਆਹੂਤੀ ਮੌਕੇ ਕਥਾ ਵਿਆਸ ਮਨੋਜ ਜੀ ਮਹਾਰਾਜ ਨੇ ਕਿਹਾ ਕਿ ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦਾ ਪਰਵਾਰ ਹੈ। ਸਾਨੂੰ ਸਭ ਨਾਲ ਵਧੀਆ ਵਿਵਹਾਰ ਕਰਨਾ ਚਾਹੀਦਾ ਹੈ। ਭਗਵਾਨ ਤਾਂ ਸਿਰਫ ਤੁਲਸੀ ਦਲ ਨਾਲ ਵੀ ਸੰਤੁਸ਼ਟ ਹੋ ਜਾਂਦੇ ਹਨ। ਵਧੀਆ ਕਰਮ ਸਦਾ ਸਾਡੀ ਰੱਖਿਆ ਕਰਦੇ ਹਨ। ਹੰਕਾਰ ਹੀ ਭਗਤੀ ਮਾਰਗ ਵਿੱਚ ਸਭ ਤੋਂ ਵੱਡੀ ਸਮੱਸਿਆ ਹੈ। ਸੁਆਮੀ ਜੀ ਨੇ ਕਿਹਾ ਕਿ ਸ੍ਰੀ ਕ੍ਰਿਸ਼ਨ ਸੁਦਾਮਾ ਦੀ ਮਿੱਤਰਤਾ ਭਗਵਾਨ ਸ੍ਰੀ ਕ੍ਰਿਸ਼ਨ ਦੇ ਮਿੱਤਰ ਧਰਮ ਨੂੰ ਨਿਭਾਉਣ ਦਾ ਸਭ ਤੋਂ ਵਧੀਆ ਉਦਾਹਰਨ ਹੈ। ਕਲਯੁਗ ਵਿੱਚ ਹਰੀ ਦਾ ਨਾਮ ਹੀ ਸਭ ਤੋਂ ਉੱਤਮ ਹੈ। ਭਾਗਵਤ ਕਥਾ ਨਾਲ ਅਨੰਦ ਸਵਰੂਪ ਕ੍ਰਿਸ਼ਨ ਦੀ ਪ੍ਰਾਪਤੀ ਹੁੰਦੀ ਹੈ। ਕਥਾ ਤੋਂ ਪਹਿਲਾਂ ਹਵਨ ਯੱਗ ਕਰਵਾਇਆ ਗਿਆ। ਇਸ ਮੌਕੇ ਸੁਆਮੀ ਜੀ ਨੇ ਕਿਹਾ ਕਿ ਗੋ ਮਾਤਾ ਅਤੇ ਪਰਮਾਤਮਾ ਵਿੱਚ ਕੋਈ ਅੰਤਰ ਨਹੀਂ ਹੈ। ਗੋ ਸੇਵਾ ਪਰਮ ਧਰਮ ਹੈ। ਇਸ ਮੌਕੇ ਮਹਾਰਾਜ ਨੇ ਆਪਣੇ ਲਿਖੇ ਭਜਨਾ ਅਤੇ ਗੋ ਮਾਤਾ ਦੀ ਮਹਿਮਾ ਨਾਲ ਸ਼ਰਧਾਲੂਆਂ ਨੂੰ ਨਿਹਾਲ ਕੀਤਾ। ਇਸ ਮੌਕੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ। ਇਸ ਮੌਕੇ ਦਿਲਬਹਾਰ ਸਿੰਘ ਬਿੱਟਾ, ਸਤਿੰਦਰ ਸਿੰਗਲਾ ਪਪ, ਵਰਿੰਦਰ ਕੁਮਾਰ ਬਾਂਸਲ, ਸਿੱਪੀ ਗਰਗ, ਪੱਪੂ ਗਰਗ, ਹੈਪੀ ਗੋਇਲ, ਸੁਸ਼ੀਲ ਸਿੰਗਲਾ, ਰਾਜੀਵ ਮਿੰਟਾ, ਦੀਪੂ ਗਰਗ, ਪਰਵੇਸ਼ ਕਾਂਸਲ, ਰੇਸ਼ਮਾ ਸਿੰਗਲਾ, ਵੀਨਾ ਗਰਗ ਆਦਿ ਮੌਜੂਦ ਸਨ।

## ਸਕਾਊਟਿੰਗ 'ਚ ਮਾਨਸਾ ਜ਼ਿਲ੍ਹੇ ਦੇ ਹਿੱਸੇ ਆਏ ਦੋ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਵੱਲੋਂ ਟੀਮ ਦੀ ਪ੍ਰਸੰਸਾ ਵਕਾਰੀ ਸਨਮਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤ ਸਕਾਊਟਸ ਐਂਡ ਗਾਈਡਜ਼ ਸਟੇਟ ਹੈੱਡ ਕੁਆਰਟਰ ਪੰਜਾਬ ਚੰਡੀਗੜ੍ਹ ਵੱਲੋਂ ਪੰਜਾਬ ਦੇ ਜ਼ਿਲ੍ਹਾ ਆਫੀਸ਼ਲਜ਼ ਦੀ ਉੱਚ ਪੱਧਰੀ ਸਾਲਾਨਾ ਮੀਟਿੰਗ ਰਾਜਸਥਾਨ ਦੇ ਜੈਸਲਮੇਲ ਵਿਖੇ ਕੀਤੀ ਗਈ।ਇਸ ਵਿੱਚ ਪੂਰੇ ਸਾਲ ਦੀਆਂ ਯੂਨਿਟ, ਨੈਸ਼ਨਲ ਤੇ ਅੰਤਰਰਾਸ਼ਟਰੀ ਪੱਧਰ ਦੀ ਭਾਗੀਦਾਰੀ ਨੂੰ ਅਧਾਰ ਬਣਾ ਕੇ ਭਾਰਤ ਸਕਾਊਟ ਐਂਡ ਗਾਈਡ ਦੀ 75ਵੀਂ ਵਰ੍ਹੇਗੰਢ ਮੌਕੇ ਸਟੇਟ ਆਰਗੇਨਾਈਜ਼ਿੰਗ ਕਮਿਸ਼ਨਰ ਭਾਰਤ ਸਕਾਊਟਸ ਤੇ ਗਾਈਡਜ਼ ਪੰਜਾਬ ਚੰਡੀਗੜ੍ਹ ਸ੍ਰ. ਓਂਕਾਰ ਸਿੰਘ ਤੇ ਹੋਰ ਸਟੇਟ ਅਹੁਦੇਦਾਰਾਂ ਵੱਲੋਂ ਰੋਲਿੰਗ ਟਰਾਫੀਆਂ ਦੀ ਵੰਡ ਕੀਤੀ ਗਈ।ਮਾਨਸਾ ਜ਼ਿਲ੍ਹੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਜ਼ਿਲ੍ਹੇ ਨੇ ਸਟੇਟ ਚੀਫ਼ ਕਮਿਸ਼ਨਰ ਰੋਲਿੰਗ ਟਰਾਫੀ ਜ਼ਿਲ੍ਹਾ ਭਾਗੀਦਾਰੀ 2025 ਲਈ ਦੂਜਾ ਤੇ ਬਾਬਾ ਹਰਦਿਆਲ ਸਿੰਘ ਰੋਲਿੰਗ ਟਰਾਫੀ ਸਟੇਟ ਭਾਗੀਦਾਰੀ ਵਿੱਚ ਤੀਜਾ ਸਥਾਨ ਹਾਸਲ ਕੀਤਾ।ਇਨ੍ਹਾਂ ਜ਼ਿਕਰਯੋਗ ਪ੍ਰਾਪਤੀਆਂ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਤੇ ਐਲੀਮੈਂਟਰੀ ਕਮ ਜ਼ਿਲ੍ਹਾ ਚੀਫ਼ ਕਮਿਸ਼ਨਰ ਸਕਾਊਟਸ ਮਾਨਸਾ ਭੁਪਿੰਦਰ ਕੌਰ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਮਾਨਸਾ ਜ਼ਿਲ੍ਹੇ ਦੀ ਸਕਾਊਟਿੰਗ ਟੀਮ ਚੰਗਾ ਕਾਰਜ ਕਰਕੇ ਲਗਾਤਾਰ ਆਪਣੀਆਂ ਵਿਲੱਖਣ ਪ੍ਰਾਪਤੀਆਂ ਕਰ ਰਹੀ ਹੈ।ਉਨ੍ਹਾਂ ਪੂਰੀ ਟੀਮ ਨੂੰ ਪੰਜਾਬ ਪੱਧਰੀ ਪ੍ਰਾਪਤੀਆਂ ਲਈ ਸ਼ਾਬਾਸ਼ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਵਿਭਾਗ ਵੱਲੋਂ ਬਣਦਾ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।ਜ਼ਿਲ੍ਹਾ ਆਰਗੇਨਾਈਜ਼ਿੰਗ ਕਮਿਸ਼ਨਰ ਸਕਾਊਟਸ ਦਰਸ਼ਨ ਸਿੰਘ ਬਰੇਟਾ ਨੇ ਇਸ ਮੌਕੇ ਜ਼ਿਲ੍ਹੇ ਦੀਆਂ ਸਕਾਊਟਿੰਗ ਦੀਆਂ ਗਤੀਵਿਧੀਆਂ ਤੇ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਰਿਪੋਰਟ ਪੇਸ਼ ਕੀਤੀ ਤੇ ਸਾਲਾਨਾ ਗਤੀਵਿਧੀਆਂ ਦੇ ਕੈਲੰਡਰ ਬਾਰੇ ਵੀ ਚਰਚਾ ਕੀਤੀ।ਜ਼ਿਲ੍ਹਾ ਐਸੋਸੀਏਸ਼ਨ ਦੇ ਮੈਂਬਰ ਡਾ. ਪਰਮਜੀਤ ਸਿੰਘ ਭੋਗਲ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ, ਮਦਨ ਲਾਲ ਕਟਾਰੀਆ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਨੇ ਸਕਾਊਟਿੰਗ ਗਤੀਵਿਧੀਆਂ ਨੂੰ ਬਾਕੀ ਰਹਿੰਦੇ ਸਕੂਲਾਂ ਵਿੱਚ ਵੀ ਚਲਾਉਣ ਦੀ ਯੋਜਨਾ ਬਣਾਏ ਜਾਣ ਦੀ ਗੱਲ ਕਹੀ। ਇਸ ਅਹਿਮ ਮੀਟਿੰਗ ਦੌਰਾਨ ਪ੍ਰਿੰਸੀਪਲ ਕਸ਼ਮੀਰ ਸਿੰਘ, ਜ਼ਿਲ੍ਹਾ ਆਰਗੇਨਾਈਜ਼ਿੰਗ ਕਮਿਸ਼ਨਰ ਗਾਈਡ ਨਿਰਲੇਪ ਕੌਰ, ਸਹਾਇਕ ਜ਼ਿਲ੍ਹਾ ਆਰਗੇਨਾਈਜ਼ਿੰਗ ਕਮਿਸ਼ਨਰ (ਕੱਬ) ਰਾਜੇਸ਼ ਕੁਮਾਰ ਬੁਢਲਾਡਾ, ਸਹਾਇਕ ਜ਼ਿਲ੍ਹਾ ਆਰਗੇਨਾਈਜ਼ਿੰਗ ਕਮਿਸ਼ਨਰ (ਸਕਾਊਟ) ਅਜੇ ਸ਼ਰਮਾ, ਦੇਸਰਾਜ ਸਿੰਘ, ਡੀਐੱਸਐੱਮ ਹਰਪ੍ਰੀਤ ਸਿੰਘ, ਹਰਪ੍ਰੀਤ ਮੂਸਾ, ਨਵੀਨ ਕੁਮਾਰ, ਲੀਲਾ ਰਾਮ ਸ਼ਰਮਾ, ਕੇਵਲ ਸਿੰਘ, ਗਾਈਡ ਕੈਪਟਨ ਜਗਦੀਪ ਕੌਰ, ਗੁਰਸ਼ਰਨ ਕੌਰ, ਬਿੰਦੀਆ ਰਾਣੀ, ਡੀਲਿੰਗ ਰਾਮ ਕੁਮਾਰ ਸੀਨੀਅਰ ਸਹਾਇਕ, ਜ਼ਿਲ੍ਹਾ ਰਿਸੋਰਸ ਪਰਸਨ ਨਵਨੀਤ ਕੱਕੜ ਨੇ ਵੀ ਸੰਬੋਧਨ ਕੀਤਾ।

## ਅਕੇਡੀਆ ਵਰਲਡ ਸਕੂਲ 'ਚ ਰਚਨਾਤਮਕ ਲਿਖਾਈ ਮੁਕਾਬਲੇ ਕਰਵਾਏ



**ਸੁਨਾਮ ਉਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਅਕੇਡੀਆ ਵਰਲਡ ਸਕੂਲ ਵਿਖੇ ਜਮਾਤ ਪਹਿਲੀ ਤੋਂ ਜਮਾਤ ਗਿਆਰਵੀਂ ਤੱਕ ਦੇ ਵਿਦਿਆਰਥੀਆਂ ਦੇ ਰਚਨਾਤਮਕ ਲਿਖਾਈ ਪ੍ਰਤਿਯੋਗਤਾ ਕਰਵਾਈ ਗਈ। ਪ੍ਰਤੀਯੋਗਤਾ ਵਿੱਚ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ੇ ਲਿਖਣ ਲਈ ਦਿੱਤੇ ਗਏ। ਸਾਰੇ ਵਿਸ਼ੇ ਵਿਦਿਆਰਥੀ ਜੀਵਨ ਨੂੰ ਨਵੀਂ ਸੇਧ ਦੇਣ ਵਾਲੇ ਸਨ। ਹਰ ਇੱਕ ਵਿਸ਼ੇ ਅਤੇ ਵਿਦਿਆਰਥੀ ਆਪਣੇ ਵੱਲੋਂ ਕਹਾਣੀ ਰਚਨਾ ਕਵਿਤਾ ਰਚਨਾ ਲੇਖ ਰਚਨਾ ਅਤੇ ਸੰਵਾਦ ਰਚਨਾ ਦੀ ਚੋਣ ਲਈ ਕਿਹਾ ਗਿਆ। ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ਼ ਇਸ ਪ੍ਰਤਿਯੋਗਤਾ ਵਿੱਚ ਹਿੱਸਾ ਲਿਆ। ਇਹ ਪ੍ਰਤਿਯੋਗਿਤਾ ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਕਰਵਾਈ ਗਈ। ਇਹ ਪ੍ਰਤਿਯੋਗਿਤਾ ਵਿਸ਼ਿਆਂ ਅਨੁਸਾਰ ਚਾਰ ਭਾਗਾਂ ਵਿੱਚ ਕਰਵਾਈ ਗਈ ।ਇਸ ਪ੍ਰਤੀਯੋਗਤਾ ਵਿੱਚ ਪੰਜਾਬੀ ਭਾਸ਼ਾ ਵਿੱਚੋਂ 12 ਵਿਦਿਆਰਥੀਆਂ ਨੇ ਪਹਿਲਾ ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਗਰੁੱਪ ਏ ਵਿੱਚੋਂ ਪਹਿਲਾਂ ਸਥਾਨ ਮਨਕੀਰਤ ਕੌਰ ਦੂਜੀ ਲਾਇਲੈਕ , ਦੂਜਾ ਸਥਾਨ ਗੁਰਸੀਰਤ ਕੌਰ ਪਹਿਲੀ ਐਸਟਰ, ਤੀਜਾ ਸਥਾਨ ਮਨਕੀਰਤ ਸਿੰਘ ਭੰਗੂ ਪਹਿਲੀ ਐਸਟਰ , ਗਰੁੱਪ ਬੀ ਵਿੱਚੋਂ ਪਹਿਲਾ ਸਥਾਨ ਜਸ਼ਨੂਰ ਸਿੰਘ ਤੀਜੀ ਐਸਟਰ ,ਦੂਜਾ ਸਥਾਨ ਅਮਿਤੋਜ ਸਿੰਘ ਚੌਥੀ ਲਾਇਲੈਕ , ਗਰੁੱਪ ਸੀ ਵਿੱਚੋਂ ਪਹਿਲਾ ਸਥਾਨ ਸਹਿਜਦੀਪ ਸਿੰਘ ਛੇਵੀਂ ਐਸਟਰ , ਦੂਜਾ ਸਥਾਨ ਬਿਰਾਦਤ ਸਿੰਘ ਪੰਜਵੀਂ ਐਸਟਰ, ਤੀਜਾ ਸਥਾਨ ਹਰਨੂਰ ਕੌਰ ਪੰਜਵੀਂ ਲਾਇਲੈਕ , ਗਰੁੱਪ ਡੀ ਵਿੱਚੋਂ ਪਹਿਲਾ ਸਥਾਨ ਹਰਸੀਰਤ ਕੌਰ ਅਠਵੀਂ , ਦੂਜਾ ਸਥਾਨ ਲਵੀਸ਼ ਸ਼ਰਮਾ ਅਠਵੀਂ ,ਤੀਜਾ ਸਥਾਨ ਕਵਿਸ਼ ਗੁਪਤਾ ਨੌਵੀਂ, ਯਸ਼ਪ੍ਰੀਤ ਕੌਰ ਅਠਵੀਂ ਨੇ ਹਾਸਲ ਕੀਤਾ । ਹਿੰਦੀ ਭਾਸ਼ਾ ਵਿੱਚੋਂ 12 ਵਿਦਿਆਰਥੀਆਂ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਗਰੁੱਪ ਏ ਵਿੱਚੋਂ ਐਸ਼ਨੀਰ ਕੌਰ ਪਹਿਲੀ ਲਾਇਲੈਕ , ਰੂਹਾਨਿਕਾ ਦੂਜੀ ਲਾਇਲੈਕ , ਤੀਜਾ ਸਥਾਨ ਲਵਗੁਣ ਕੌਰ ਪਹਿਲੀ ਐਸਟਰ ,ਗਰੁੱਪ ਬੀ ਵਿੱਚੋਂ ਲਕਸ਼ਦੀਪ ਕੌਰ ਤੀਜੀ ਐਸਟਰ ,ਦੂਜਾ ਸਥਾਨ ਗੁਣਜੋਤ ਸਿੰਘ ਚੌਥੀ ਐਸਟਰ ,ਤੀਜਾ ਸਥਾਨ ਪ੍ਰਭਨੂਰ ਕੌਰ ਚੌਥੀ ਐਸਟਰ ,ਗਰੁੱਪ ਸੀ ਵਿੱਚੋਂ ਪਹਿਲਾ ਸਥਾਨ ਇਤਾਸ਼ ਪੁਰੀ ਛੇਵੀਂ ਲਾਇਲੈਕ, ਦੂਜਾ ਸਥਾਨ ਆਰਵ ਸਿੰਗਲਾ ਪੰਜਵੀਂ ਐਸਟਰ, ਤੀਜਾ ਸਥਾਨ ਜਸਜੋਤ ਸਿੰਘ ਪੰਜਵੀਂ ਲਾਇਲੈਕ, ਗਰੁਪ ਡੀ ਵਿੱਚੋਂ ਪਹਿਲਾ ਸਥਾਨ ਐਲੀਸ ਕੌਰ ਅੱਠਵੀਂ ,ਦੂਜਾ ਸਥਾਨ ਲਵਪ੍ਰੀਤ ਸਿੰਘ ਨੌਵੀਂ ,ਤੀਜਾ ਸਥਾਨ ਮਿਹਾਂਸੀ ਅੱਠਵੀਂ ਨੇ ਹਾਸਲ ਕੀਤਾ। ਅੰਗਰੇਜ਼ੀ ਭਾਸ਼ਾ ਵਿੱਚੋਂ 12 ਵਿਦਿਆਰਥੀਆਂ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਵਿਦਿਆਰਥੀਆਂ ਨੇ ਗਰੁੱਪ ਏ ਵਿੱਚੋਂ ਸਵੀਤਾਜ ਕੌਰ ਦੂਜੀ ਐਸਟਰ, ਦੂਜਾ ਸਥਾਨ ਅਨਹਦ ਸਿੰਘ ਵਿਰਕ ਪਹਿਲੀ ਐਸਟਰ, ਤੀਜਾ ਸਥਾਨ ਅਰਜ ਕੌਰ ਦੂਜੀ ਐਸਟਰ ,ਗਰੁੱਪ ਬੀ ਵਿੱਚੋਂ ਪਹਿਲਾ ਸਥਾਨ ਅਗਮਜੋਤ ਕੰਬੋਜ ਤੀਜੀ ਐਸਟਰ ,ਦੂਜਾ ਸਥਾਨ ਨਾਇਰਾ ਅਰੋੜਾ ਚੌਥੀ ਐਸਟਰ ,ਗਰੁੱਪ ਸੀ ਵਿੱਚੋਂ ਪਹਿਲਾਂ ਸਥਾਨ ਨਿਮਰਤ ਕੌਰ ਛੇਵੀਂ ਲਾਇਲੈਕ ,ਦੂਜਾ ਸਥਾਨ ਯਾਹਵੀ ਸ਼ਰਮਾ ਪੰਜਵੀਂ ਲਾਈਲੈਕ, ਤੀਜਾ ਸਥਾਨ ਮਾਨਵਜੀਤ ਸਿੰਘ ਛੇਵੀਂ ਲਾਇਲੈਕ, ਗਰੁੱਪ ਡੀ ਵਿੱਚੋਂ ਪਹਿਲਾ ਸਥਾਨ ਹੁਨਰ ਗੋਇਲ ਦਸਵੀਂ ,ਦੂਜਾ ਸਥਾਨ ਨੀਤਿਕਾ ਗਿਆਰਵੀਂ ,ਤੀਜਾ ਸਥਾਨ ਮਹਿਤਾਬ ਸਿੰਘ ਨੌਵੀਂ ਅਤੇ ਏਕਮ ਸ਼ੇਰ ਸਿੰਘ ਨੌਵੀਂ ਨੇ ਹਾਸਿਲ ਕੀਤਾ । ਪ੍ਰਿੰਸੀਪਲ ਮੈਡਮ ਰਣਜੀਤ ਕੌਰ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ ਅਤੇ ਉਹਨਾਂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੋਇਆ ਹੌਸਲਾ ਅਫਜ਼ਾਈ ਕੀਤੀ। ਇਸ ਪ੍ਰਤਿਯੋਗਿਤਾ ਸੰਬੰਧੀ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਪ੍ਰਤਿਯੋਗਤਾਵਾਂ ਵਿਦਿਆਰਥੀਆਂ? ਦੇ ਅੰਦਰੂਨੀ ਹੁਨਰਾਂ ਨੂੰ ਨਿਖਾਰਨ ਲਈ ਇੱਕ ਵਧੀਆ ਪਲੇਟਫਾਰਮ ਪ੍ਰਦਾਨ ਕਰਦੀਆਂ ਹਨ। ਉਹਨਾਂ ਨੇ ਵਿਦਿਆਰਥੀਆਂ ਦੇ ਹੁਨਰ ਦੀ ਸ਼ਲਾਘਾ ਕੀਤੀ ਅਤੇ ਜੇਤੂ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਜਿਉਂਦ ਪੱਕੇ ਮੋਰਚੇ ਦੇ ਸੰਘਰਸ਼ਸ਼ੀਲ ਕਿਸਾਨਾਂ ਮਜ਼ਦੂਰਾਂ ਵਿਰੁੱਧ ਦਰਜ ਕੀਤੇ ਗਏ ਝੂਠੇ ਪੁਲਸ ਕੇਸ ਰੱਦ ਕੀਤੇ ਜਾਣ : ਫਲੀਆਂਵਾਲਾ



**ਜਲਾਲਾਬਾਦ, (ਜੀਤ ਕੁਮਾਰ)**-ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਸਰਕਲ ਫਿਰੋਜ਼ਪੁਰ ਦੇ ਸਕੱਤਰ ਜਸਵਿੰਦਰ ਸਿੰਘ ਚੱਕ ਜਾਨੀਸਰ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ, ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ, ਦਫਤਰੀ ਸਟਾਫ ਦੇ ਆਗੂ ਸੁਖਚੈਨ ਸਿੰਘ ਸੋਢੀ ਅਤੇ ਖਜ਼ਾਨਚੀ ਮਹਿੰਦਰ ਸਿੰਘ ਮੰਨੇਵਾਲਾ ਵੱਲੋਂ ਅੱਜ ਇਥੇ ਪ੍ਰੈਸ ਬਿਆਨ ਜਾਰੀ ਕਰਦਿਆ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਪਿੰਡ ਜਿਉਂਦ ਦੇ ਜ਼ਮੀਨੀ ਮਸਲੇ ਨੂੰ ਲੈ ਕੇ ਲਾਏ ਗਏ ਪੱਕੇ ਮੋਰਚੇ ਦੀ ਹਮਾਇਤ ਕੀਤੀ ਅਤੇ ਸ਼ੰਘਰਸ਼ਸ਼ੀਲ ਕਿਸਾਨਾਂ-ਮਜਦੂਰਾਂ ਵਿਰੁੱਧ ਦਰਜ ਕੀਤੇ ਗਏ ਝੂਠੇ ਪੁਲਸ ਕੇਸ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਦਰਜ ਕੀਤੇ ਗਏ ਝੂਠੇ ਕੇਸ ਨੂੰ ਤੁਰੰਤ ਰੱਦ ਕਰਕੇ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਮਸਲਿਆਂ ਦਾ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਿਉਂਦ ਦੇ ਮੁਜ਼ਾਰੇ ਕਿਸਾਨਾਂ ਦੀਆਂ ਜੱਦੀ ਪੁਸ਼ਤੀ ਜ਼ਮੀਨਾਂ ਅਦਾਲਤੀ ਫੈਸਲੇ ਦੇ ਬਹਾਨੇ ਖੋਹਣ ਦੇ ਹੱਲੇ ਤੋਂ ਇਲਾਵਾ ਨਵੇਂ ਖੇਤੀ ਮੰਡੀਕਰਨ ਨੀਤੀ ਖਰੜੇ ਨੂੰ ਵੀ ਆਮ ਕਿਸਾਨਾਂ ਤੋਂ ਸਾਮਰਾਜੀ ਕਾਰਪੋਰੇਟਾਂ ਰਾਹੀਂ ਜ਼ਮੀਨਾਂ ਹਥਿਆਉਣ ਦਾ ਹੱਲਾ ਹੈ। ਇਸ ਪ੍ਰੈਸ ਬਿਆਨ ਰਾਹੀ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਨੇ ਮੰਗ ਕੀਤੀ ਕਿ ਸਾਮਰਾਜੀ ਕਾਰਪੋਰੇਟਾਂ ਲਈ ਜ਼ਮੀਨਾਂ ਖੋਹਣ ਦਾ ਰਾਹ ਪੱਧਰਾ ਕਰਨ ਵਾਲਾ ਖੇਤੀ ਮੰਡੀਕਰਨ ਨੀਤੀ ਖਰੜਾ ਰੱਦ ਕੀਤਾ ਜਾਵੇ। ਜਿਉਂਦ ਪਿੰਡ ਦੇ ਜੱਦੀ ਪੁਸ਼ਤੀ ਕਾਸ਼ਤਕਾਰ ਮੁਜ਼ਾਰੇ ਕਿਸਾਨਾਂ ਨੂੰ ਕਬਜ਼ੇ ਹੇਠਲੀ ਪੂਰੀ ਜ਼ਮੀਨ ਦੇ ਮਾਲਕੀ ਹੱਕ ਮਾਲ ਸਕੱਤਰੇਤ ਪਟਿਆਲਾ ਦੇ ਸਰਕਾਰੀ ਨੋਟੀਫਿਕੇਸ਼ਨ ਨੰ: 30 ਮਿਤੀ 12-9-1948 ( ਸੰਮਤ ਮਿਤੀ 18-5-2005) ਅਤੇ ਪੰਜਾਬ ਕਬਜ਼ਾਧਾਰੀ ਮੁਜ਼ਾਰਿਆਂ ਨੂੰ ਮਾਲਕੀ ਹੱਕ ਦੇਣ ਸੰਬੰਧੀ ਕਾਨੂੰਨ 1953 ਅਨੁਸਾਰ ਦਿੱਤੇ ਜਾਣ।

ਉਕਤ ਕਾਨੂੰਨਾਂ ਦੇ ਦਾਇਰੇ ਵਿੱਚ ਸ਼ਾਮਲ ਅਜਿਹੇ ਕਬਜ਼ਾਧਾਰੀ ਮੁਜ਼ਾਰਿਆਂ ਨੂੰ ਪੰਜਾਬ ਦੇ 700 ਤੋਂ ਵੱਧ ਪਿੰਡਾਂ ਸਮੇਤ ਪੂਰੇ ਦੇਸ਼ ਵਿੱਚ ਇਸੇ ਤਰ੍ਹਾਂ ਦੀ ਲੱਖਾਂ ਏਕੜ ਜ਼ਮੀਨ ਦੇ ਮਾਲਕੀ ਹੱਕ ਦਿੱਤੇ ਜਾਣ। ਪੰਚਾਇਤੀ, ਨਜ਼ੂਲ ਅਤੇ ਸਰਕਾਰੀ ਜ਼ਮੀਨਾਂ ਉੱਤੇ ਕਾਬਜ਼ ਅਬਾਦਕਾਰ ਕਾਸ਼ਤਕਾਰਾਂ ਅਤੇ ਰਿਹਾਇਸ਼ੀ ਮਕਾਨਾਂ ਵਾਲੇ ਬੇਜ਼ਮੀਨੇ ਕਿਸਾਨਾਂ ਮਜ਼ਦੂਰਾਂ ਨੂੰ ਸਰਕਾਰੀ ਰਿਕਾਰਡ ਵਿੱਚ ਪੂਰੇ ਸੂਰੇ ਮਾਲਕੀ ਹੱਕ ਦਿੱਤੇ ਜਾਣ। ਜਿਉਂਦ ਪੱਕੇ ਮੋਰਚੇ ਦੇ ਸੰਘਰਸ਼ਸ਼ੀਲ ਕਿਸਾਨਾਂ ਮਜ਼ਦੂਰਾਂ ਵਿਰੁੱਧ ਦਰਜ ਕੀਤੇ ਗਏ ਝੂਠੇ ਪੁਲਸ ਕੇਸ ਰੱਦ ਕੀਤੇ ਜਾਣ। ਜ਼ਮੀਨੀ ਹਦਬੰਦੀ ਕਾਨੂੰਨ ਸਖ਼ਤੀ ਨਾਲ ਲਾਗੂ ਕਰਕੇ ਵੱਡੇ ਜਗੀਰਦਾਰਾਂ ਦੀਆਂ ਫਾਲਤੂ ਜ਼ਮੀਨਾਂ ਥੁੜਜ਼ਮੀਨੇ ਤੇ ਬੇਜ਼ਮੀਨੇ ਕਿਸਾਨਾਂ ਮਜ਼ਦੂਰਾਂ ਵਿੱਚ ਵੰਡੀਆਂ ਜਾਣ।

# ਐੱਨ ਪੀ ਐੱਸ ਤੇ ਯੂ ਪੀ ਐੱਸ ਦੀ ਬਜਾਏ ਪੁਰਾਣੀ ਪੈਨਸ਼ਨ ਸਕੀਮ ਤੁਰੰਤ ਲਾਗੂ ਕਰੇ ਪੰਜਾਬ ਸਰਕਾਰ : ਗੁਰਜੰਟ ਕੋਕਰੀ

**ਮੋਗਾ, (ਇਕਬਾਲ ਸਿੰਘ ਖਹਿਰਾ)** ਕੇਂਦਰ ਸਰਕਾਰ ਵੱਲੋਂ ਨਵੀਂ ਪੈਨਸ਼ਨ ਸਕੀਮ (ਐਨ ਪੀ ਐਸ) ਨੂੰ ਬਦਲਵਾਂ ਰੂਪ ਦਿੰਦੇ ਹੋਏ ਹੁਣ ਯੂਨੀਫਾਈਡ ਪੈਨਸ਼ਨ ਸਕੀਮ (ਯੂ ਪੀ ਐਸ) ਨੂੰ 1 ਅਪ੍ਰੈਲ ਤੋਂ ਲਾਗੂ ਕਰਨ ਸਬੰਧੀ ਨੋਟੀਫਿਕੇਸ਼ਨ 24 ਜਨਵਰੀ ਨੂੰ ਜਾਰੀ ਕੀਤਾ ਗਿਆ ਹੈ।

ਟਿੱਪਣੀ ਕਰਦੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਸ੍ਰੀ ਫ਼ਤਿਹਗੜ੍ਹ ਸਾਹਿਬ, ਕੰਵਲਜੀਤ ਸਿੰਘ ਰੋਪੜ, ਦਰਸ਼ੀ ਕਾਂਤ ਰਾਜਪੁਰਾ, ਡਿੰਪਲ ਰੁਹੇਲਾ ਆਦਿ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ 2004 ਵਿੱਚ ਲਾਗੂ ਕੀਤੀ ਨਵੀਂ ਪੈਨਸ਼ਨ ਸਕੀਮ (ਐਨ.ਪੀ.ਐਸ) ਦੀਆਂ ਕਮੀਆਂ ਨੂੰ ਭਾਂਪਦੇ ਹੋਏ ਲਗਭਗ 20 ਸਾਲਾਂ ਬਾਅਦ ਯੂਨੀਫਾਈਡ ਪੈਨਸ਼ਨ ਸਕੀਮ (ਯੂ.ਪੀ.ਐਸ) ਲਾਗੂ ਕਰਕੇ ਹੁਣ ਦੇਸ਼ ਭਰ ਦੇ ਲੱਖਾਂ ਮੁਲਾਜ਼ਮਾਂ ਨਾਲ ਨਵਾਂ ਭੁਲੇਖਾ ਪਾਉਣ ਦਾ ਯਤਨ ਕੀਤਾ ਗਿਆ।



ਉਨ੍ਹਾਂ ਕਿਹਾ ਕਿ ਚਾਹੇ ਯੂ ਪੀ ਐਸ ਪੈਨਸ਼ਨ ਸਕੀਮ ਵਿੱਚ ਮੁਲਾਜ਼ਮ ਨੂੰ ਆਖਰੀ ਤਨਖਾਹ ਦਾ 50% ਹਿੱਸਾ ਪੈਨਸ਼ਨ ਦੇ ਰੂਪ ਵਿੱਚ ਦੇਣ ਦੀ ਚੰਗੀ ਗੱਲ ਕੀਤੀ ਗਈ ਹੈ, ਉੱਥੇ ਹੀ ਮੁਲਾਜ਼ਮ ਦੀ ਪੂਰੀ ਸਰਵਿਸ ਦੌਰਾਨ 10% ਐਨ ਪੀ ਐਸ ਤਹਿਤ ਕੀਤੀ ਜਾਣ ਵਾਲੀ ਕਟੌਤੀ ਤੇ ਸਰਕਾਰ ਵੱਲੋਂ ਪਾਇਆ ਜਾਂਦਾ ਮੈਚਿੰਗ ਸ਼ੇਅਰ ਲਗਭਗ 14% ਦੀ ਕਰੋੜਾਂ ਅਰਬਾਂ ਰੁਪਏ ਦੀ ਰਕਮ ਸਰਕਾਰ ਹੜੱਪਣ ਦੀ ਤਿਆਰੀ ਵਿੱਚ ਹੈ।

ਆਗੂਆਂ ਵੱਲੋਂ ਕਿਹਾ ਗਿਆ ਕਿ ਯੂ.ਪੀ.ਐਸ ਪੈਨਸ਼ਨ ਸਕੀਮ ਕਦੇ ਵੀ ਪੁਰਾਣੀ ਪੈਨਸ਼ਨ ਸਕੀਮ ਦਾ ਬਦਲ ਨਹੀਂ ਬਣ ਸਕਦੀ। ਪੁਰਾਣੀ ਪੈਨਸ਼ਨ ਸਕੀਮ ਵਿੱਚ ਮੁਲਾਜ਼ਮ ਦੀ ਹੋਣ ਵਾਲੀ ਜੀ ਪੀ ਐਫ ਕਟੌਤੀ ਭਾਂਵੇ ਸਰਕਾਰ ਕੋਲ ਮੁਲਾਜ਼ਮ ਦੇ ਖਾਤੇ ਵਿੱਚ ਹੀ ਜਮਾਂ ਰਹਿੰਦਾ ਹੈ ਤੇ ਇਹ ਸਾਰੀ ਰਕਮ ਮੁਲਾਜ਼ਮਾਂ ਦੇ ਲਈ ਸੁਰੱਖਿਅਤ ਰਹਿੰਦੀ ਹੈ, ਪਰ ਐਨ ਪੀ ਐਸ ਤੇ ਯੂ.ਪੀ ਐਸ ਵਿੱਚ ਮੁਲਾਜ਼ਮ ਦੀ ਕਟੌਤੀ ਸੁਰੱਖਿਅਤ ਦਿਖਾਈ ਨਹੀਂ ਦਿੰਦੀ। ਇਸ ਕਰਕੇ ਮੁਲਾਜ਼ਮ ਇਨ੍ਹਾਂ ਦੋਵਾਂ ਸਕੀਮਾਂ ਦਾ ਵਿਰੋਧ ਕਰਦੇ ਹਨ। ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਹੋਏ ਕਿਹਾ ਕਿ 18 ਨਵੰਬਰ 2022 ਦੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੇ ਨੋਟੀਫਿਕੇਸ਼ਨ ਨੂੰ ਤੁਰੰਤ ਅਸਲ ਰੂਪ ਵਿੱਚ ਲਾਗੂ ਕਰਦੇ ਹੋਏ ਪੰਜਾਬ ਦੇ ਲਗਭਗ ਸਵਾ ਦੋ ਲੱਖ ਮੁਲਾਜ਼ਮਾਂ ਦੀ ਐਨ ਪੀ ਐਸ ਦੀ ਕਟੌਤੀ ਤੁਰੰਤ ਬੰਦ ਕਰਕੇ ਜੀ ਪੀ ਐਫ ਦੀ ਕਟੌਤੀ ਸ਼ੁਰੂ ਕੀਤੀ ਜਾਵੇ ਤੇ ਪੰਜਾਬ ਦੇ ਮੁਲਾਜ਼ਮਾ ਲਈ 1 ਜਨਵਰੀ 2004 ਤੋਂ ਪਹਿਲਾਂ ਲਾਗੂ ਪੁਰਾਣੀ ਪੈਨਸ਼ਨ ਸਕੀਮ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਲਾਗੂ ਕੀਤੀ ਜਾਵੇ।

ਆਗੂਆਂ ਵੱਲੋਂ ਕਿਹਾ ਗਿਆ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਐਨ ਪੀ ਐਸ ਮੁਲਾਜ਼ਮਾਂ ਉੱਪਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਥਾਂ ਮੋਦੀ ਸਰਕਾਰ ਦੀ ਤਰਜ਼ 'ਤੇ ਐਨਪੀਐਸ ਤੇ ਯੂਪੀਐਸ ਦਾ ਭੁਲੇਖਾ ਪੈਦਾ ਕਰਨ ਦੀ ਬੇਇਨਸਾਫੀ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਤਾਂ ਪੰਜਾਬ ਦੇ ਐਨ ਪੀ ਐਸ ਮੁਲਾਜ਼ਮ ਭਗਵੰਤ ਮਾਨ ਸਰਕਾਰ ਦੇ ਇਸ ਫੈਸਲੇ ਦਾ ਤਿੱਖਾ ਵਿਰੋਧ ਕਰਨਗੇ।

## ਐੱਸ ਐੱਚ ਓ ਪੂਰਨ ਸਿੰਘ ਤੇ ਸਬ ਇੰਸਪੈਕਟਰ ਕੇਵਲ ਸਿੰਘ ਨੂੰ ਸ਼ਹਿਰ ਦੀਆਂ ਸਮੱਸਿਆਵਾਂ ਸੰਬੰਧੀ ਕਰਵਾਇਆ ਜਾਣੂ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਨਿਹਾਲ ਸਿੰਘ ਵਾਲਾ ਥਾਣਾ ਵਿੱਚ ਨਵਨਿਯੁਕਤ ਥਾਣਾ ਮੁਖੀ ਪੂਰਨ ਸਿੰਘ ਨੂੰ ਇਲਾਕੇ ਦੇ ਸ਼ਹਿਰ ਦੀਆਂ ਸਮੱਸਿਆਵਾਂ ਸਬੰਧੀ ਜਾਗਰੂਕ ਕਰਨ ਲਈ ਅੱਜ ਨਿਹਾਲ ਸਿੰਘ ਵਾਲਾ ਪੁਲਸ ਸਟੇਸ਼ਨ ਵਿੱਚ ਸੀ ਆਰ ਓ ਕੰਜ਼ਿਊਮਰ ਰਾਈਟ ਆਰਗਨਾਈਜੇਸ਼ਨ ਟੀਮ ਵੱਲੋਂ ਐੱਸ ਐੱਚ ਓ ਪੂਰਨ ਸਿੰਘ ਤੇ ਸਬ ਇੰਸਪੈਕਟਰ ਕੇਵਲ ਸਿੰਘ ਨਾਲ ਮੁਲਾਕਾਤ ਕੀਤੀ ਤੇ ਸਵਾਗਤ ਕੀਤਾ। ਜਿਸ ਵਿੱਚ ਪ੍ਰਧਾਨ ਸੁਰਿੰਦਰ ਕੁਮਾਰ, ਗੁਰਪ੍ਰੀਤ ਸਿੰਘ, ਸ਼ੌਕੀ ਸਿੰਘ, ਬਾਜ ਸਿੰਘ, ਗੁਰਮੇਲ ਸਿੰਘ, ਬੁਰਜ ਹਮੀਰਾ ਆਦਿ ਹਾਜ਼ਰ ਸਨ।

## ਝਾੜ ਸਾਹਿਬ ਕਾਲਜ ਦਾ ਬੀ ਐੱਸ ਸੀ (ਐੱਫ ਡੀ) ਦਾ ਨਤੀਜਾ ਸ਼ਾਨਦਾਰ ਰਿਹਾ







**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਦਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਐਲਾਨਿਆ ਬੀ.ਐੱਸ.ਸੀ. (ਫੈਸ਼ਨ ਡਿਜ਼ਾਈਨਿੰਗ) ਸਮੈਸਟਰ ਪੰਜਵੇਂ ਦਾ ਨਤੀਜਾ ਸ਼ਾਨਦਾਰ ਰਿਹਾ। ਬੀ.ਐੱਸ.ਸੀ. (ਫੈਸ਼ਨ ਡਿਜ਼ਾਈਨਿੰਗ) ਦੀ ਵਿਦਿਆਰਥਣ ਰਮਨਪ੍ਰੀਤ ਕੌਰ ਨੇ 93.69 ਫੀਸਦੀ ਅੰਕ ਲੈ ਕੇ ਕਾਲਜ 'ਚੋਂ ਪਹਿਲਾ, ਜਸ਼ਨਪ੍ਰੀਤ ਕੌਰ ਨੇ 93.3 ਫੀਸਦੀ ਅਤੇ ਸਿਮਰਨਜੀਤ ਕੌਰ ਨੇ 87.23 ਫੀਸਦੀ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਦਾ ਸਮੁੱਚਾ ਨਤੀਜਾ 100 ਫੀਸਦੀ ਰਿਹਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਦੀ ਵਧੀਆ ਕਾਰਗੁਜ਼ਾਰੀ ਲਈ ਸਮੁੱਚੇ ਫੈਸ਼ਨ ਡਿਜ਼ਾਇਨਿੰਗ ਵਿਭਾਗ, ਵਿਦਿਆਰਥਣਾਂ ਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਕਾਲਜ ਦਾ ਮੁੱਖ ਉਦੇਸ਼ ਵਿਦਿਆਰਥਣਾਂ ਨੂੰ ਅਕਾਦਮਿਕ ਪੱਧਰ 'ਤੇ ਅਜਿਹੀ ਮਿਆਰੀ ਸਿੱਖਿਆ ਦੇਣਾ ਹੈ, ਜਿਸ ਨਾਲ ਮੁਕਾਬਲੇ ਦੇ ਅਜੋਕੇ ਦੌਰ ਵਿਚ ਉਹ ਆਪਣੀ ਵਿਲੱਖਣ ਹੋਂਦ ਸਥਾਪਤ ਕਰ ਸਕਣ।

## ਮੋਗਾ ਕਿੰਗਵਾਹ ਰਜਵਾਹਾ ਨਹਿਰ ਨੂੰ ਕੰਕਰੀਟ ਪਾ ਕੇ ਪੱਕਾ ਕਰਨ ਦਾ ਕਰਾਇਆ ਆਰੰਭ



**ਮੋਗਾ, (ਇਕਬਾਲ ਸਿੰਘ ਖਹਿਰਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨਹਿਰੀ ਪਾਣੀ ਪ੍ਰਤੀ ਸੋਚ ਸਦਕਾ ਤੇ ਮਾਣਯੋਗ ਕੈਬਨਿਟ ਮੰਤਰੀ ਵਰਿੰਦਰ ਗੋਇਲ ਦੇ ਯਤਨਾਂ ਸਦਕਾ ਮੋਗਾ ਕਿੰਗਵਾਹ ਰਜਬਾਹਾ ਨਹਿਰ ਨੂੰ ਕੰਕਰੀਟ ਪਾ ਕੇ ਪੱਕਾ ਕਰਨ ਦਾ ਕੰਮ 45 ਸਾਲਾਂ ਬਾਅਦ ਸ਼ੁਰੂ ਕਰਵਾਇਆ, ਜੋ 1980 ਦੌਰਾਨ ਇੱਟਾਂ ਨਾਲ ਬਣੀ ਹੋਈ ਸੀ, ਜਿਸ ਦੇ ਤਹਿਤ ਮੋਗਾ ਕਿੰਗਵਾਹ ਰਜਬਾਹਾ ਨਹਿਰ ਨੂੰ ਪੱਕਾ ਕਰਨ ਦਾ ਉਦਘਾਟਨ 25 ਕਰੋੜ ਦੀ ਲਾਗਤ ਨਾਲ ਆਪਣੇ ਹਲਕੇ ਵਿੱਚ ਕੀਤਾ। ਇਹ ਵਿਚਾਰ ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਕਿੰਗਵਾਹ ਰਜਬਾਹਾ ਨਹਿਰ ਨੂੰ ਪੱਕਾ ਕਰਨ ਦਾ ਉਦਘਾਟਨ ਕਰਨ ਦੇ ਮੌਕੇ ਤੇ ਸੰਬੋਧਨ ਕਰਦਿਆ ਪ੍ਰਗਟ ਕੀਤੇ।

ਇਸ ਮੌਕੇ ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਮਾਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਆਮ ਆਦਮੀ ਪਾਰਟੀ ਦੇ ਐਸ.ਸੀ.ਵਿੰਗ ਦੇ ਆਗੂ ਪਿਆਰਾ ਸਿੰਘ, ਕੌਂਸਲਰ, ਸਰਪੰਚ, ਪਿੰਡ ਨਿਵਾਸੀ ਅਤੇ ਪਾਰਟੀ ਦੇ ਆਗੂ ਤੇ ਵਲੰਟੀਅਰ ਹਾਜ਼ਰ ਸਨ।

ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਇਸ ਨਹਿਰ ਦੇ ਚਾਲੂ ਹੋਣ ਨਾਲ ਜ਼ਿਲ੍ਹਾ ਮੋਗਾ ਦੇ 55 ਹਜ਼ਾਰ ਏਕੜ ਰਕਬੇ ਨੂੰ ਨਹਿਰੀ ਪਾਣੀ ਮਿਲੇਗਾ, ਜੋ ਪਹਿਲਾਂ 20 ਹਜ਼ਾਰ ਏਕੜ ਨੂੰ ਮਿਲਦਾ ਸੀ ਤੇ ਇਸ ਨਹਿਰ ਚੋਂ ਜਿਹੜੇ ਵੀ ਖਾਲੇ ਨਿਕਲਦੇ ਹਨ। ਉਨ੍ਹਾਂ ਨੂੰ ਪਾਈਪ ਲਾਈਨਾਂ ਪਾ ਕੇ ਪੱਕਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਕਿਸੇ ਪ੍ਰਕਾਰ ਦੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਸਮੱਸਿਆਵਾਂ ਲਿਆਂਦੀ ਜਾਵੇ, ਜਿਸਦਾ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ।

## ਸ੍ਰੀ ਬਾਲਾ ਜੀ ਮੰਦਰ 'ਚ ਬਸੰਤ ਪੰਚਮੀ ਦੇ ਦਿਨ ਵਿਸ਼ਾਲ ਸੰਕੀਰਤਨ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਹਲਕਾ ਨਿਹਾਲ ਸਿੰਘ ਵਾਲਾ ਦੇ ਸ੍ਰੀ ਬਾਲਾ ਜੀ ਮੰਦਰ ਵਿਚ ਦੋ ਫਰਵਰੀ ਬਸੰਤ ਪੰਚਮੀ ਦੇ ਦਿਨ ਵਿਸ਼ਾਲ ਸੰਕੀਰਤਨ ਦਾ ਆਯੋਜਨ ਕੀਤਾ ਜਾਵੇਗਾ। ਅਮਨ ਬਾਂਸਲ (ਹੈਪੀ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਸੰਤ ਪੰਚਮੀ 2 ਫਰਵਰੀ ਨੂੰ ਮੰਦਰ ਵਿੱਚ ਮੂਰਤੀ ਸਥਾਪਨਾ ਹੋਏ ਨੂੰ ਲਗਭਗ ਇੱਕ ਸਾਲ ਹੋ ਜਾਵੇਗਾ। ਪਿਛਲੇ ਸਾਲ ਬਸੰਤ ਪੰਚਮੀ ਦੇ ਦਿਨ ਹੀ ਮੰਦਰ ਵਿੱਚ ਮੂਰਤੀ ਸਥਾਪਨਾ ਹੋਈ ਸੀ। ਇਸ ਦਿਨ ਸ੍ਰੀ ਸਾਲਾ ਸਰ ਧਾਮ ਰਾਜਸਥਾਨ ਤੋਂ ਪਵਿੱਤਰ ਜੋਤ ਲਿਆਂਦੀ ਜਾਵੇਗੀ ਦੋ ਫਰਵਰੀ ਨੂੰ ਲਗਭਗ ਦੁਪਹਿਰ 1 ਵਜੇ ਜੋਤੀ ਦੀ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾਵੇਗੀ । ਸੰਕੀਰਤਨ ਲਗਭਗ 8 ਵਜੇ ਸ਼ੁਰੂ ਹੋਵੇਗਾ। ਇਸ ਵਿਸ਼ਾਲ ਸੰਕੀਰਤਨ ਵਿੱਚ ਪੁਲਕਿਤ ਮਿੱਤਲ ਨਿਹਾਲ ਸਿੰਘ ਵਾਲਾ ਜਿਨ੍ਹਾਂ ਵੱਲੋਂ ਹਰ ਮੰਗਲਵਾਰ ਨੂੰ ਵੀ ਸੰਕੀਰਤਨ ਕੀਤਾ ਜਾਂਦਾ ਹੈ , ਬਾਲਾ ਜੀ ਮਹਾਰਾਜ ਅਤੇ ਸ਼ਿਆਮ ਬਾਬਾ ਜੀ ਦਾ ਗੁਣਗਾਨ ਕਰਨਗੇ। ਇਸ ਤੋਂ ਇਲਾਵਾ ਵਿਸ਼ਾਲ ਗੋਇਲ ਧੂਰੀ ਵੱਲੋਂ ਵੀ ਗੁਣਗਾਨ ਕੀਤਾ ਜਾਵੇਗਾ ਅਤੇ ਯਦੂਵੰਸ਼ੀ ਬ੍ਰਦਰ ਬਟਾਲਾ ਤੋਂ ਵੀ ਸ਼ਾਮ ਬਾਬਾ ਜੀ ਅਤੇ ਬਾਲਾ ਜੀ ਦਾ ਗੁਣਗਾਨ ਕਰਨਗੇ। ਇਸ ਸੰਕੀਰਤਨ ਦੌਰਾਨ ਭੰਡਾਰਾ ਵੀ ਅਤੁੱਟ ਵਰਤੇਗਾ। ਇਸ ਜਾਗਰਣ ਮੌਕੇ ਬਾਲਾਜੀ ਮਹਾਰਾਜ, ਸ਼ਿਆਮ ਬਾਬਾ ਜੀ , ਸ਼ਿਵਜੀ ਪਰਵਾਰ ਦੀ ਪੂਜਾ ਵੀ ਕੀਤੀ ਜਾਵੇਗੀ । ਇਸ ਮੌਕੇ ਸੰਜੀਵ ਗਰਗ, ਐਡਵੋਕੇਟ ਬੱਬਨ ਗੋਇਲ, ਪ੍ਰਦੀਪ ਮਿੱਤਲ, ਅਭਿਸ਼ੇਕ ਮੰਗਲਾ, ਮਿਤਨ ਗਰਗ, ਗਗਨ ਮੰਗਲਾ, ਰਵੀ ਗੋਇਲ, ਪਵਨ ਕੁਮਾਰ, ਮਨਦੀਪ ਕੁਮਾਰ ਦੀਪੀ, ਯੋਗੇਸ਼ ਬੰਸਲ, ਰਜਤ ਗਰਗ, ਮਨੀਸ਼ ਗਰਗ, ਗੌਤਮ ਗਰਗ, ਮੁਕੇਸ਼ ਮਿੱਤਲ, ਆਦਿ ਮੈਂਬਰ ਹਾਜ਼ਰ ਸਨ।

## 2 ਕਰੋੜ ਦੀ ਲਾਗਤ ਨਾਲ ਇੰਟਰਲਾਕ ਟਾਇਲ ਸੜਕਾਂ ਦੇ ਨਿਰਮਾਣ ਦਾ ਕੰਮ ਸ਼ੁਰੂ : ਸੇਖੋਂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)** ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਨਗਰ ਕੌਂਸਲ ਅਧੀਨ ਆਉਂਦੇ ਇਲਾਕਿਆਂ ਸਵਰਨ ਸਿਨੇਮਾ ਦੀ ਬੈਕ ਸਾਈਡ ਤੇ ਤਲਵੰਡੀ ਚੌਕ ਕੋਤਵਾਲੀ ਰੋਡ ਦੇ ਇੰਟਰਲਾਕ ਸੜਕ ਨਿਰਮਾਣ ਦਾ ਕੰਮ ਸ਼ੁਰੂ ਕਰਾਇਆ।ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ 'ਤੇ 2 ਕਰੋੜ ਰੁਪਏ ਦੀ ਰਾਸ਼ੀ ਦਾ ਖਰਚ ਆਵੇਗਾ।

ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਦੱਸਿਆ ਕਿ ਇਹ ਸੜਕਾਂ ਇੰਟਰਲਾਕ ਸੜਕਾਂ ਹੋਣਗੀਆਂ ਤੇ ਇਨ੍ਹਾਂ ਦੀ ਪੰਜ ਸਾਲਾਂ ਮੈਨਟੀਨੈਂਸ ਦਾ ਕੰਮ ਵੀ ਉਸਾਰੀ ਕਰਨ ਵਾਲੇ ਠੇਕੇਦਾਰਾਂ ਵੱਲੋਂ ਹੀ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਸੜਕਾਂ ਦੇ ਨਿਰਮਾਣ ਨਾਲ ਸ਼ਹਿਰ ਵਾਸੀਆਂ ਤੇ ਹੋਰ ਲੋਕਾਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ।ਉਨ੍ਹਾਂ ਕਿਹਾ ਕਿ ਇਸ ਰੋਡ ਦੇ ਹੇਠਾਂ ਗੈਸ ਪਾਈਪਾਂ ਤੇ 20 ਫੁੱਟ ਥੱਲੇ ਸੀਵਰੇਜ ਪਾਈਪਾਂ ਵੀ ਪਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜਹਾਜ਼ ਗਰਾਊਂਡ ਵਾਲੀ ਸੜਕ ਦੀ ਉਸਾਰੀ ਤੋਂ ਇਲਾਵਾ ਸਾਈਕਲ ਸੈਰਗਾਹ ਦਾ ਕੰਮ ਵੀ ਜੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਕੁਝ ਹੋਰ ਗਲੀਆਂ ਦਾ ਕੰਮ ਬਹੁਤ ਜਲਦ ਸ਼ੁਰੂ ਕਰਾਇਆ ਜਾਵੇਗਾ।

ਸੇਖੋਂ ਨੇ ਕਿਹਾ ਕਿ ਸ਼ਹਿਰ ਅੰਦਰ ਬਣ ਰਹੀਆਂ ਸੜਕਾਂ ਨਾਲ ਆਵਾਜਾਈ 'ਚ ਸਹੂਲਤ ਮਿਲੇਗੀ ਤੇ ਸ਼ਹਿਰ ਵਿੱਚ ਚੱਲ ਰਹੇ ਹੋਰ ਵਿਕਾਸ ਕਾਰਜਾਂ ਨਾਲ ਸ਼ਹਿਰ ਨੂੰ ਹੋਰ ਖ਼ੂਬਸੂਰਤ ਦਿੱਖ ਮਿਲੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਲਦ ਹੀ ਫ਼ਰੀਦਕੋਟ ਵਿੱਚ ਆਉਣਗੇ ਤੇ ਵੱਖ-ਵੱਖ ਵਿਕਾਸ ਕਾਰਜਾਂ ਨੂੰ ਸ਼ੁਰੂ ਕਰਾਉਣਗੇ ਤੇ ਲੋਕ ਅਰਪਣ ਕਰਨਗੇ।

## ਫਿਰ ਤੋਂ ਦਿੱਲੀ 'ਚ 'ਆਪ' ਬਣਾਵੇਗੀ ਸਰਕਾਰ : ਹਰਚੰਦ ਸਿੰਘ ਬਰਸਟ

**ਪਟਿਆਲਾ, (ਰਾਜਿੰਦਰ ਸਿੰਘ ਥਿੰਦ)** ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਦਿੱਲੀ ਵਿੱਚ ਇਕ ਵਾਰ ਫਿਰ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।ਬਰਸਟ ਵੱਲੋਂ ਦਿੱਲੀ ਦੇ ਵਿਧਾਨ ਸਭਾ ਹਲਕਾ ਕਾਲਕਾਜੀ ਦੇ ਵੱਖ-ਵੱਖ ਏਰੀਏ ਵਿੱਚ ਮੀਟਿੰਗਾਂ ਕਰਕੇ ਤੇ ਡੋਰ-ਟੂ-ਡੋਰ ਜਾ ਕੇ ਮੁੱਖ ਮੰਤਰੀ ਆਤਿਸ਼ੀ, ਜੋ ਏਥੋਂ 'ਆਪ' ਦੀ ਉਮੀਦਵਾਰ ਹਨ, ਦੇ ਪੱਖ ਵਿੱਚ ਪ੍ਰਚਾਰ ਕੀਤਾ ਗਿਆ।ਇਸ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਤੇ ਲੋਕ ਭਲਾਈ ਕਾਰਜਾਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਦੌਰਾਨ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਦਿੱਲੀ ਵਿੱਚ ਮਿਸਾਲੀ ਵਿਕਾਸ ਕਾਰਜ ਕੀਤੇ ਗਏ ਹਨ।ਸਿਹਤ ਸਹੂਲਤਾਂ, ਸਿੱਖਿਆ ਪ੍ਰਣਾਲੀ, ਮੁਫ਼ਤ ਬਿਜਲੀ, ਪਾਣੀ ਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਸਮੇਤ ਹਰ ਖੇਤਰ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੱਡੇ ਪੱਧਰ ਤੇ ਵਿਕਾਸ ਕਾਰਜਾਂ ਦੀ ਹਨੇਰੀ ਲਿਆਂਦੀ ਗਈ ਹੈ।ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਦਿੱਲੀ ਵਿੱਚ ਕੀਤੇ ਗਏ ਵਿਕਾਸ ਕਾਰਜਾਂ ਸਦਕਾ ਹੀ ਅੱਜ 'ਆਪ' ਲੋਕਾਂ ਦੀ ਪਹਿਲੀ ਪਸੰਦ ਬਣੀ ਹੋਈ ਹੈ।ਲੋਕਾਂ ਵੱਲੋਂ ਮਿਲ ਰਿਹਾ ਸਾਥ ਇਹ ਸਿੱਧ ਕਰਦਾ ਹੈ ਕਿ ਦਿੱਲੀ ਵਿਧਾਨਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਪੱਕੀ ਹੈ, ਕਿਉਂਕਿ ਸ੍ਰੀ ਅਰਵਿੰਦ ਕੇਜਰੀਵਾਲ ਵੱਲੋਂ ਜੋ ਵਾਅਦੇ ਕੀਤੇ ਗਏ ਸਨ, ਉਹ ਪੂਰੇ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿੱਚ ਵੀ ਚਹੁੰਪੱਖੀ ਵਿਕਾਸ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਆਪ ਦੀ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਮਿਸਾਲੀ ਕੰਮ ਕੀਤੇ ਗਏ ਹਨ।600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ।ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਤੋਂ ਕਰੀਬ 50 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।ਖੇਤਾਂ ਨੂੰ ਨਹਿਰਾਂ ਦਾ ਪਾਣੀ ਦੇਣਾ, ਸਕੂਲ ਆਫ ਐਮੀਨੈਂਸ, ਸੜਕ ਸੁਰੱਖਿਆ ਫੋਰਸ ਸਮੇਤ ਪੰਜਾਬ ਵਿੱਚ ਨਵੀਂ ਇੰਡਸਟਰੀ ਲਗਾਉਣ ਲਈ ਸਾਰਥਿਕ ਕਦਮ ਚੁੱਕੇ ਗਏ ਹਨ।

# ਖੇਤ ਮਜ਼ਦੂਰਾਂ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ ਅੱਜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਕਣਕ-ਆਟੇ ਦੀਆਂ ਕੀਮਤਾਂ ਨੂੰ ਨੱਥ ਪਾਉਣ ਤੇ ਕਣਕ ਤੇ ਖਾਧ ਖੁਰਾਕ ਦੀਆਂ ਹੋਰ ਜ਼ਰੂਰੀ ਵਸਤਾਂ ਸਸਤੇ ਭਾਅ ਰਾਸ਼ਨ ਡਿਪੂਆਂ ਰਾਹੀਂ ਲੋੜ ਅਨੁਸਾਰ ਮੁਹੱਈਆ ਕਰਾਉਣ, ਮਨਰੇਗਾ ਤਹਿਤ ਸਾਲ ਭਰ ਦੇ ਰੁਜ਼ਗਾਰ ਦੀ ਗਰੰਟੀ ਕਰਨ, ਮਜ਼ਦੂਰ ਕਿਸਾਨ ਤੇ ਵਾਤਾਵਰਣ ਪੱਖੀ ਖੇਤੀ ਨੀਤੀ ਲਾਗੂ ਕਰਨ, ਚੋਣ ਵਾਅਦੇ ਮੁਤਾਬਕ ਔਰਤਾਂ ਨੂੰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਤੇ ਕੇਂਦਰ ਵੱਲੋਂ ਭੇਜਿਆ ਖੇਤੀ ਮੰਡੀਕਰਨ ਨੀਤੀ ਦਾ ਖਰੜਾ ਰੱਦ ਕਰਨ ਆਦਿ ਮੰਗਾਂ ਨੂੰ ਲੈ ਕੇ 30 ਜਨਵਰੀ ਨੂੰ ਡੀ.ਸੀ ਦਫਤਰ ਅੱਗੇ ਧਰਨਾ ਦਿੱਤਾ ਜਾਵੇਗਾ।

ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਜ਼ਿਲ੍ਹਾ ਕਨਵੀਨਰ ਗੁਰਜੰਟ ਸਿੰਘ ਸਾਉਂਕੇ ਵੱਲੋਂ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਧਰਨੇ 'ਚ ਸੈਂਕੜੇ ਮਜ਼ਦੂਰ ਮਰਦ ਔਰਤਾਂ ਸ਼ਮੂਲੀਅਤ ਕਰਨਗੇ।ਉਨ੍ਹਾਂ ਦੱਸਿਆ ਕਿ ਧਰਨੇ ਦੀ ਸਫ਼ਲਤਾ ਲਈ ਜ਼ਿਲ੍ਹੇ ਦੇ ਪਿੰਡ ਭਾਗਸਰ, ਖੁੰਡੇ ਹਲਾਲ, ਗੰਧੜ, ਭੁੱਟੀਵਾਲਾ, ਗੁੜੀਸੰਗਰ,ਖੂਨਣ ਖੁਰਦ, ਦੂਹੇਵਾਲਾ, ਰਾਮਨਗਰ, ਸਾਉਂਕੇ, ਸ਼ੇਰਗੜ੍ਹ, ਦਬੜਾ, ਸਿੰਘੇਵਾਲਾ, ਫਤੂਹੀਵਾਲਾ, ਕਿੱਲਿਆਂਵਾਲੀ ਤੇ ਮਹਿਣਾ ਸਮੇਤ ਦੋ ਦਰਜਨ ਤੋਂ ਵਧੇਰੇ ਪਿੰਡਾਂ ਵਿੱਚ ਮੀਟਿੰਗਾਂ, ਰੈਲੀਆਂ ਕੀਤੀਆਂ ਗਈਆਂ।

ਇਨ੍ਹਾਂ ਮੀਟਿੰਗਾਂ ਨੂੰ ਮਜ਼ਦੂਰ ਆਗੂ ਕਾਲਾ ਸਿੰਘ ਤੇ ਰਾਜਾ ਸਿੰਘ ਖੂਨਣ ਖੁਰਦ, ਬਾਜ ਸਿੰਘ ਭੁੱਟੀਵਾਲਾ, ਕਾਕਾ ਸਿੰਘ ਤੇ ਤਰਸੇਮ ਸਿੰਘ ਖੁੰਡੇ ਹਲਾਲ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਆਖਿਆ ਕਿ ਆਟੇ ਦਾ ਰੇਟ 3600 ਰੁਪਏ ਪ੍ਰਤੀ ਕੁਇੰਟਲ ਤੱਕ ਪੁੱਜਣ ਤੇ ਬਾਲਣ ਤੇ ਰੁਜ਼ਗਾਰ ਦੀ ਤੋਟ ਨੇ ਖੇਤ ਮਜ਼ਦੂਰਾਂ ਤੇ ਹੋਰਨਾਂ ਗਰੀਬ ਵਰਗਾਂ ਲਈ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਨਾ ਵੀ ਔਖਾ ਕਰ ਦਿੱਤਾ ਹੈ।ਖੇਤ ਮਜ਼ਦੂਰ ਆਗੂਆਂ ਨੇ ਆਖਿਆ ਕਿ ਉੱਪਰੋਂ ਕੇਂਦਰ ਸਰਕਾਰ, ਸੂਬਾ ਸਰਕਾਰਾਂ ਨੂੰ ਖੇਤੀ ਮੰਡੀਕਰਨ ਦਾ ਨੀਤੀ ਖਰੜਾ ਭੇਜ ਕੇ ਅਨਾਜ ਤੇ ਹੋਰਨਾਂ ਖੁਰਾਕੀ ਵਸਤਾਂ ਉਤੇ ਕਾਰਪੋਰੇਟ ਘਰਾਣਿਆਂ ਦਾ ਮੁਕੰਮਲ ਕਬਜ਼ਾ ਕਰਾਉਣ ਤੇ ਫ਼ਸਲਾਂ ਦੀ ਸਰਕਾਰੀ ਖਰੀਦ ਤੋਂ ਭੱਜਣ ਤੇ ਜਨਤਕ ਵੰਡ ਪ੍ਰਣਾਲੀ ਦਾ ਮੁਕੰਮਲ ਖਾਤਮਾ ਕਰਨਾ ਚਾਹੁੰਦੀ ਹੈ।ਮਜ਼ਦੂਰ ਆਗੂਆਂ ਨੇ ਆਖਿਆ ਕਿ ਸੂਬਾ ਸਰਕਾਰਾਂ ਨੂੰ ਕੇਂਦਰ ਵੱਲੋਂ ਭੇਜਿਆ ਖਰੜਾ ਲਾਗੂ ਹੋਣ ਨਾਲ ਜਿੱਥੇ ਕਿਸਾਨਾਂ ਦੀਆਂ ਫ਼ਸਲਾਂ ਲੁੱਟੀਆਂ ਜਾਣਗੀਆਂ ਉਥੇ ਕਣਕ, ਚਾਵਲ ਤੇ ਹੋਰਨਾਂ ਖੁਰਾਕੀ ਵਸਤਾਂ ਦੀ ਮਹਿੰਗਾਈ ਹੋਰ ਵੀ ਬੇਲਗਾਮ ਹੋ ਜਾਵੇਗੀ, ਜਿਸ ਨਾਲ ਗਰੀਬ ਲੋਕ ਭੁੱਖਮਰੀ ਦੇ ਜੁਬਾੜਿਆਂ 'ਚ ਧੱਕੇ ਜਾਣਗੇ।

ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਮਜ਼ਦੂਰ ਕਿਸਾਨ ਪੱਖੀ ਖੇਤੀ ਨੀਤੀ ਲਾਗੂ ਕਰਨ ਸਮੇਤ ਮਜ਼ਦੂਰਾਂ ਤੇ ਔਰਤਾਂ ਨਾਲ ਚੋਣਾਂ ਸਮੇਂ ਕੀਤੇ ਵਾਅਦੇ ਲਾਗੂ ਕਰਨ ਦੀ ਥਾਂ ਮਜ਼ਦੂਰ ਕਿਸਾਨ ਤੇ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ।

## ਮਾਨਵ ਸੇਵਾ ਉੱਤਮ ਸੇਵਾ ਸੰਸਥਾ ਨੇ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਤੇ ਟਾਟ ਵੰਡੇ



**ਨਾਭਾ (ਵਰਿੰਦਰ ਵਰਮਾ)**- ਮਾਨਵ ਸੇਵਾ ਉੱਤਮ ਸੇਵਾ ਸਟੇਟ ਐਵਾਰਡੀ ਸੰਸਥਾ ਨਾਭਾ ਵੱਲੋਂ ਆਰੀਆ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਪਟਿਆਲਾ ਗੇਟ ਵਿਖੇ ਮੱਸਿਆ ਦਿਹਾੜੇ ਮੌਕੇ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ ਅਤੇ ਬੱਚਿਆਂ ਦੇ ਬੈਠਣ ਲਈ ਟਾਟ ਭੇਟ ਕੀਤਾ । ਇਸ ਮੌਕੇ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਇਸ ਨੇਕ ਕਾਰਜ ਲਈ ਯੋਗਦਾਨ ਪਾਉਣ ਵਾਲੇ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸੰਸਥਾ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ। ਕਿਵੇਂ ਕਿ ਬੱਚਿਆਂ ਨੂੰ ਸਟੇਸ਼ਨਰੀ, ਕੋਟੀਆਂ, ਬੂਟ ਅਤੇ ਜੁਰਾਬਾਂ ਦੀ ਵੰਡ, ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦੀ ਵੰਡ ਆਦਿ ਤੋਂ ਇਲਾਵਾ ਖੂਨਦਾਨ ਕੈਂਪ ਅਤੇ ਮੈਡੀਕਲ ਚੈੱਕਅਪ ਕੈਂਪ ਵੀ ਲਗਾਏ ਜਾਂਦੇ ਹਨ। ਉਹਨਾਂ ਕਿਹਾ ਕਿ ਅਜਿਹੇ ਲੋਕ ਭਲਾਈ ਦੇ ਕਾਰਜ ਹਰੇਕ ਸੰਸਥਾਵਾਂ ਨੂੰ ਕਰਨੇ ਚਾਹੀਦੇ ਹਨ ਤਾਂ ਕਿ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ। ਇਸ ਮੌਕੇ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਮਦਾਨ ਨੇ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਦੇ ਮੈਂਬਰ ਵਿਕਾਸ ਮਿੱਤਲ, ਅੰਕੁਰ ਸਿੰਗਲਾ, ਸੁਨੀਲ ਗੁਪਤਾ, ਬਲਦੇਵ ਕੁਮਾਰ, ਦੀਪਕ ਕੁਮਾਰ, ਕਮਲ ਗੋਇਲ, ਆਦਿ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੰਸਥਾ ਦੇ ਸਮੂਹ ਮੈਂਬਰ ਅਤੇ ਸਕੂਲ ਦਾ ਸਟਾਫ ਹਾਜ਼ਰ ਸੀ।

## ਨਸ਼ਾ ਮੁਕਤ ਚੇਤਨਾ ਸੰਘ ਨਸ਼ਿਆਂ ਤੋਂ ਜਵਾਨੀ ਬਚਾਉਣ ਲਈ ਵਚਨਬੱਧ : ਡਾ. ਅਮਿਤ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਨਸ਼ਾ ਮੁਕਤ ਪੰਜਾਬ ਸੰਘ ਦੇ ਸੂਬਾਈ ਸਹਿ ਕਨਵੀਨਰ ਤੇ ਸਮਾਜ ਸੇਵੀ ਸੰਸਥਾ ਕਾਂਸਲ ਫਾਊਂਡੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਡਾ. ਅਮਿਤ ਕਾਂਸਲ ਨੇ ਕਿਹਾ ਕਿ ਨਸ਼ਾ ਮੁਕਤ ਪੰਜਾਬ ਸੰਘ ਦੁਬਾਰਾ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਇੱਕ ਜਨ ਜਾਗ੍ਰਿਤੀ ਅਭਿਆਨ ਚਲਾਇਆ ਜਾ ਰਿਹਾ ਹੈ, ਜਿਸ ਦਾ ਉਦੇਸ਼ ਨਸ਼ਾ ਮੁਕਤ ਪੰਜਾਬ ਦੀ ਪ੍ਰਾਪਤੀ ਹੈ।ਇਸ ਦੇ ਲਈ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਸੰਗਠਨਾਤਮਕ ਨਿਯੁਕਤੀਆਂ ਪੂਰੀਆਂ ਹੋ ਚੁੱਕੀਆਂ ਹਨ ਤੇ ਇਸ ਅਭਿਆਨ ਨੂੰ ਚੰਗੀ ਪੱਧਰ 'ਤੇ ਚਲਾਉਣ ਲਈ ਕਾਰਜਕ੍ਰਮ ਵੀ ਉਲੀਕੇ ਜਾ ਚੁੱਕੇ ਹਨ।

ਡਾ. ਕਾਂਸਲ ਨੇ ਦੱਸਿਆ ਕਿ ਨਸ਼ਾ ਮੁਕਤ ਚੇਤਨਾ ਸੰਘ ਦੇ ਸਮੂਹ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਨੂੰ ਵਿਸ਼ੇਸ਼ ਸਿਖਲਾਈ ਦੇਣ ਲਈ ਲੁਧਿਆਣਾ ਵਿਖੇ ਦੋ ਰੋਜ਼ਾ ਅਭਿਆਸ ਵਰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਨੁਮਾਇੰਦਿਆਂ ਨੇ ਭਾਗ ਲਿਆ।ਇਸ ਅਭਿਆਸ ਵਰਗ ਵਿੱਚ ਸੰਘ ਦੇ ਖੇਤਰੀ ਪ੍ਰਚਾਰਕ ਜਸਵੀਰ ਸਿੰਘ, ਸੂਬਾ ਪ੍ਰਚਾਰਕ ਨਰਿੰਦਰਜੀ ਅਤੇ ਨਸ਼ਾ ਮੁਕਤ ਚੇਤਨਾ ਸੰਘ ਦੇ ਸੂਬਾ ਕਨਵੀਨਰ ਮਦਨ ਜੀਤ ਸਿੰਘ ਵੱਖ-ਵੱਖ ਵਿਸ਼ਿਆਂ ਉੱਤੇ ਆਪਣੇ ਵਿਚਾਰ ਰੱਖੇ। ਡਾ. ਕਾਂਸਲ ਨੇ ਕਿਹਾ ਕਿ ਇਹ ਉਨ੍ਹਾਂ ਲਈ ਖ਼ੁਸ਼ਕਿਸਮਤੀ ਦੀ ਗੱਲ ਹੈ ਕਿ ਸੰਘ ਨੇ ਉਨ੍ਹਾਂ ਨੂੰ ਇਸ ਪਵਿੱਤਰ ਕਾਰਜ ਲਈ ਚੁਣਿਆ ਹੈ ਤੇ ਉਨ੍ਹਾਂ ਦੀ ਸੰਸਥਾ ਕਾਂਸਲ ਫਾਊਂਡੇਸ਼ਨ ਲੰਬੇ ਸਮੇਂ ਤੋਂ ਨਸ਼ਾਖੋਰੀ ਤੇ ਅਨਪੜ੍ਹਤਾ ਵਰਗੀਆਂ ਸਮਾਜਿਕ ਬੁਰਾਈਆਂ ਵਿਰੁੱਧ ਅਭਿਆਨ ਚਲਾ ਕੇ ਨੌਜਵਾਨਾਂ ਦੇ ਸਸ਼ਕਤੀ ਕਰਨ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਦੇਸ਼ ਦਾ ਹਰ ਨੌਜਵਾਨ ਸਸ਼ਕਤ ਬਣੇ ਤੇ ਵਿਕਸਤ ਭਾਰਤ ਦੇ ਟੀਚੇ ਲਈ ਕੰਮ ਕਰੇ।

## ਨਗਰ ਕੌਂਸਲ ਪ੍ਰਧਾਨ ਤੇ ਕੌਂਸਲਰਾਂ ਦੀ ਦੁਕਾਨਦਾਰਾਂ ਨਾਲ ਮੀਟਿੰਗ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸ਼ਹਿਰ ਦੇ ਦੁਕਾਨਦਾਰਾਂ ਨਾਲ ਨਗਰ ਕੌਂਸਲ ਵਲੋਂ ਮੀਟਿੰਗ ਕੀਤੀ ਗਈ, ਜਿਸ ਵਿਚ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਸੁਝਾਅ ਵੀ ਮੰਗੇ ਗਏ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ, ਜਗਮੀਤ ਸਿੰਘ ਮੱਕੜ, ਅਸ਼ੋਕ ਸੂਦ, ਅਮਨਦੀਪ ਸਿੰਘ ਤਨੇਜਾ, ਧਰਮਪਾਲ, ਨੀਰਜ ਕੁਮਾਰ, ਪਰਦੀਪ ਕੁਮਾਰ, ਰਮਨਦੀਪ ਸਿੰਘ, ਕਿਸ਼ੋਰ ਕੁਮਾਰ (ਸਾਰੇ ਕੌਂਸਲਰ) ਨੇ ਸ਼ਮੂਲੀਅਤ ਕੀਤੀ।

ਦੁਕਾਨਦਾਰਾਂ ਨੇ ਸੁਝਾਅ ਦਿੱਤੇ ਕਿ ਬਜ਼ਾਰ ਵਿਚ ਕੁਝ ਦੁਕਾਨਦਾਰਾਂ ਵੱਲੋਂ ਸੜਕ 'ਤੇ ਨਜਾਇਜ਼ ਕਬਜ਼ੇ ਕਰ ਕਾਫ਼ੀ ਬਾਹਰ ਤੱਕ ਸਮਾਨ ਰੱਖਿਆ ਜਾਂਦਾ ਹੈ, ਜਿਸ ਕਾਰਨ ਜਾਮ ਵਾਲੀ ਸਥਿਤੀ ਪੈਦਾ ਹੋ ਰਹੀ ਹੈ। ਇਸ ਤੋਂ ਇਲਾਵਾ ਕੁਝ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਅੱਗੇ ਰੇਹੜੀਆਂ ਖੜਾ ਕੇ ਉਨ੍ਹਾਂ ਤੋਂ ਪੈਸੇ ਵਸੂਲੇ ਜਾਂਦੇ ਹਨ, ਜੋ ਆਵਾਜਾਈ ਪ੍ਰਭਾਵਤ ਕਰਦੇ ਹਨ ਉੱਥੇ ਨਿਯਮਾਂ ਦੀ ਵੀ ਉਲੰਘਣਾ ਕਰਦੇ ਹਨ, ਜਿਸ ਲਈ ਇਨ੍ਹਾਂ 'ਤੇ ਵੀ ਮੁਕੰਮਲ ਰੋਕ ਲਾਈ ਜਾਵੇ। ਦੁਕਾਨਦਾਰਾਂ ਨੇ ਸੁਝਾਅ ਦਿੱਤਾ ਕਿ ਖਾਲਸਾ ਚੌਂਕ ਤੋਂ ਗਾਂਧੀ ਚੌਕ ਤੱਕ ਬਜ਼ਾਰ ਵਿਚ ਕਾਰਾਂ ਖੜ੍ਹੀਆਂ ਹੋਣ ਕਾਰਨ ਵੀ ਜਾਮ ਲੱਗਦਾ ਹੈ, ਇਸ ਲਈ ਪਾਰਕਿੰਗ ਦਾ ਕੋਈ ਢੁੱਕਵਾਂ ਹੱਲ ਕੱਢਿਆ ਜਾਵੇ। ਦੁਕਾਨਦਾਰਾਂ ਮੰਗ ਕੀਤੀ ਕਿ ਬਜ਼ਾਰਾਂ ਵਿਚ ਸੀਸੀਟੀਵੀ ਕੈਮਰੇ ਲਾਏ ਜਾਣ ਅਤੇ ਜੇਕਰ ਕੋਈ ਵੀ ਨਿਯਮਾਂ ਦੀ ਉਲੰਘਣਾ ਕਰਦਾ ਤਾਂ ਉਸਦਾ ਚਲਾਨ ਕੱਟ ਕੇ ਜੁਰਮਾਨਾ ਵਸੂਲਿਆ ਜਾਵੇ।

ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਸਾਰੇ ਦੁਕਾਨਦਾਰਾਂ ਦੇ ਸਹਿਯੋਗ ਨਾਲ ਹੀ ਨਗਰ ਕੌਂਸਲ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੱਢ ਸਕਦੀ ਹੈ। ਉਨ੍ਹਾਂ ਕਿਹਾ ਕਿ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਯਤਨਾਂ ਸਦਕਾ ਨਗਰ ਕੌਂਸਲ ਖਾਲਸਾ ਚੌਂਕ ਨੇੜੇ ਹੀ ਨਵੀਂ ਪਾਰਕਿੰਗ ਬਣਾਉਣ ਦੀ ਤਜਵੀਜ਼ ਤਿਆਰ ਕਰ ਰਹੀ ਹੈ ਤਾਂ ਜੁ ਬਜ਼ਾਰਾਂ ਵਿਚ ਆਉਣ ਵਾਲੇ ਲੋਕ ਆਪਣੇ ਵਾਹਨ ਸਬੰਧਤ ਪਾਰਕਿੰਗ ਵਿਚ ਖੜੇ ਕਰਨ। ਪ੍ਰਧਾਨ ਕੁੰਦਰਾ ਨੇ ਦੁਕਾਨਦਾਰਾਂ ਨੂੰ ਇਹ ਅਪੀਲ ਵੀ ਕੀਤੀ ਕਿ ਸੜਕਾਂ 'ਤੇ ਕੁਝ ਦੁਕਾਨਦਾਰ ਨਜਾਇਜ਼ ਕਬਜ਼ਾ ਕਰ ਆਵਾਜਾਈ ਪ੍ਰਭਾਵਤ ਕਰ ਰਹੇ ਹਨ। ਇਸ ਲਈ ਨਗਰ ਕੌਂਸਲ ਵੱਲੋਂ ਆਖਰੀ ਬੇਨਤੀ ਕਰ ਦਿੱਤੀ ਗਈ ਹੈ ਕਿ ਜੇਕਰ ਕਿਸੇ ਨੇ ਵੀ ਪੀਲੀ ਪੱਟੀ ਤੋਂ ਬਾਹਰ ਸਮਾਨ ਰੱਖਿਆ ਤਾਂ ਉਹ ਜ਼ਬਤ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਬਜ਼ਾਰਾਂ 'ਚ ਜੋ ਪੱਕੀਆਂ ਰੇਹੜੀਆਂ ਲਗਾ ਕੇ ਖੜੇ ਹਨ, ਉਨ੍ਹਾਂ ਦਾ ਆਉਣ ਵਾਲੇ ਸਮੇਂ ਵਿਚ ਢੁੱਕਵਾਂ ਹੱਲ ਕੱਢਿਆ ਜਾਵੇਗਾ। ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਜਲਦ ਹੀ ਟੈਂਡਰ ਲਾ ਕੇ ਮਾਛੀਵਾੜਾ ਸ਼ਹਿਰ ਵਿਚ ਸੀਸੀਟੀਵੀ ਕੈਮਰੇ ਲਾਉਣ ਦੀ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ।

# 'ਲੋਕਤੰਤਰ 'ਚ ਨੌਜਵਾਨਾਂ ਦੀ ਭੂਮਿਕਾ' ਵਿਸ਼ੇ 'ਤੇ ਭਾਸ਼ਣ ਮੁਕਾਬਲਾ



**ਸ੍ਰੀ ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਰਾਜਨੀਤਕ ਵਿਗਿਆਨ ਵਿਭਾਗ ਵੱਲੋਂ 'ਲੋਕਤੰਤਰ ਵਿੱਚ ਨੌਜਵਾਨਾਂ ਦੀ ਭੂਮਿਕਾ' ਵਿਸ਼ੇ 'ਤੇ ਭਾਸ਼ਣ ਮੁਕਾਬਲੇ ਦਾ ਆਯੋਜਨ ਕੀਤਾ ਗਿਆ।

ਵਿਦਿਆਰਥੀਆਂ ਨੂੰ ਲੋਕਤੰਤਰੀ ਸਿਧਾਂਤਾਂ ਬਾਰੇ ਤੇ ਨੌਜਵਾਨਾਂ ਦੀ ਭੂਮਿਕਾ 'ਤੇ ਵਿਚਾਰ ਪ੍ਰਗਟ ਕਰਨ ਲਈ ਪ੍ਰੇਰਿਤ ਕੀਤਾ ਗਿਆ।ਮੁਕਾਬਲੇ ਵਿੱਚ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਤੇ ਨੌਜਵਾਨਾਂ ਦੀ ਭੂਮਿਕਾ, ਮੀਡੀਆ ਤੇ ਤਕਨਾਲੋਜੀ ਦਾ ਪ੍ਰਭਾਵ, ਜਨਤਾ ਦੇ ਹਿੱਤਾਂ, ਜਵਾਬਦੇਹੀ, ਸਮਾਨਤਾ ਨੂੰ ਉਤਸ਼ਾਹਤ ਕਰਨ ਤੇ ਗਲੋਬਲਾਈਜੇਸ਼ਨ ਦੇ ਪ੍ਰਭਾਵ ਵਰਗੇ ਗੰਭੀਰ ਵਿਸ਼ਿਆਂ 'ਤੇ ਵਿਚਾਰ ਸਾਂਝੇ ਕੀਤੇ।

ਵਿਭਾਗ ਇੰਚਾਰਜ ਰਮਨਦੀਪ ਕੌਰ ਨੇ ਵਿਦਿਆਰਥੀਆਂ ਨਾਲ ਸੰਵਾਦ ਕੀਤਾ ਤੇ ਆਪਣੇ ਵਿਚਾਰ ਸਾਂਝੇ ਕੀਤੇ।ਉਨ੍ਹਾਂ ਦੱਸਿਆ ਕਿ ਨੌਜਵਾਨ ਪੀੜ੍ਹੀ ਲੋਕਤੰਤਰਿਕ ਢਾਂਚੇ ਨੂੰ ਮਜ਼ਬੂਤ ਬਣਾਉਣ ਵਿੱਚ ਕਿਵੇਂ ਸਹਾਇਕ ਸਾਬਤ ਹੋ ਸਕਦੇ ਹਨ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਕਿਵੇਂ ਉਹ ਸਮਾਜ ਵਿੱਚ ਸਰਗਰਮ ਤੇ ਸਕਾਰਾਤਮਕ ਯੋਗਦਾਨ ਪਾ ਸਕਦੇ ਹਨ।ਡੀਨ ਅਕਾਦਮਿਕ ਮਾਮਲੇ ਡਾ. ਸੁਖਵਿੰਦਰ ਸਿੰਘ ਬਿਲਿੰਗ ਨੇ ਵਿਦਿਆਰਥੀਆਂ ਦੇ ਵਿਚਾਰਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਸਰਾਹਿਆ।

ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਭਾਗੀਦਾਰਾਂ ਅਤੇ ਆਯੋਜਕਾਂ ਨੂੰ ਇਸ ਪ੍ਰੇਰਣਾਤਮਕ ਸਮਾਰੋਹ ਨੂੰ ਸਫਲਤਾਪੂਰਵਕ ਆਯੋਜਤ ਕਰਨ ਲਈ ਮੁਬਾਰਕਬਾਦ ਦਿੱਤੀ।

## ਕਾਰ ਦੀ ਟੱਕਰ ਵੱਜਣ ਕਾਰਨ ਇੱਕ ਪ੍ਰਵਾਸੀ ਮਜ਼ਦੂਰ ਦੀ ਮੌਤ, ਦੋ ਜ਼ਖ਼ਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸਰਹਿੰਦ-ਮੰਡੀ ਗੋਬਿੰਦਗੜ੍ਹ ਜੀ.ਟੀ. ਰੋਡ 'ਤੇ ਸਥਿਤ ਪਿੰਡ ਅੰਬੇਮਾਜਰਾ ਨਜ਼ਦੀਕ ਵਾਪਰੇ ਸੜਕ ਹਾਦਸੇ 'ਚ ਇੱਕ ਪ੍ਰਵਾਸੀ ਮਜ਼ਦੂਰ ਦੀ ਮੌਤ ਹੋ ਜਾਣ ਅਤੇ ਦੋ ਦੇ ਜ਼ਖ਼ਮੀ ਹੋ ਜਾਣ ਦਾ ਸਮਾਚਾਰ ਹੈ।

ਜਾਣਕਾਰੀ ਅਨੁਸਾਰ ਲੱਲਨ (32) ਵਾਸੀ ਅਹਿਰੋਲੀ, ਜ਼ਿਲ੍ਹਾ ਕੁਸ਼ੀਨਗਰ (ਯੂ.ਪੀ.) ਹਾਲ ਕਿਰਾਏਦਾਰ ਗੁਰੂ ਕੀ ਨਗਰੀ ਮੰਡੀ ਗੋਬਿੰਦਗੜ੍ਹ ਆਪਣੇ ਸਾਥੀਆਂ ਦੀਪੂ ਤੇ ਬਾਬੂ ਲਾਲ ਦੇ ਨਾਲ ਕੰਮ ਤੋਂ ਪੈਦਲ ਘਰ ਨੂੰ ਜਾ ਰਿਹਾ ਸੀ ਤਾਂ ਅੰਬੇਮਾਜਰਾ ਮੇਨ ਹਾਈਵੇ 'ਤੇ ਸਰਹਿੰਦ ਵੱਲੋਂ ਤੇਜ਼ ਰਫ਼ਤਾਰ ਨਾਲ ਆ ਰਹੀ ਕਾਰ ਨੰਬਰ ਪੀ.ਬੀ.69.ਬੀ-2451 ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਲੱਲਨ, ਦੀਪੂ ਤੇ ਬਾਬੂ ਲਾਲ ਜ਼ਖ਼ਮੀ ਹੋ ਗਏ।ਇਸ ਹਾਦਸੇ 'ਚ ਗੰਭੀਰ ਸੱਟਾਂ ਲੱਗਣ ਕਾਰਨ ਲੱਲਨ ਦੀ ਮੌਤ ਹੋ ਗਈ।

ਮ੍ਰਿਤਕ ਦੇ ਭਰਾ ਦੇ ਬਿਆਨਾਂ 'ਤੇ ਕਾਰ ਦੇ ਨਾਮਾਲੂਮ ਚਾਲਕ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

# ਇਕ ਫਰਵਰੀ ਨੂੰ ਹੋਣ ਵਾਲੀ ਮਾਪੇ-ਅਧਿਆਪਕ ਮਿਲਣੀ ਦੀ ਮਿਤੀ ਤਬਦੀਲ ਕੀਤੀ ਜਾਵੇ : ਜੀ ਐੱਸ ਟੀ ਯੂ



**ਜਲਾਲਾਬਾਦ (ਰਣਬੀਰ ਕੌਰ ਢਾਬਾਂ)** ਐਸ.ਸੀ.ਈ.ਆਰ.ਟੀ. ਪੰਜਾਬ ਦੇ ਪੱਤਰ ਮੀਮੋ ਨੰ:-ਈ 491954/ 2025/ 6824 ਮਿਤੀ 8 ਜਨਵਰੀ 2025 ਦੇ ਅਨੁਸਾਰ 18 ਜਨਵਰੀ ਤੋਂ 30 ਜਨਵਰੀ ਤੱਕ ਜਮਾਤ ਪਹਿਲੀ ਤੋਂ ਜਮਾਤ 12ਵੀਂ ਤੱਕ ਪ੍ਰੀ-ਬੋਰਡ ਟਰਮ ਪ੍ਰੀਖਿਆ-2 ਦੀਆਂ ਪ੍ਰੀਖਿਆਵਾਂ ਲਈਆਂ ਜਾ ਰਹੀਆਂ ਹਨ ਅਤੇ ਇਸ ਪੱਤਰ ਅਨੁਸਾਰ ਮਿਤੀ1 ਫਰਵਰੀ 2025 ਨੂੰ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ ਕਰਵਾਉਣ ਦਾ ਹੁਕਮ ਜਾਰੀ ਕੀਤਾ ਗਿਆ ਹੈ। ਅਧਿਆਪਕਾਂ ਦੀ ਮੰਗ ਹੈ ਕਿ ਮਾਪੇ-ਅਧਿਆਪਕ ਮਿਲਣੀ ਦੀ ਮਿਤੀ ਤਬਦੀਲ ਕੀਤੀ ਜਾਵੇ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪਵਾਰੀ, ਕਾਰਜਕਾਰੀ ਜਨਰਲ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ, ਜਿੰਦਰ ਪਾਇਲਟ, ਵਿੱਤ ਸਕੱਤਰ ਨਵੀਨ ਸਚਦੇਵਾ, ਸੀਨੀਅਰ ਮੀਤ ਸਕੱਤਰ ਸੁਖਜਿੰਦਰ ਸਿੰਘ ਖਾਨਪੁਰ, ਐਡੀਸ਼ਨਲ ਜਨਰਲ ਸਕੱਤਰ ਬਾਜ ਸਿੰਘ ਭੁੱਲਰ, ਮੀਡੀਆ ਸਕੱਤਰ ਗੁਰਪ੍ਰੀਤ ਮਾੜੀਮੇਘਾ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਅਤੇ ਮੀਤ ਪ੍ਰਧਾਨ ਅਤੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਥਿੰਦ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਸ.ਸੀ.ਈ.ਆਰ.ਟੀ. ਪੰਜਾਬ ਦੇ ਪੱਤਰ ਮੀਮੋ ਨੰ:- ਈ 491954/ 2025/ 6824 ਮਿਤੀ 8 ਜਨਵਰੀ 2025 ਦੇ ਅਨੁਸਾਰ ਮਿਤੀ 18 ਜਨਵਰੀ ਤੋਂ 30 ਜਨਵਰੀ ਤੱਕ ਜਮਾਤ ਪਹਿਲੀ ਤੋਂ ਜਮਾਤ 12ਵੀਂ ਤੱਕ ਪ੍ਰੀ-ਬੋਰਡ ਟਰਮ ਪ੍ਰੀਖਿਆ-2 ਦੀਆਂ ਪ੍ਰੀਖਿਆਵਾਂ ਲਈਆਂ ਜਾ ਰਹੀਆਂ ਹਨ ਅਤੇ ਇਸ ਪੱਤਰ ਅਨੁਸਾਰ ਮਿਤੀ 01 ਫਰਵਰੀ 2025 ਨੂੰ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ ਕਰਵਾਉਣ ਦਾ ਹੁਕਮ ਜਾਰੀ ਕੀਤਾ ਗਿਆ ਹੈ। ਅਧਿਆਪਕਾਂ ਦੀ ਮੰਗ ਹੈ ਕਿ ਮਾਪੇ-ਅਧਿਆਪਕ ਮਿਲਣੀ ਦੀ ਮਿਤੀ ਤਬਦੀਲ ਕੀਤੀ ਜਾਵੇ। ਇਸ ਦਾ ਕਾਰਨ ਇਹ ਹੈ ਕਿ 30 ਜਨਵਰੀ ਤੱਕ ਪ੍ਰੀਖਿਆਵਾਂ ਚੱਲਣੀਆਂ ਹਨ, ਇਸ ਦੌਰਾਨ ਹੀ 29 ਜਨਵਰੀ ਤੋਂ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿੱਚ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਦੇ ਅਧਿਆਪਕ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕਰ ਦਿੱਤੇ ਗਏ ਹਨ। ਜਿਸ ਕਾਰਨ ਅੱਜ ਵੱਡੇ ਪੱਧਰ 'ਤੇ ਅਧਿਆਪਕ ਟ੍ਰੇਨਿੰਗ ਪ੍ਰੋਗਰਾਮ ਵਿੱਚ ਸ਼ਾਮਲ ਹਨ। ਜਿਸ ਨਾਲ ਸਕੂਲ ਵਿੱਚ ਵਿਦਿਆਰਥੀਆਂ ਦੇ ਅੱਜ ਹੋ ਰਹੇ ਪੇਪਰ ਵੀ ਪ੍ਰਭਾਵਿਤ ਹੋ ਚੁੱਕੇ ਹਨ। ਕਾਫੀ ਸਕੂਲ ਅਜਿਹੇ ਹਨ ਜਿੱਥੇ ਅਧਿਆਪਕਾਂ ਦੀ ਗਿਣਤੀ ਘੱਟ ਹੈ ਅਤੇ ਪੇਪਰ ਲੈਣ ਲਈ ਪੂਰੇ ਅਧਿਆਪਕ ਵੀ ਨਹੀਂ ਹਨ। ਇਹ ਟ੍ਰੇਨਿੰਗ ਪ੍ਰੋਗਰਾਮ 5 ਫਰਵਰੀ ਤੱਕ ਉਲੀਕੇ ਗਏ ਹਨ। ਪੇਪਰ ਅਧਿਆਪਕਾਂ ਦੁਆਰਾ ਹੀ ਚੈੱਕ ਵੀ ਕੀਤੇ ਜਾਣੇ ਹਨ ਅਤੇ ਨਤੀਜਾ ਵੀ ਤਿਆਰ ਕਰਨਾ ਹੈ ਅਤੇ ਪ੍ਰੀਖਿਆਵਾਂ ਖਤਮ ਹੋਣ ਤੋਂ ਅਗਲੇ ਹੀ ਦਿਨ ਮਾਪੇ-ਅਧਿਆਪਕ ਮਿਲਣੀ ਕਰਨਾ ਅਸੰਭਵ ਹੈ। ਇਸ ਲਈ ਇਸ ਸਭ ਕਾਰਜ ਲਈ ਸਮਾਂ ਜ਼ਰੂਰ ਦਿੱਤਾ ਜਾਵੇ ਅਤੇ ਇਸ ਲਈ ਮਾਪੇ-ਅਧਿਆਪਕ ਮਿਲਣੀ ਦਾ ਸਮਾਂ ਤਬਦੀਲ ਕੀਤਾ ਜਾਵੇ। ਇਸ ਸਮੇਂ ਉਪਰੋਕਤ ਆਗੂਆਂ ਤੋਂ ਇਲਾਵਾ ਹਰਮੀਤ ਸਜਰਾਣਾ, ਸਤਨਾਮ ਮਹਾਲਮ, ਸੁਮੀਤ ਸਿੰਘ, ਰਾਜ ਕੁਮਾਰ ਅਤੇ ਰਮੇਸ਼ ਚੰਦਰ ਆਦਿ ਹਾਜ਼ਰ ਸਨ।

30-Jan-PAGE--8.qxd 1/29/2025 9:14 PM Page 1



## ਮਨਰੇਗਾ ਵਰਕਰਜ਼ ਯੂਨੀਅਨ ਬਲਾਕ ਹਾਜੀਪੁਰ ਨੇ ਬੀ ਡੀ ਪੀ ਓ ਨੂੰ ਸੌਂਪਿਆ ਮੰਗ ਪੱਤਰ



**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**—ਮਨਰੇਗਾ ਵਰਕਰਜ਼ ਯੂਨੀਅਨ ਇਕਾਈ ਹਾਜੀਪੁਰ ਨੇ ਸਿਆਸੀ ਰੰਜਿਸ਼ ਤਹਿਤ ਮਨਰੇਗਾ ਮੇਟਾਂ ਨੂੰ ਕੰਮ ਤੋਂ ਹਟਾਉਣ ਦਾ ਸਖ਼ਤ ਵਿਰੋਧ ਕੀਤਾ ਹੈ। ਇਸ ਸਿਲਸਿਲੇ 'ਚ ਬਲਾਕ ਪ੍ਰਧਾਨ ਬਲਵਿੰਦਰ ਕੌਰ ਦੀ ਅਗਵਾਈ ਹੇਠ ਮਨਰੇਗਾ ਵਰਕਰਾਂ ਦੀ ਹੰਗਾਮੀ ਮੀਟਿੰਗ ਹੋਈ। ਮੀਟਿੰਗ 'ਚ ਜ਼ਿਲ੍ਹਾ ਪ੍ਰਧਾਨ ਪਰਮਜੀਤ ਕੌਰ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਜਨ ਸਕੱਤਰ ਧਰਮਿੰਦਰ ਸਿੰਘ 'ਸਿੰਬਲੀ' ਅਤੇ ਸੂਬਾ ਕੋਆਰਡੀਨੇਟਰ ਮਨਰੇਗਾ ਦੀਪਕ ਹੁਸ਼ਿਆਰਪੁਰ ਸ਼ਾਮਲ ਹੋਏ।ਮਨਰੇਗਾ ਮੇਟਾਂ ਅਤੇ ਵਰਕਰਾਂ ਨੂੰ ਦਰਪੇਸ਼ ਸਮਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ। ਉਪਰੰਤ ਨਵੀਆਂ ਪੰਚਾਇਤਾਂ ਬਣਨ ਦੇ ਬਾਵਜੂਦ ਜ਼ਿਆਦਾਤਰ ਪਿੰਡਾਂ 'ਚ ਵਿਕਾਸ ਕਾਰਜ ਸ਼ੁਰੂ ਨਾ ਹੋਣ 'ਤੇ ਮਗਨਰੇਗਾ ਵਰਕਰ ਵਿਹਲੇ ਹੋਣ 'ਤੇ ਇਤਰਾਜ਼ ਪ੍ਰਗਟ ਕੀਤਾ। ਮਨਰੇਗਾ ਮੇਟ ਅਨਿਤਾ ਰਾਣੀ, ਮੀਨਾ ਰਾਣੀ, ਮਮਤਾ ਰਾਣੀ, ਸੁਰਿੰਦਰ ਕੌਰ ਆਦਿ ਨੇ ਦਸਿਆ ਕਿ ਮਨਰੇਗਾ ਵਰਕਰ ਲੰਮੇ ਅਰਸੇ ਤੋਂ ਪਿੰਡਾਂ ਦੇ ਵਿਕਾਸ ਕਾਰਜਾਂ 'ਚ ਅਹਿਮ ਯੋਗਦਾਨ ਪਾ ਰਹੇ ਹਨ, ਪਰ ਬਾਵਜੂਦ ਇਸ ਦੇ ਮਗਨਰੇਗਾ ਐਕਟ 2005 ਤਹਿਤ ਵਰਕਰਾਂ ਨੂੰ ਸਾਲ 'ਚ ਘੱਟੋ ਘੱਟ 100 ਦਿਨ ਦਾ ਰੁਜ਼ਗਾਰ ਨਹੀਂ ਮਿਲ ਰਿਹਾ ਹੈ। ਐਕਟ ਮੁਤਾਬਕ ਕੰਮ ਵਾਲੀ ਥਾਂ 'ਤੇ ਫਸਟ ਏਡ ਕਿੱਟਾਂ ਉਪਲਬਧ ਨਹੀਂ ਹਨ, ਨਾ ਹੀ ਕੰਮ ਲਈ ਵਰਕਰਾਂ ਨੂੰ ਔਜ਼ਾਰ ਆਦਿ ਦਾ ਕੋਈ ਪ੍ਰਬੰਧ ਹੈ। ਵਰਕਰ ਆਪਣੇ ਖਰਚੇ 'ਤੇ ਔਜ਼ਾਰਾਂ ਦਾ ਪ੍ਰਬੰਧ ਕਰਦੇ ਹਨ। ਕੰਮ ਦੌਰਾਨ ਸੱਟ ਚੋਟ ਲੱਗਣ ਜਾਂ ਫਿਰ ਮੌਤ ਹੋਣ 'ਤੇ ਵਰਕਰਾਂ ਨੂੰ ਮੁਆਵਜੇ ਆਦਿ ਦੀ ਕੋਈ ਵਿਵਸਥਾ ਨਹੀਂ ਹੈ। ਪੰਚਾਇਤੀ ਚੋਣਾਂ ਕਾਰਨ ਪਿੰਡਾਂ ਵਿਚ ਪੈਦਾ ਹੋਈ ਧੜੇਬੰਦੀ ਦਾ ਸ਼ਿਕਾਰ ਮਗਨਰੇਗਾ ਮੇਟਾਂ ਨੂੰ ਬਣਾਇਆ ਜਾ ਰਿਹਾ ਹੈ, ਕਈ ਪਿੰਡਾਂ 'ਚ ਮੇਟਾਂ ਨੂੰ ਹਟਾਉਣ ਦੇ ਮਤੇ ਪਾਏ ਜਾ ਰਹੇ ਹਨ। ਸੂਬਾ ਕੋਆਰਡੀਨੇਟਰ ਦੀਪਕ ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨੌਜਵਾਨ ਪੰਜਾਬ ਦੇ ਸਕੱਤਰ ਧਰਮਿੰਦਰ ਸਿੰਘ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਪਿੰਡਾਂ ਦੇ ਸਮੁੱਚੇ ਵਿਕਾਸ ਕਾਰਜ ਮਗਨਰੇਗਾ ਯੋਜਨਾ ਅਧੀਨ ਕਰਵਾਉਣ ਦੀ ਮੰਗ ਕੀਤੀ। ਉਨ੍ਹਾਂ ਮਨਰੇਗਾ ਮੇਟਾਂ ਨੂੰ ਬਦਲਾਖੋਰੀ ਦੀ ਭਾਵਨਾ ਨਾਲ ਹਟਾਉਣ ਦੀ ਸ਼ਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ। ਸੂਬਾਈ ਆਗੂਆਂ ਨੇ ਮੇਟਾਂ ਖ਼ਿਲਾਫ਼ ਇੱਕਤਰਫ਼ਾ ਕਾਰਵਾਈ ਤੁਰੰਤ ਬੰਦ ਅਤੇ ਕੰਮ ਤੋਂ ਹਟਾਏ ਮੇਟਾਂ ਨੂੰ ਬਹਾਲ ਕਰਨ ਦੀ ਮੰਗ ਕੀਤੀ।

ਮਨਰੇਗਾ ਵਰਕਰਾਂ ਦਾ ਮੁਫ਼ਤ 'ਚ ਬੀਮਾ ਕਰਨ ਦੀ ਗੱਲ ਕਹੀ। ਉਕਤ ਮੰਗਾਂ ਨਾ ਮੰਨੇ ਜਾਣ 'ਤੇ ਸੰਘਰਸ਼ ਨੂੰ ਤੇਜ਼ ਕਰਨ ਦੀ ਚੇਤਾਵਨੀ ਦਿੱਤੀ। ਉਪਰੰਤ ਮਗਨਰੇਗਾ ਵਰਕਰਾਂ ਦੀਆਂ ਮੰਗ ਸਬੰਧੀ ਬੀਡੀਪੀਓ ਹਾਜੀਪੁਰ ਬਿਕਰਮ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ। ਬੀਡੀਪੀਓ ਹਾਜੀਪੁਰ ਨੇ ਆਪਣੇ ਅਧਿਕਾਰ ਖ਼ੇਤਰ ਅਧੀਨ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਲਾਗੂ ਕਰਵਾਉਣ ਅਤੇ ਮੇਟਾਂ ਨੂੰ ਸਿਆਸੀ ਬਦਲਾਖੋਰੀ ਤਹਿਤ ਨਾ ਹਟਾਉਣ ਦਾ ਭਰੋਸਾ ਦਿੱਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਵਿਜੈ ਕੁਮਾਰ ਸਿਪਰੀਆਂ, ਬਲਕਾਰ ਸਿੰਘ, ਅਨੀਤਾ ਰਾਣੀ, ਮਮਤਾ ਰਾਣੀ, ਆਸ਼ਾ ਰਾਣੀ, ਸੁਰਿੰਦਰ ਕੌਰ, ਜੰਤੀ ਦਗਨ, ਸ਼ਸ਼ੀ ਬਾਲਾ ਰੈਲੀ, ਮੀਨਾ ਸੈਣੀ ਸ਼ੇਖਮੱਤਾ ਆਦਿ ਹਾਜ਼ਰ ਸਨ।

## ਹਰ ਤਰ੍ਹਾਂ ਦੇ ਅਦਾਰਿਆਂ, ਸੰਸਥਾਵਾਂ ਤੇ ਦੁਕਾਨਾਂ ਦੇ ਬੋਰਡ ਪੰਜਾਬੀ ਭਾਸ਼ਾ 'ਚ ਲਿਖੇ ਜਾਣ : ਡਾ. ਦਰਸ਼ਨ ਕੌਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਨੂੰ ਪ੍ਰਫੁੱਲਿਤ ਕਰਨ ਦੇ ਯਤਨਾਂ ਦੀ ਲੜੀ ਤਹਿਤ ਪੰਜਾਬ ਰਾਜ ਦੇ ਸਮੂਹ ਸਰਕਾਰੀ, ਅਰਧ ਸਰਕਾਰੀ ਦਫ਼ਤਰਾਂ/ ਵਿਭਾਗਾਂ/ ਅਦਾਰਿਆਂ/ ਸੰਸਥਾਵਾਂ/ ਵਿੱਦਿਅਕ ਅਦਾਰਿਆਂ/ ਬੋਰਡਾਂ/ ਨਿਗਮਾਂ/ ਵਿੱਦਿਅਕ ਸੰਸਥਾਵਾਂ/ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ/ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ/ ਸੁਸਾਇਟੀ ਐਕਟ/ ਫੈਕਟਰੀ ਐਕਟ ਤਹਿਤ ਰਜਿਸਟਰਡ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਂਅ/ ਨਾਂਅ ਪੱਟੀਆਂ/ ਮੀਲ ਪੱਥਰ/ ਸਾਈਨ ਬੋਰਡ ਦੇ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿੱਚ ਲਿਖੇ ਜਾਣ ਦੇ ਹੁਕਮ ਜਾਰੀ ਕੀਤੇ ਗਏ ਸਨ। ਇਨ੍ਹਾਂ ਹਦਾਇਤਾਂ ਦੇ ਮੱਦੇਨਜ਼ਰ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਰਸ਼ਨ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬੋਰਡ ਲਿਖਨ ਸਮੇਂ ਸਭ ਤੋਂ ਪਹਿਲਾਂ ਉੱਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿੱਚ ਲਿਖਿਆ ਜਾਣਾ ਹੈ। ਜੇਕਰ ਕਿਸੇ ਹੋਰ ਭਾਸ਼ਾ ਵਿੱਚ ਬੋਰਡ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਤੋਂ ਹੇਠਾਂ ਦੂਜੀ ਭਾਸ਼ਾ ਵਿੱਚ ਲਿਖਿਆ ਜਾਵੇਗਾ। ਜ਼ਿਕਰਯੋਗ ਹੈ ਕਿ ਇਨ੍ਹਾਂ ਹਦਾਇਤਾਂ ਅਨੁਸਾਰ ਅਰਧ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ, ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਨੂੰ ਵੀ ਆਪੋ-ਆਪਣੇ ਸਾਈਨ ਬੋਰਡ ਪੰਜਾਬੀ ਭਾਸ਼ਾ ਵਿਚ ਲਿਖੇ ਜਾਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕਰਨ 'ਤੇ ਜੁਰਮਾਨਾ ਲਗਾਉਣ ਸੰਬੰਧੀ ਕਾਰਵਾਈ ਕੀਤੀ ਜਾਵੇਗੀ। ਬੋਰਡ ਲਿਖਣ ਸਮੇਂ ਪੰਜਾਬੀ ਸ਼ਬਦ-ਜੋੜਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਇਸ ਸਬੰਧੀ ਜੇਕਰ ਕਿਸੇ ਨੂੰ ਅਗਵਾਈ ਜਾਂ ਸਹਿਯੋਗ ਦੀ ਜ਼ਰੂਰਤ ਹੈ ਤਾਂ ਉਹ ਕਿਸੇ ਵੀ ਸਮੇਂ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਤੋਂ ਅਗਵਾਈ ਜਾਂ ਸਹਿਯੋਗ ਲੈ ਸਕਦਾ ਹੈ।

## ਅੰਬੇਡਕਰ ਦੇ ਬੁੱਤ ਨਾਲ ਛੇੜਛਾੜ ਕਰਨ ਵਿਰੁੱਧ ਸ਼ਹਿਰ ਰਿਹਾ ਮੁੰਕਮਲ ਬੰਦ



**ਮਹਿਤਪੁਰ (ਰਾਜਾ)**

ਅੰਮ੍ਰਿਤਸਰ ਵਿੱਚ ਬਾਬਾ ਸਾਹਿਬ ਡਾਕਟਰ ਭੀਮਰਾਓ ਅੰਬੇਡਕਰ ਦੇ ਬੁੱਤ ਨਾਲ ਛੇੜਛਾੜ ਵਿਰੁੱਧ ਡਾਕਟਰ ਭੀਮ ਰਾਓ ਅੰਬੇਡਕਰ ਸਭਾਵਾਂ, ਸਤਿਗੁਰੂ ਰਵਿਦਾਸ ਸਭਾਵਾਂ ਅਤੇ ਭਗਵਾਨ ਵਾਲਮੀਕਿ ਸਭਾ ਦੇ ਐਲਾਨ 'ਤੇ ਮਹਿਤਪੁਰ ਸ਼ਹਿਰ ਮੁੰਕਮਲ ਬੰਦ ਰਿਹਾ ।ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਪੂਰਾ ਸਮਰਥਨ ਕੀਤਾ।ਲੈਕਚਰਾਰ ਹਰਬੰਸ ਲਾਲ, ਕੌਂਸਲਰ ਕ੍ਰਾਂਤੀਜੀਤ ਸਿੰਘ, ਅਸ਼ਵਨੀ ਧਾਰੀਵਾਲ, ਦੀਪੂ ਪ੍ਰਧਾਨ,ਸਾਬੀ ਧਾਰੀਵਾਲ, ਨਰਿੰਦਰ ਸਿੰਘ ਗੋਰਾ,ਅਸ਼ਵਨੀ ਗਿੱਲ, ਕਾਮਰੇਡ ਸਤਪਾਲ ਸਹੋਤਾ,ਕਾਮਰੇਡ ਸਿਕੰਦਰ, ਮੰਗ ਭਲਵਾਨ, ਹਰਬੰਸ ਲਾਲ ਇਸਮਾਇਲਪੁਰ, ਕਸ਼ਮੀਰੀ ਲਾਲ, ਰਾਜ ਕੁਮਾਰ, ਬਾਬਾ ਸੁਖਦੇਵ ਸਿੰਘ, ਨਰੇਸ਼ ਕੁਮਾਰ, ਕਮਲ ਹੀਰ, ਕਿਸਾਨ ਆਗੂ ਨਰਿੰਦਰ ਸਿੰਘ ਉਧੋਵਾਲ, ਬਲਜੀਤ ਬੱਬੂ ਆਦਿ ਨੇ ਸੰਬੋਧਨ ਕਰਦੇ ਹੋਇਆ ਕਿਹਾ ਕਿ ਅੰਬੇਡਕਰ ਦੇ ਬੁੱਤ ਨਾਲ ਬੇਅਦਬੀ ਹੋਈ ਹੈ ਉਸ ਨੇ ਸਮੂਹ ਭਾਰਤ ਦੇ ਲੋਕਾਂ ਨੂੰ ਠੇਸ ਪਹੁੰਚਾਈ ਹੈ । ਅਸੀਂ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਕਤ ਵਿਅਕਤੀ ਖਿਲਾਫ ਐਨ ਐਸ ਏ ਲਗਾਇਆ ਜਾਵੇ । ਇਸ ਮੌਕੇ ਸੰਜੀਵ ਸੋਨੂੰ, ਸਰਪੰਚ ਹਨੀ ਰਾਮੂਵਾਲੀਆ, ਦੀਪਾ ਪ੍ਰਧਾਨ, ਮਨਿੰਦਰ ਸਹਿਗਲ, ਨਰੇਸ਼ ਕੁਮਾਰ, ਪ੍ਰਸ਼ੋਤਮ ਲਾਲ, ਨਿਰਮਲ ਕੁਮਾਰ, ਰਾਜ ਕੁਮਾਰ ਰੱਤੂ, ਚਰਨਜੀਤ ਰਾਮੂਵਾਲ, ਕਸ਼ਮੀਰ ਸਿੰਘ ਪਨੂੰ, ਕਮਲ ਚੌਹਾਨ, ਬਲਵੀਰ ਸਹੋਤਾ, ਸਰਪੰਚ ਮੰਗਤ ਰਾਮ, ਰਾਜਾ, ਸਾਬੀ ਅਕਬਰਪੁਰ, ਰਵਿੰਦਰ ਕੁਮਾਰ, ਰਵੀ ਹਰੀਪੁਰ, ਕਰਮਜੀਤ ਗੱਡੂ, ਯੋਗ ਰਾਜ, ਪਰਮਿੰਦਰ ਰੱਤੂ, ਪਵਨ ਕੁਮਾਰ ਆਦਿ ਹਾਜਰ ਸਨ ।

## ਨਗਰ ਕੀਰਤਨ/ ਸ਼ੋਭਾ ਯਾਤਰਾਵਾਂ 'ਚ ਨਹੀਂ ਸ਼ਾਮਲ ਹੋ ਸਕਣਗੇ ਬਹੁਤੇ ਸਕੂਲਾਂ ਦੇ ਬੱਚੇ

ਚੰਡੀਗੜ੍ਹ ( ਗੁਰਜੀਤ ਬਿੱਲਾ) ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਹਰ ਸਾਲ ਪੰਜਾਬ ਦੇ ਸਾਰੇ ਹੀ ਸਕੂਲਾਂ ਨੂੰ ਦੋ ਰਾਖਵੀਆਂ ਛੁੱਟੀਆਂ ਅਤੇ ਚਾਰ ਨਗਰ ਕੀਰਤਨ/ਸ਼ੋਭਾ ਯਾਤਰਾ ਵਿੱਚ ਸ਼ਾਮਿਲ ਹੋਣ ਲਈ ਅੱਧੇ ਦਿਨ ਦੀਆਂ ਛੁੱਟੀਆਂ ਦੀ ਆਪ ਚੋਣ ਕਰਕੇ ਈ ਪੰਜਾਬ ਪੋਰਟਲ ਉੱਤੇ ਅਪਡੇਟ ਕਰਨ ਦਾ ਅਧਿਕਾਰ ਹੁੰਦਾ ਹੈ।ਇਸ ਵਾਰ ਇਹ ਛੁੱਟੀਆਂ ਅਪਡੇਟ ਕਰਨ ਦੀ ਆਖਰੀ ਮਿਤੀ 15 ਜਨਵਰੀ 2025 ਸੀ, ਪ੍ਰੰਤੂ ਵਿਭਾਗ ਵੱਲੋਂ ਪੋਰਟਲ 'ਤੇ ਅੱਧੇ ਦਿਨ ਦੀਆਂ ਛੁੱਟੀਆਂ ਚੋਣ ਕਰਨ ਲਈ ਜਿਹੜੀ ਸੂਚੀ ਪਾਈ ਗਈ ਸੀ ਉਸ ਵਿੱਚ ਮਿਤੀਆਂ ਗੁਰਪੁਰਬ ਵਾਲ਼ੇ ਦਿਨਾਂ ਦੀਆਂ ਦਰਜ ਸਨ। ਜਦ ਕਿ ਉਸ ਤੋਂ ਇੱਕ ਦਿਨ ਪਹਿਲਾਂ ਵਾਲ਼ੇ ਦਿਨ ਦੀ ਅੱਧੇ ਦਿਨ ਦੀ ਛੁੱਟੀ ਲੱਗਦੀ ਹੈ, ਜਿਵੇਂ 12 ਫਰਵਰੀ ਨੂੰ ਗੁਰੂ ਰਵਿਦਾਸ ਜੀ ਦਾ ਅਵਤਾਰ ਪੁਰਬ ਆ ਰਿਹਾ ਹੈ ਤੇ ਅੱਧੇ ਦਿਨ ਦੀ ਛੁੱਟੀ ਚੁਣਨ ਲਈ ਮਿਤੀ ਵੀ 12 ਫਰਵਰੀ ਹੀ ਦਰਜ ਸੀ। ਜਦ ਕਿ ਇਹ 11 ਫਰਵਰੀ ਆਉਣੀ ਸੀ। ਇਸ ਸਮੱਸਿਆ ਬਾਰੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਦੋਂ ਐਮ ਆਈ ਐਸ ਬਲਾਕ ਕੋਆਰਡੀਨੇਟਰਾਂ ਅਤੇ ਜ਼ਿਲ੍ਹਾ ਕੋਆਰਡੀਨੇਟਰਾਂ ਨਾਲ਼ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਹੜਤਾਲ਼ ਹੋਣ ਕਾਰਨ ਕੋਈ ਵੀ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ। 15 ਜਨਵਰੀ ਨੂੰ ਵਿਭਾਗ ਵੱਲੋਂ ਪੋਰਟਲ ਤੇ ਆਪਣੀ ਗਲਤੀ ਨੂੰ ਸੁਧਾਰ ਲਿਆ ਗਿਆ ਅਤੇ ਤਰੀਕਾਂ ਸਹੀ ਕਰ ਦਿੱਤੀਆਂ ਗਈਆਂ ਪ੍ਰੰਤੂ ਅਨੇਕਾਂ ਸਕੂਲ ਪੋਰਟਲ ਦੀ ਧੀਮੀ ਗਤੀ ਕਾਰਨ/ ਸਮੇਂ ਸਿਰ ਸੂਚਨਾ ਨਾ ਮਿਲਣ ਕਾਰਨ ਛੁੱਟੀਆਂ ਅਪਡੇਟ ਨਹੀਂ ਕਰ ਸਕੇ ਅਤੇ ਉਸੇ ਦਿਨ ਹੀ ਪੋਰਟਲ ਬੰਦ ਕਰ ਦਿੱਤਾ ਗਿਆ। ਇਸ ਕਰਕੇ ਜੇਕਰ ਸਿੱਖਿਆ ਵਿਭਾਗ ਦੁਬਾਰਾ ਈ ਪੰਜਾਬ ਪੋਰਟਲ ਨਹੀਂ ਖੋਲ੍ਹਦਾ ਤਾਂ ਸਿੱਖਿਆ ਵਿਭਾਗ ਦੀ ਗਲਤੀ ਕਾਰਨ ਹੁਣ ਬੱਚੇ ਨਗਰ ਕੀਰਤਨ/ਸ਼ੋਭਾ ਯਾਤਰਾਵਾਂ ਵਿੱਚ ਸ਼ਾਮਿਲ ਨਹੀਂ ਹੋ ਸਕਣਗੇ। ਡੀ ਟੀ ਐੱਫ ਦੇ ਆਗੂਆਂ ਨੇ ਮੰਗ ਕੀਤੀ ਕਿ ਈ ਪੰਜਾਬ ਪੋਰਟਲ ਤੇ ਛੁੱਟੀਆਂ ਅਪਡੇਟ ਕਰਨ ਲਈ ਪੋਰਟਲ ਮੁੜ ਤੋਂ ਖੋਲ੍ਹਿਆ ਜਾਵੇ ਤਾਂ ਜੋ ਵੱਡੀ ਗਿਣਤੀ ਵਿੱਚ ਰਹਿੰਦੇ ਸਕੂਲ ਆਪਣੀਆਂ ਛੁੱਟੀਆਂ ਪੋਰਟਲ ਤੇ ਅਪਡੇਟ ਕਰ ਸਕਣ।

## 11 ਨੂੰ ਪੈਨਸ਼ਨਰ ਕਰਨਗੇ ਡੀ ਸੀ ਦਫਤਰ ਸਾਹਮਣੇ ਇੱਕ ਦਿਨ ਦੀ ਭੁੱਖ ਹੜਤਾਲ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਪੰਜਾਬ ਪੈਨਸਨਰ ਵੈਲਫੇਅਰ ਐਸੋਸੀਏਸ਼ਨ ਹੁਸ਼ਿਆਰਪੁਰ ਦੀ ਮੀਟਿੰਗ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਵਰਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੌਰਾਨ ਜਿਲ੍ਹੇ ਭਰ ਦੀਆਂ ਤਹਿਸੀਲਾਂ ਵਿੱਚੋਂ ਵੱਡੀ ਗਿਣਤੀ ਵਿੱਚ ਪੈਨਸ਼ਨਰ ਆਗੂ ਸ਼ਾਮਿਲ ਹੋਏ। ਮੀਟਿੰਗ ਦੇ ਸ਼ੁਰੂ ਵਿੱਚ ਵਿਛੋੜਾ ਦੇ ਚੁੱਕੇ ਪੈਨਸ਼ਨਰਾਂ ਦੀ ਆਤਮਾ ਦੀ ਸਾਂਤੀ ਲਈ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਬਲਵੀਰ ਸਿੰਘ ਸੈਣੀ ਪ੍ਰੈਸ ਸਕੱਤਰ ਨੇ ਦੱਸਿਆ ਕਿ ਮੀਟਿੰਗ ਦੇ ਸ਼ੁਰੂ ਵਿੱਚ ਮੀਤ ਪ੍ਰਧਾਨ ਸੂਰਜ ਪ੍ਰਕਾਸ਼ ਨੇ ਪੰਜਾਬ ਪੱਧਰ 'ਤੇ ਕੁਝ ਪੈਨਸ਼ਨਰਾਂ ਵੱਲੋਂ ਅਦਾਲਤਾਂ ਵਿੱਚ ਕੀਤੀਆਂ ਜਾ ਰਹੀਆਂ ਰਿਟਾਂ ਦੇ ਸਬੰਧ ਵਿੱਚ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਜ਼ਿਲ੍ਹੇ ਦੇ ਨਵੇਂ ਚੁਣੇ ਗਏ ਜਨਰਲ ਸਕੱਤਰ ਮਨਜੀਤ ਸਿੰਘ ਸੈਣੀ ਨੇ ਮੀਟਿੰਗ ਦੀ ਕਾਰਵਾਈ ਅੱਗੇ ਚਲਾਉਂਦਿਆਂ ਤਹਸੀਲਾਂ ਦੀਆਂ ਚੁਣੀਆਂ ਗਈਆਂ ਤਹਿਸੀਲ ਕਮੇਟੀਆਂ ਅਤੇ ਜ਼ਿਲ੍ਹਾ ਕਮੇਟੀ ਦੇ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਅਤੇ ਪੈਨਸ਼ਨਾਂ ਦੀਆਂ ਮੰਗਾਂ 'ਤੇ ਪਹਿਰਾ ਦੇ ਕੇ ਜਥੇਬੰਦੀ ਨੂੰ ਮਜਬੂਤ ਕਰਨ ਲਈ ਸਹਿਯੋਗ ਦੇਣ ਦੀ ਮੰਗ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਵੀਰ ਸਿੰਘ ਸੈਣੀ ਜ਼ਿਲ੍ਹਾ ਪ੍ਰੈੱਸ ਸਕੱਤਰ, ਓਮ ਸਿੰਘ ਸਟਿਆਣਾ, ਬਾਬੂ ਰਾਮ ਸਾਬਕਾ ਪ੍ਰਧਾਨ ਦਸੂਹਾ, ਸੁਰਿੰਦਰ ਕੁਮਾਰ ਪ੍ਰਧਾਨ ਮੁਕੇਰੀਆਂ, ਮਲਕੀਤ ਸਿੰਘ ਪ੍ਰਧਾਨ ਮਾਹਲਪੁਰ, ਦਲਬੀਰ ਸਿੰਘ ਭੁੱਲਰ ਪ੍ਰਧਾਨ ਦਸੂਹਾ, ਸਮਸੇਰ ਸਿੰਘ ਧਾਮੀ ਪ੍ਰਧਾਨ ਤਹਿਸੀਲ ਹੁਸ਼ਿਆਰਪੁਰ, ਗਿਆਨ ਸਿੰਘ ਗੁਪਤਾ ਪ੍ਰਧਾਨ ਤਲਵਾੜਾ, ਕਿਰਪਾਲ ਸਿੰਘ ਸਰਪ੍ਰਸਤ ਜ਼ਿਲ੍ਹਾ ਹੁਸ਼ਿਆਰਪੁਰ, ਸਰੂਪ ਚੰਦ ਪ੍ਰਧਾਨ ਗੜ੍ਹਸ਼ੰਕਰ ਨੇ ਪੰਜਾਬ ਸਰਕਾਰ ਦੀਆਂ ਪੈਨਸ਼ਨ ਵਿਰੋਧੀ ਮਾਰੂ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਪੈਨਸ਼ਨਰਾਂ ਤੇ ਮੁਲਾਜਮਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦੀ ਵਚਨਬੱਧਤਾ ਕੀਤੀ ਸੀ ਪਰ ਤਿੰਨ ਸਾਲ ਦਾ ਸਮਾਂ ਬੀਤ ਜਾਣ 'ਤੇ ਵੀ ਪੈਨਸ਼ਨਾਂ ਤੇ ਮੁਲਾਜਮਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦੀ ਬਜਾਏ ਲਾਰੇ ਲੱਪੇ ਲਾ ਕੇ ਡੰਗ ਟਪਾਈ ਕੀਤੀ ਜਾ ਰਹੀ ਹੈ ਜਿਸ ਕਰਕੇ ਪੈਨਸਨਾਂ ਵਿੱਚ ਵੱਡੇ ਪੱਧਰ ਤੇ ਰੋਸ ਪਾਇਆ ਜਾ ਰਿਹਾ ਹੈ।

ਉਹਨਾਂ ਦੱਸਿਆ ਕਿ 11 ਫਰਵਰੀ ਨੂੰ ਸਵੇਰੇ 10 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਡੀ ਸੀ ਦਫਤਰ ਹੁਸ਼ਿਆਰਪੁਰ ਵਿਖੇ ਇੱਕ ਦਿਨ ਦੀ ਭੁੱਖ ਹੜਤਾਲ ਕੀਤੀ ਜਾਵੇਗੀ। ਇਸ ਦਿਨ 12 ਵਜੇ ਦੁਪਹਿਰ ਰੋਸ ਰੈਲੀ ਕਰਕੇ ਡੀਸੀ ਨੂੰ ਮੰਗ ਪੱਤਰ ਵੀ ਦਿੱਤਾ ਜਾਵੇਗਾ। ਮੀਟਿੰਗ ਦੀ ਸਮੁੱਚੀ ਕਾਰਵਾਈ ਜਨਰਲ ਸਕੱਤਰ ਮਨਜੀਤ ਸਿੰਘ ਸੈਣੀ ਵੱਲੋਂ ਬਾਖੂਬੀ ਨਿਭਾਈ ਗਈ।

## ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ 12.66 ਕਰੋੜ ਰੁਪਏ ਦੀ ਰਾਸ਼ੀ ਜਾਰੀ : ਡਾ.ਬਲਜੀਤ ਕੌਰ



ਚੰਡੀਗੜ੍ਹ (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਵਚਨਬੱਧ ਹੈ। ਇਹ ਪ੍ਰਗਟਾਵਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਰ੍ਹੇ ਦੌਰਾਨ 12.66 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਜਿਲ੍ਹਾ ਬਰਨਾਲਾ, ਫਰੀਦਕੋਟ, ਫਿਰੋਜਪੁਰ, ਫਤਿਹਗੜ੍ਹ ਸਾਹਿਬ, ਫਾਜਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਮਾਨਸਾ, ਪਟਿਆਲਾ, ਰੂਪਨਗਰ, ਐਸ.ਏ.ਐਸ ਨਗਰ, ਸੰਗਰੂਰ, ਮਾਲੇਰਕੋਟਲਾ ਅਤੇ ਤਰਨਤਾਰਨ ਦੇ ਸਾਲ 2023-24 ਅਤੇ ਸਾਲ 2024-25 ਦੇ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜੋਰ ਵਰਗਾਂ ਦੇ ਲਾਭਪਾਤਰੀਆਂ ਦੀਆਂ ਪੈਂਡਿੰਗ ਦਰਖਾਸਤਾਂ ਜੋ ਕਿ ਸਾਲ 2024-25 ਦੌਰਾਨ ਅਸੀਰਵਾਦ ਪੋਰਟਲ ਤੇ ਪ੍ਰਾਪਤ ਹੋਈਆਂ, ਦੇ ਲਾਭਪਾਤਰੀਆਂ ਨੂੰ 12.66 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਇਸ ਰਾਸ਼ੀ ਦੇ ਰਲੀਜ਼ ਹੋਣ ਨਾਲ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ 2483 ਲਾਭਪਾਤਰੀਆਂ ਨੂੰ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸ ਰਾਸ਼ੀ ਰਾਹੀਂ ਜ਼ਿਲ੍ਹਾ ਬਰਨਾਲਾ ਦੇ 45, ਫਰੀਦਕੋਟ ਦੇ 19, ਫਿਰੋਜਪੁਰ ਦੇ 198, ਫਤਿਹਗੜ੍ਹ ਸਾਹਿਬ ਦੇ 82, ਫਾਜਿਲਕਾ ਦੇ 175, ਗੁਰਦਾਸਪੁਰ ਦੇ 656, ਹੁਸ਼ਿਆਰਪੁਰ ਦੇ 277, ਜਲੰਧਰ ਦੇ 34, ਮਾਨਸਾ ਦੇ 102, ਪਟਿਆਲਾ ਦੇ 144, ਰੂਪਨਗਰ ਦੇ 5 , ਐਸ.ਏ.ਐਸ ਨਗਰ 3, ਸੰਗਰੂਰ ਦੇ 38, ਮਲੇਰਕੋਟਲਾ ਦੇ 60 ਅਤੇ ਤਰਨਤਾਰਨ ਦੇ 645 ਲਾਭਪਾਤਰੀਆਂ ਨੂੰ ਲਾਭ ਮਿਲੇਗਾ।

## ਡਾਕਟਰ ਭੀਮ ਰਾਓ ਦੀ ਮੂਰਤੀ ਨੂੰ ਖੰਡਿਤ ਕਰਨਾ ਮੰਦਭਾਗੀ ਘਟਨਾ : ਇੰਜ ਹਰਿੰਦਰ ਸਿੰਘ



**ਆਦਮਪੁਰ (ਪਰਮਜੀਤ ਸਿੰਘ)**:- ਜਿਥੇ 26 ਜਨਵਰੀ ਨੂੰ ਸਾਰਾ ਭਾਰਤ 76ਵਾਂ ਗਣਤੰਤਰ ਦਿਵਸ ਮਨਾ ਰਿਹਾ ਸੀ , ਉਥੇ ਹੀ ਅੰਮ੍ਰਿਤਸਰ ਸ਼ਹਿਰ ਵਿੱਚ ਇਕ ਅਣਸੁਖਾਵੀਂ ਘਟਨਾ ਵਾਪਰਦੀ ਹੈ । ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਨੂੰ ਖੰਡਿਤ ਕਰਨ ਦੀ ਕੋਸ਼ਿਸ਼ ਕੀਤੀ ਗਈ । ਇਸ ਅਣਸੁਖਾਵੀਂ ਘਟਨਾ ਨੂੰ ਅੰਜਾਮ ਦੇਣ ਵਾਲੇ ਸਖ਼ਸ਼ ਨੇ ਪਹਿਲਾਂ ਸੰਵਿਧਾਨ ਦੀ ਕਾਪੀ ਨੂੰ ਅੱਗ ਲਗਾਈ ,ਫਿਰ ਬਾਬਾ ਸਾਹਿਬ ਦੀ ਮੂਰਤੀ ਉਪਰ ਹਥੌੜੇ ਨਾਲ ਵਾਰ ਕੀਤੇ। ਇਸ ਦਰਮਿਆਨ ਹੀ ਆਲੇ ਦੁਆਲੇ ਦੇ ਲੋਕਾਂ ਨੇ ਇਸ ਨੂੰ ਰੋਕਿਆ ਅਤੇ ਫੜ ਕੇ ਪੁਲਸ ਹਵਾਲੇ ਕੀਤਾ। ਪੁਲਸ ਵੱਲੋਂ ਵੀ ਬਿਆਨ ਆਇਆ ਹੈ ਕਿ ਪੂਰੀ ਤਫਤੀਸ਼ ਕੀਤੀ ਜਾ ਰਹੀ ਹੈ, ਮੁਲਜ਼ਮ ਉਪਰ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ ।ਮੁੱਖ ਭਗਵੰਤ ਸਿੰਘ ਮਾਨ ਵੱਲੋਂ ਵੀ ਇਸ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ । ਇਨ੍ਹਾਂ ਘਟਨਾਵਾਂ ਦੇ ਪਿੱਛੇ ਕੀ ਮੰਤਵ ਹੈ , ਇਸ ਨੂੰ ਸਮਝਣ ਦੀ ਲੋੜ ਹੈ। ਕੀ ਇਹ ਪੰਜਾਬ ਨੂੰ ਅਸਥਿਰ ਕਰਨਾ ਚਾਹੁੰਦੇ ਹਨ, ਕੀ ਜਾਤ ਪਾਤ ਵਾਲੀ ਭਾਵਨਾਵਾਂ ਨੂੰ ਭੜਕਾ ਕੇ ਪੰਜਾਬ ਦੀ ਭਾਈਚਾਰਕ ਸਾਂਝ ਵਿੱਚ ਤਰੇੜਾਂ ਪਾਉਣਾ ਚਾਹੁੰਦੇ ਹਨ ? ਮੇਰਾ ਮੰਨਣਾ ਹੈ ਕਿ ਇਨ੍ਹਾਂ ਪਿਛੇ ਜੋ ਵੀ ਲੋਕ ਹਨ, ਉਹ ਇਹ ਸਮਝ ਲੈਣ ਕਿ ਇਨ੍ਹਾਂ ਹਰਕਤਾਂ ਕਰਕੇ ਉਨ੍ਹਾਂ ਨੂੰ ਕੁੱਝ ਵੀ ਹਾਸਲ ਨਹੀਂ ਹੋਣਾ। ਇਹ ਗੁਰੂ ਪੀਰਾਂ ਦੀ ਧਰਤੀ ਹੈ , ਇਥੇ ਬਾਬੇ ਨਾਨਕ ਨੇ ਹਰ ਧਰਮ ਦਾ ਸਤਿਕਾਰ ਕਰਨ ਦਾ ਉਪਦੇਸ਼ ਦਿੱਤਾ ਹੈ । ਇੰਝ ਦੀਆਂ ਘਟਨਾਵਾਂ ਦੀ ਘੋਰ ਨਿੰਦਾ ਕੀਤੀ ਵੀ ਜਾ ਰਹੀ ਹੈ। ਸਭਨਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਰੋਸ ਵਿੱਚ ਆ ਕੇ ਭੜਕਣਾ ਨਹੀਂ ਚਾਹੀਦਾ ਹੈ । ਬਾਬਾ ਸਾਹਬ ਜੀ ਦਾ ਵੀ ਇਹ ਮਨਣਾ ਸੀ ਕਿ "ਕਿਸੇ ਦੇ ਸਰੀਰ ਨੂੰ ਮਾਰ ਸਕਦੇ ਹੋ, ਉਸ ਦੇ ਵਿਚਾਰਾਂ ਨੂੰ ਨਹੀਂ" । ਸੋ ਮੂਰਤੀ ਤੋੜਨ ਦੀ ਕੋਸ਼ਿਸ਼ ਕਰਨ ਵਾਲੇ ਇਹ ਸਮਝ ਲੈਣ ਕਿ, ਬਾਬਾ ਸਾਹੇਬ ਦੀ ਜੋ ਭਾਰਤ ਨੂੰ ਦੇਣ ਹੈ , ਜੋ ਦਲਿਤ ਸਮਾਜ ਨੂੰ ਦੇਣ ਹੈ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਕਦੇ ਵੀ ਖੰਡਿਤ ਨਹੀਂ ਕੀਤਾ ਜਾ ਸਕਦਾ ਹੈ । ਪੰਜਾਬ ਅਤੇ ਪੰਜਾਬੀ ਆਪਸੀ ਸਾਂਝ ਕਦੇ ਨਹੀਂ ਤੋੜਨਗੇ ।

## ਦਿਮਾਗ ਦੇ ਦੌਰੇ ਨੂੰ ਅਣਦੇਖਿਆ ਕਰਨਾ ਹੋ ਸਕਦਾ ਹੈ ਘਾਤਕ : ਡਾ. ਸੰਦੀਪ ਸ਼ਰਮਾ



**ਮੋਹਾਲੀ (ਗੁਰਜੀਤ ਬਿੱਲਾ)**: ਸਥਾਨਕ ਗ੍ਰੇਸ਼ੀਅਨ ਪਾਰਕ ਹਸਪਤਾਲ ਦੇ ਦਿਮਾਗੀ ਰੋਗ ਮਾਹਿਰ ਡਾ. ਸੰਦੀਪ ਸ਼ਰਮਾ ਨੇ ਕਿਹਾ ਕਿ ਮਕੈਨੀਕਲ ਥਰਮੇਕਟੌਮੀ ਤਕਨੀਕ ਦਿਮਾਗ ਦੇ ਦੌਰੇ ਲਈ ਕਾਫ਼ੀ ਲਾਹੇਬੰਦ ਸਾਬਿਤ ਹੋ ਰਹੀ ਹੈ। ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਦਿਮਾਗ ਨਾਲ ਜੁੜੀ ਕਿਸੇ ਵੀ ਸਮੱਸਿਆ ਨੂੰ ਨਜ਼ਰਅੰਦਾਜ਼ ਕਰਨਾ ਘਾਤਕ ਸਾਬਿਤ ਹੋ ਸਕਦਾ ਹੈ। ਅਜਿਹਾ ਕਰਨ ਨਾਲ ਅਧਰੰਗ ਵਰਗੀ ਬਿਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅੱਜ ਪ੍ਰਸਿੱਧ ਇੰਟਰਵੈਂਸਨਲ ਰੇਡੀਓਲੋਜਿਸਟ ਡਾ: ਸੰਦੀਪ ਸਰਮਾ ਦੀ ਅਗਵਾਈ ਵਿੱਚ ਹਸਪਤਾਲ ਵਿੱਚ ਆਈਆਰ ਸੁਵਿਧਾਵਾਂ ਦੇ ਸਹਿਯੋਗ ਨਾਲ ਇੱਕ ਵਿਸੇਸ ਪੋਸਟ-ਆਪਰੇਟਿਵ ਫਾਲੋ-ਅੱਪ ਪ੍ਰੋਗ੍ਰਾਮ ਦਾ ਆਯੋਜਨ ਕੀਤਾ ਗਿਆ ਉਨ੍ਹਾਂ ਕਿਹਾ ਕਿ ਆਧੁਨਿਕ ਤਕਨੀਕਾਂ ਦੀ ਬਦੌਲਤ ਦਿਮਾਗੀ ਦੌਰੇ ਦੇ ਮਰੀਜ਼ ਠੀਕ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਮਕੈਨੀਕਲ ਥ੍ਰੋਮਬੈਕਟੋਮੀ ਦਿਮਾਗ ਦੇ ਦੌਰੇ ਸਮੇਤ ਹੋਰ ਅਨੇਕਾਂ ਸਮੱਸਿਆਵਾਂ ਦੇ ਇਲਾਜ਼ ਲਈ ਕਾਫ਼ੀ ਪ੍ਰਭਾਵਸ਼ਾਲੀ ਹੈ। ਉਨ੍ਹਾਂ ਕਿਹਾ ਕਿ ਦਿਮਾਗੀ ਰੋਗਾਂ ਨਾਲ ਜੁੜੇ ਮਾਮਲੇ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਬਲਕਿ ਸਮੇਂ ਸਿਰ ਇਸ ਦੀ ਜਾਂਚ ਕਰਵਾ ਕੇ ਬਿਮਾਰੀ ਦੀ ਅਸਲ ਸਥਿਤੀ ਦਾ ਪਤਾ ਲਗਾਉਣਾ ਚਾਹੀਦਾ ਹੈ ਡਾ. ਸੰਦੀਪ ਸ਼ਰਮਾ ਨੇ ਕਿਹਾ ਕਿ ਇਸ ਨਵੀਂ ਤਕਨੀਕ ਨਾਲ ਸ਼ਰੀਰ ਵਿੱਚ ਕੋਈ ਕੱਟ ਨਹੀਂ ਲਗਾਉਣਾ ਪੈਂਦਾ। ਉਨ੍ਹਾਂ ਦੱਸਿਆ ਕਿ ਇਹ ਵਿਧੀ ਕਾਫ਼ੀ ਕਿਫ਼ਾਇਤੀ ਸਾਬਿਤ ਹੋ ਰਹੀ ਹੈ ਉਨ੍ਹਾਂ ਕਿਹਾ ਕਿ ਇਸ ਤਕਨੀਕ ਨਾਲ ਦਿਮਾਗ ਦੇ ਕਿਸੇ ਵੀ ਹਿੱਸੇ ਵਿੱਚ ਡਿਵਾਇਸ ਸਥਾਪਿਤ ਕੀਤੀ ਜਾ ਸਕਦੀ ਹੈ। ਜਿਸ ਸਦਕਾ ਬੰਦ ਹੋਈ ਨਾੜੀ ਨੂੰ ਖੋਲਿਆ ਜਾ ਸਕਦਾ ਹੈ। ਜਿਸ ਦੀ ਬਦੌਲਤ ਅਧਰੰਗ ਦੇ ਦੌਰੇ ਤੋਂ ਬਚਾਅ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਨਾੜੀ ਫਟਣ ਦੀ ਸਥਿਤੀ ਨੂੰ ਵੀ ਇਸ ਤਕਨੀਕ ਸਦਕਾ ਕੰਟਰੌਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਦੇ ਅਨੇਕਾਂ ਹੀ ਮਰੀਜ਼ ਇਸ ਵਿਧੀ ਦੇ ਕਾਰਨ ਠੀਕ ਹੋ ਚੁੱਕੇ ਹਨ।

## ਗ੍ਰਾਮ ਪੰਚਾਇਤ ਰੱਕੜਾਂ ਢਾਹਾ ਤੇ ਪਿੰਡ ਵਾਸੀਆਂ ਵੱਲੋਂ ਐਨ ਆਰ ਆਈਜ਼ ਦਾ ਸਨਮਾਨ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** -ਗ੍ਰਾਮ ਪੰਚਾਇਤ ਰੱਕੜਾਂ ਢਾਹਾ ਅਤੇ ਪਿੰਡ ਵਾਸੀਆਂ ਵਲੋਂ ਆਪਣੇ ਪਿੰਡ ਦੇ ਐਨ ਆਰ ਆਈਜ਼ ਦਾ ਇੱਕ ਸੰਖੇਪ ਸਮਾਗਮ ਵਿੱਚ ਸਨਮਾਨ ਕੀਤਾ ਗਿਆ। ਮਾਸਟਰ ਪ੍ਰੇਮ ਰੱਕੜ ਸਰਪੰਚ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਵਲੋਂ ਸਮਾਗਮ ਵਿੱਚ ਸ਼ਾਮਲ ਐਨ ਆਰ ਆਈਜ਼ ਦਾ ਸਵਾਗਤ ਕੀਤਾ ਗਿਆ। ਕਸ਼ਮੀਰ ਸਿੰਘ ਸਾਬਕਾ ਆਈ ਐਫ ਐਸ ਨੇ ਭਵਿੱਖ ਵਿੱਚ ਪਿੰਡ ਦੇ ਵਿਕਾਸ ਦੀ ਰੂਪ ਰੇਖਾ ਦਾ ਵਰਨਨ ਕੀਤਾ। ਭਾਗ ਸਿੰਘ ਰੱਕੜ ਐਨ ਆਰ ਆਈਜ਼ ਵਲੋਂ ਐਨ ਆਰ ਆਈਜ਼ ਨੂੰ ਸਨਮਾਨਿਤ ਕਰਨ ਦੇ ਯਤਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕਿਸੇ ਪੰਚਾਇਤ ਵਲੋਂ ਇਹ ਉੱਦਮ ਕੀਤਾ ਗਿਆ ਹੈ।ਮਾਸਟਰ ਦਿਲਠਾਰ ਸਿੰਘ ਵਲੋਂ ਐਨ ਆਰ ਆਈਜ਼ ਦਾ ਸਵਾਗਤ ਕੀਤਾ ਗਿਆ। ਜਥੇਦਾਰ ਗਿਆਨੀ ਕੇਵਲ ਸਿੰਘ ਨੇ ਪਿੰਡ ਦੀ ਨੁਹਾਰ ਬਦਲਣ ਦੀ ਪਿੰਡ ਵਾਸੀਆਂ ਨੂੰ ਅਪੀਲ ਕੀਤੀ।

ਦਵਿੰਦਰ ਸਿੰਘ ਰੱਕੜ ਐਨ ਆਰ ਆਈਜ਼ ਵਲੋਂ ਪਿੰਡ ਵਾਸੀਆਂ ਨੂੰ ਪਿੰਡ ਦੇ ਵਿਕਾਸ ਲਈ ਹਰ ਸਹਾਇਤਾ ਕਰਨ ਦਾ ਭਰੋਸਾ ਦਿੱਤਾ ਗਿਆ। ਸਮਾਗਮ ਵਿੱਚ ਐਨ ਆਰ ਆਈਜ਼ ਦਵਿੰਦਰ ਸਿੰਘ ਯੂ ਕੇ ਜਰਨੈਲ ਸਿੰਘ ਰੱਕੜ ਯੂ ਐਸ ਏ,ਦਾਰਾ ਸਿੰਘ ਯੂ ਐਸ ਏ, ਕੁਲਦੀਪ ਸਿੰਘ ਰੱਕੜ ਯੂ ਐਸ ਏ,ਅਵਤਾਰ ਸਿੰਘ ਦਾਰੀ, ਬਲਵਿੰਦਰ ਸਿੰਘ ਗ੍ਰੀਸ,ਜਸਕਰਨ ਸਿੰਘ,ਨਵੀ ਕੈਨੇਡਾ, ਹਰਦੀਪ ਸਿੰਘ ਅਸਟ੍ਰੇਲੀਆ ਆਦਿ ਸ਼ਾਮਲ ਸਨ। ਪਿੰਡ ਦੇ ਪਤਵੰਤਿਆਂ ਵਿੱਚ ਨੰਬਰਦਾਰ ਗੁਰਸੈਲ ਸਿੰਘ ਜਥੇਦਾਰ ਗਿਆਨੀ ਕੇਵਲ ਸਿੰਘ, ਸੁਖਦੇਵ ਸਿੰਘ, ਸੂਬੇਦਾਰ ਸਤਨਾਮ ਸਿੰਘ,ਕੈਪਟਨ ਬਹਾਦਰ ਸਿੰਘ, ਬਲਵਿੰਦਰ ਸਿੰਘ ਸਾਬਕਾ ਪੰਚ,ਹਰਭਜਨ ਸਿੰਘ ਦੇਈ,ਬਲਦੇਵ ਰਾਜ ਸ਼ਾਸਤਰੀ, ਪੰਚਾਇਤ ਮੈਂਬਰ, ਪਰਮਿੰਦਰ ਸਿੰਘ,ਅੰਜਲ ਕੁਮਾਰ ਨਈਅਰ, ਰਾਜ਼ ਕੁਮਾਰੀ, ਸੰਦੀਪ ਕੌਰ, ਰਾਜਵਿੰਦਰ ਕੌਰ, ਕੁਲਵਿੰਦਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਹਾਜਰ ਸਨ।

## ਦੁਕਾਨਾਂ ਤੇ ਬਜ਼ਾਰ ਬੰਦ ਰਹੇ



ਬਸਤੀ ਸ਼ੇਖ (ਜਲੰਧਰ)-(ਲਖਵਿੰਦਰ ਸਿੰਘ) ਡਾਕਟਰ ਭੀਮ ਰਾਓ ਅੰਬੇਡਕਰ ਸੁਸਾਇਟੀ ਅੱਡਾ ਬਸਤੀ ਦਾਨਿਸ਼ਮੰਦਾਂ ਵੱਲੋਂ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਤੋੜਨ ਵਾਲੇ ਖਿਲਾਫ ਸਖਤ ਕਾਰਵਾਈ ਕਰਨ ਲਈ ਡਾਕਟਰ ਭੀਮ ਰਾਓ ਅੰਬੇਡਕਰ ਸੁਸਾਇਟੀ ਅੱਡਾ ਬਸਤੀ ਦਾਨਿਸ਼ਮੰਦਾਂ ਵਿਖੇ ਧਰਨਾ ਲਾਇਆ ਗਿਆ।ਪ੍ਰਧਾਨ ਧਰਮਪਾਲ ਬਿੱਲਾ ਨੇ ਕਿਹਾ ਕਿ ਬਾਬਾ ਸਾਹਿਬ ਦੇ ਬੁੱਤ ਨੂੰ ਤੋੜਨ ਵਾਲੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਅੱਗੇ ਤੋਂ ਹੋਰ ਕੋਈ ਇਹੋ ਜਿਹੀ ਹਰਕਤ ਨਾ ਕਰੇ। ਇਸ ਮੌਕੇ 'ਤੇ ਪੱਪੀ ਕੇਵਲ ਤਾਰਵਾਲਾ, ਪ੍ਰੀਤਮ ਸਿੰਘ ਕਲਸੀ, ਰਕੇਸ਼ ਕੁਮਾਰ ਕਲਸੀ, ਅਜੇ ਕੁਮਾਰ ਆਦਿ ਮੈਂਬਰ ਹਜ਼ਾਰ ਸਨ। ਬੰਦ ਦੇ ਸੱਦੇ 'ਤੇ ਬਸਤੀ ਦਾਨਿਸ਼ਮੰਦਾਂ, ਬਸਤੀ ਸ਼ੇਖ, ਬਸਤੀ ਨੌਂ, ਬਸਤੀ ਗੁਜਾ ਦੀਆਂ ਦੁਕਾਨਾਂ ਤੇ ਬਜ਼ਾਰ ਬੰਦ ਰਹੇ।

## ਅੰਬੇਡਕਰ ਦਾ ਬੁੱਤ ਤੋੜਨ ਦੀ ਸਖਤ ਨਿਖੇਧੀ

ਤਲਵੰਡੀ ਚੌਧਰੀਆਂ (ਪਰਸਨ ਲਾਲ ਭੋਲਾ)— ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸਿਪਾਹੀ ਜਨਰਲ ਸਕੱਤਰ ਰਸ਼ਪਾਲ ਸਿੰਘ ਅਤੇ ਰਘਬੀਰ ਸਿੰਘ ਸੂਬਾ ਆਗੂ ਸੰਯੁਕਤ ਕਿਸਾਨ ਮੋਰਚਾ ਨੇ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਤੋੜਨ ਵਾਲੇ ਸੰਵਿਧਾਨ ਵਿਰੋਧੀ ਅਨਸਰ ਦੀ ਸਖਤ ਸ਼ਬਦਾਂ ਵਿੱਚ ਨਿਖੇਦੀ ਕਰਦਿਆਂ ਕਿਹਾ ਕਿ ਡਾਕਟਰ ਭੀਮ ਰਾਓ ਅੰਬੇਡਕਰ ਇੱਕ ਮਹਾਨ ਫਲਾਸਫਰ ਸਨ, ਜਿਨਾਂ ਦਾ ਲਿਖਿਆ ਸੰਵਿਧਾਨ, ਜੋ ਮਨੁੱਖ ਦੀ ਹਰ ਤਰ੍ਹਾਂ ਦੀ ਬਰਾਬਰਤਾ ਦੀ ਤਰਜਮਾਨੀ ਕਰਦਾ ਹੈ, ਉਸ ਪ੍ਰਤੀ ਨਫਰਤ ਕਰਨ ਵਾਲਾ ਮਨੁੱਖ ਨਹੀਂ ਹੋ ਸਕਦਾ। ਆਗੂਆਂ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਇਸ ਦੀ ਬਰੀਕੀ ਨਾਲ ਜਾਂਚ ਕਰਕੇ ਇਸ ਪਤਾ ਲਗਾਇਆ ਜਾਵੇ ਕਿ ਇਹ ਕਾਰਨਾਮੇ ਪਿੱਛੇ ਕਿਹੜੀਆਂ ਏਜੰਸੀਆਂ ਦਾ ਹੱਥ ਹੈ ਜੋ ਦੇਸ਼ ਦੀ ਏਕਤਾ ਤੇ ਅਖੰਡਤਾ ਬਰਬਾਦ ਕਰਨਾ ਚਾਹੁੰਦੀਆਂ ਹਨ।

## ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੇ ਰੋਸ ਵਜੋਂ ਕਿਸ਼ਨਗੜ੍ਹ ਦਾ ਬਾਜ਼ਾਰ ਰਿਹਾ ਪੂਰਨ ਬੰਦ



ਕਿਸ਼ਨਗੜ੍ਹ (ਸੁਖਜੀਤ ਕੁਮਾਰ) ਅੰਮ੍ਰਿਤਸਰ ਵਿਖੇ ਸਥਾਪਿਤ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਬੀਤੇ ਦਿਨੀਂ ਭੰਨ-ਤੋੜ ਕਰਨ ਦੀ ਕੀਤੀ ਗਈ ਕੋਸ਼ਿਸ਼ ਦੇ ਰੋਸ ਵਜੋਂ ਵੱਖ-ਵੱਖ ਸਮੂਹ ਜਥੇਬੰਦੀਆਂ ਵਲੋਂ ਜਲੰਧਰ ਨੂੰ ਪੂਰਨ ਤੌਰ 'ਤੇ ਬੰਦ ਕਰਨ ਦਾ ਐਲਾਨ ਕੀਤਾ ਗਿਆ ਸੀ। ਜਿਸ ਦੇ ਚੱਲਦੇ ਕਿਸ਼ਨਗੜ੍ਹ ਮੁਕੰਮਲ ਬੰਦ ਰਿਹਾ। ਭੀਮ ਆਰਮੀ ਪੰਜਾਬ ਅਤੇ ਬਸਪਾ ਤੋਂ ਇਲਾਵਾ ਵੱਖ ਵੱਖ ਸਭਾਵਾਂ ਦੇ ਆਗੂਆਂ ਅਤੇ ਨੌਜਵਾਨਾਂ ਵੱਲੋਂ ਕਿਸ਼ਨਗੜ੍ਹ ਬਾਜ਼ਾਰ ਵਿਚ ਸਵੇਰੇ 10 ਵਜੇ ਪਹੁੰਚ ਕੇ ਦੁਕਾਨਾਂ ਬੰਦ ਕਰਵਾਈਆਂ। ਜਿੱਥੇ ਅੱਡਾ ਕਿਸ਼ਨਗੜ੍ਹ ਦੇ ਸਮੂਹ ਦੁਕਾਨਦਾਰਾਂ ਨੇ ਸਹਿਯੋਗ ਦਿੰਦਿਆਂ ਸਾਰੀਆਂ ਦੁਕਾਨਾਂ ਬੰਦ ਕਰ ਲਈਆਂ।ਭੀਮ ਆਰਮੀ ਪੰਜਾਬ ਦੇ ਸਹਿ ਇੰਚਾਰਜ ਸੰਨੀ ਜੱਸਲ ਨੇ ਕਿਹਾ ਕਿ 26 ਜਨਵਰੀ ਨੂੰ ਜੋ ਮੰਦਭਾਗੀ ਘਟਨਾ ਵਾਪਰੀ ਹੈ ਜਿਸ ਦੇ ਚੱਲਦੇ ਅੰਮ੍ਰਿਤਸਰ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਦੀ ਬੁੱਤ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਇਸ ਵਿਚ ਜਿਨ੍ਹਾਂ ਸ਼ਰਾਰਤੀ ਅਨਸਰਾਂ ਨੇ ਸ਼ਰਾਰਤ ਕੀਤੀ ਹੈ, ਉਨ੍ਹਾਂ ਖ਼ਿਲਾਫ ਬਾਰੀਕੀ ਨਾਲ ਜਾਂਚ ਕੀਤੀ ਜਾਵੇ ਅਤੇ ਉਨ੍ਹਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਆਉਣ ਵਾਲੇ ਸਮੇਂ ਵਿਚ ਮੁਲਜ਼ਮਾਂ ਖ਼ਿਲਾਫ ਸਖ਼ਤ ਕਾਰਵਾਈ ਨਾ ਕੀਤੀ ਗਈ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ 'ਤੇ ਬਲਜੀਤ ਗਿੱਲ, ਦੀਸ਼ਾ ਅਰਜਨਵਾਲ, ਸੰਨੀ ਦੋਲੀਕੇ, ਗੁਰਪ੍ਰੀਤ ਸੌਂਧੀ, ਨੀਰਜ ਕੁਮਾਰ ਬਸਪਾ ਆਗੂ, ਸੇਵਕ ਮਾਨ, ਰੌਸ਼ਨ ਲਾਲ ਸੌਂਧੀ ਸੱਤੋਵਾਲੀ, ਲਖਵਿੰਦਰ ਲਾਡੀ, ਕਾਕਾ ਬਾਉਂਸਰ, ਪੰਮਾ ਸੱਤੋਵਾਲੀ, ਰੂਪਾ ਦੌਲਤਪੁਰ,ਮੰਗਾ ਨੌਗੱਜਾ ਭਿੰਦਰ ਅਰਜਨਵਾਲ, ਰਾਕੇਸ਼ ਨੌਗੱਜਾ, ਵਿਜੈ ਨੁੱਸੀ, ਜੋਗੀ ਰਾਮ ਕਿਸ਼ਨਗੜ੍ਹ, ਹੁਸਨ ਲਾਲ ਸੱਤੋਵਾਲੀ, ਆਸ਼ੂ ਚੋਪੜਾ, ਵਿਸ਼ਾਲ ਸਿੰਘ, ਡਾ. ਰਾਜਨ ਜੰਡੂ ਸਿੰਘਾ, ਅਮਨਦੀਪ ਸੌਂਧੀ, ਕੁਲਵਿੰਦਰ ਕਿੰਦੀ ਕਿਸ਼ਨਗੜ੍ਹ, ਬਹਾਦਰ ਚੰਦ ਕਿਸ਼ਨਗੜ੍ਹ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਨੌਜਵਾਨ ਹਾਜਰ ਸਨ।

## ਭਲਕੇ ਸਰਕਾਰ ਦਾ ਫੂਕਿਆ ਜਾਵੇਗਾ ਪੁਤਲਾ : ਬਹੁਜਨ ਐਕਸ਼ਨ ਫਰੰਟ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**—ਬਹੁਜਨ ਐਕਸ਼ਨ ਫਰੰਟ ਫਾਰ ਸੋਸ਼ਲ ਜਸਟਿਸ ਦੇ ਬੈਨਰ ਹੇਠ ਸਤਿਗੁਰੂ ਰਵਿਦਾਸ ਗੁਰੁਦੁਆਰਾ ਸਾਹਿਬ ਹੁਸ਼ਿਆਰਪੁਰ ਵਿਖੇ ਸਮੂਹ ਐਸ ਸੀ/ ਐਸ ਟੀ / ਓ ਬੀ ਸੀ ਅਤੇ ਧਾਰਮਿਕ ਘੱਟਗਿਣਤੀ ਜਥੇਬੰਦੀਆਂ ਦੇ ਨੇਤਾ ਲਾਰੈਂਸ ਚੌਧਰੀ, ਮੁਹਿੰਦਰ ਸਿੰਘ ਹੀਰ ਹੁਸ਼ਿਆਰਪੁਰ, ਬਿਸ਼ਨ ਦਾਸ, ਕਰਨਜੋਤ ਆਦੀਆ,ਸਵਰਨ ਚੰਦ, ਸਨੀ ਖੋਸਲਾ ਹੁਸ਼ਿਆਰਪੁਰ,ਪ੍ਰਭਜੋਤ ਸੈਣੀ, ਬਲਰਾਮ, ਚੰਦਰ, ਬਲਦੇਵ, ਰਾਜਿੰਦਰ ਕੁਮਾਰ, ਅਨਿਲ ਕੁਮਾਰ, ਪਰਦੀਪ ਕੁਮਾਰ, ਬਲਰਾਮ, ਨਿਤਿਨ ਹੰਸ, ਸਟੀਫਨ ਸਹੋਤਾ, ਪਰਦੀਪ ਕੁਮਾਰ ਆਦਿ ਸ਼ਾਮਿਲ ਹੋਏ ਤੇ 26 ਜਨਵਰੀ ਦੇ ਦਿਨ ਅੰਮ੍ਰਿਤਸਰ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦੀ ਮੂਰਤੀ ਨੂੰ ਖੰਡਿਤ ਕਰਨ ਦੀ ਆਗੂਆਂ ਨੇ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਆਗੂਆਂ ਨੇ ਕਿਹਾ ਕਿ ਇਹ ਬਾਬਾ ਸਾਹਿਬ ਦਾ ਹੀ ਅਪਮਾਨ ਨਹੀਂ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨਿਕ ਸੰਸਥਾਵਾ ਦਾ ਵੀ ਅਪਮਾਨ ਹੈ।

ਉਹਨਾਂ ਕਿਹਾ ਕਿ ਇਸ ਘਟਨਾ ਨਾਲ ਬਹੁਜਨਾਂ ਦੇ ਹਿਰਦੇ ਵਲੂੰਧਰੇ ਗਏ ਹਨ ਇਸ ਲਈ 31 ਜਨਵਰੀ ਦਿਨ ਸ਼ੁੱਕਰਵਾਰ ਨੂੰ ਰੋਸ ਵਜੋਂ ਸਵੇਰੇ 11 ਵਜੇ ਊਧਮ ਸਿੰਘ ਪਾਰਕ ਤੋਂ ਰੋਸ ਮਾਰਚ ਕਰਦੇ ਹੋਏ ਘੰਟਾਘਰ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ ਅਤੇ ਰਾਸ਼ਟਰਪਤੀ ਦੇ ਨਾਂਅ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ।

## ਮੈਡੀਕਲ ਅਫ਼ਸਰਾਂ ਦੀ ਦੋ ਰੋਜ਼ਾ ਸੀ ਡੀ ਆਰ ਦੀ ਟ੍ਰੇਨਿੰਗ



**ਨਵਾਂ ਸ਼ਹਿਰ (ਮਨੋਜ ਲਾਡੀ)**- ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਮਨਦੀਪ ਕਮਲ ਦੀ ਅਗਵਾਈ ਵਿਚ ਸਿਵਲ ਸਰਜਨ ਦਫ਼ਤਰ ਸ਼ਹੀਦ ਭਗਤ ਸਿੰਘ ਨਗਰ ਵਿਖੇ ਵੱਖ-ਵੱਖ ਬਲਾਕਾਂ ਤੋਂ ਆਏਂ ਹੋਏ ਮੈਡੀਕਲ ਅਫ਼ਸਰਾਂ ਨੂੰ ਚਾਈਲਡ ਡੈੱਥ ਰੀਵਿਊ ਤਹਿਤ ਟ੍ਰੇਨਿੰਗ ਦਿੱਤੀ ਗਈ। ਇਸ ਦੌਰਾਨ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਮਨਦੀਪ ਕਮਲ ਵੱਲੋਂ ਜਿਥੇ ਚਾਈਲਡ ਡੈੱਥ ਰੀਵਿਊ ਸਬੰਧੀ ਟ੍ਰੇਨਿੰਗ ਦਿੱਤੀ ਗਈ, ਉਥੇ ਨਾਲ ਦੀ ਨਾਲ ਆਏ ਹੋਏ ਮੈਡੀਕਲ ਅਫ਼ਸਰਾਂ ਨੂੰ ਟ੍ਰੇਨਿੰਗ ਤੋਂ ਬਾਅਦ ਫੀਲਡ ਵਿਚ ਰੂਟ ਲੈਵਲ ਤੱਕ ਸਿਹਤ ਸੇਵਾਵਾਂ ਦੇਣ ਸਬੰਧੀ ਹਦਾਇਤ ਕੀਤੀ ਗਈ।ਇਸ ਮੌਕੇ ਡਾ. ਸਕੰਧਾ ਰਾਣਾ ਨੇ ਕਿਹਾ ਕਿ ਬੱਚਿਆਂ ਦੀ ਮੌਤ ਦਰ ਨੂੰ ਘੱਟ ਕਰਨ ਲਈ ਸਿਹਤ ਵਿਭਾਗ ਵੱਲੋਂ ਸਮੇਂ ਸਮੇਂ ਦਿੱਤੀ ਜਾਣ ਵਾਲੀ ਸਿਹਤ ਸਿੱਖਿਆ ਮੁਤਾਬਿਕ ਬੱਚਿਆਂ ਦਾ ਖਿਆਲ ਰੱਖਣਾ ਚਾਹੀਦਾ ਹੈ, ਜਿਸ ਵਿਚ ਗਰਭਵਤੀ ਮਹਿਲਾਵਾਂ ਦਾ ਸਮੇਂ ਸਿਰ ਐਂਟੀਨੇਟਲ ਚੈੱਕ ਅੱਪ ਅਤੇ ਸੰਸਥਾਗਤ ਜਣੇਪਾ ਹੀ ਕਰਵਾਉਣਾ ਚਾਹੀਦਾ ਹੈ।ਨਵਜੰਮੇ ਬੱਚੇ ਵਿਚ ਜ਼ਿਆਦਾਤਰ ਘੱਟ ਭਾਰ ਵਾਲੇ ਬੱਚਿਆਂ ਨੂੰ ਠੰਢ ਤੋਂ ਬਚਾਉਣ ਅਤੇ ਨਿੱਘਾ ਰੱਖਣ ਅਤੇ ਬੱਚੇ ਨੂੰ ਛੇ ਮਹੀਨੇ ਤੱਕ ਸਿਰਫ ਮਾਂ ਦਾ ਦੁੱਧ ਦੇਣਾ ਚਾਹੀਦਾ ਹੈ ਅਤੇ ਛੇ ਮਹੀਨੇ ਤੋਂ ਬਾਅਦ ਵਾਧੂ ਖ਼ੁਰਾਕ ਸ਼ੁਰੂ ਕਰਨ ਬਾਰੇ ਵਿਸਤਾਰ ਪੂਰਵਕ ਟ੍ਰੇਨਿੰਗ ਦਿੱਤੀ ਗਈ।ਇਸ ਦੇ ਨਾਲ ਹੀ ਉਨ੍ਹਾਂ ਨੇ ਬੱਚਿਆਂ ਦਾ ਸਮੇਂ ਸਿਰ ਟੀਕਾਕਰਨ ਸਬੰਧੀ ਵੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ, ਤਾਂ ਜੋ ਬੱਚਿਆਂ ਦੀ ਮੌਤ ਦਰ ਨੂੰ ਘਟਾਇਆ ਜਾ ਸਕੇ ।ਇਸ ਮੌਕੇ ਉੱਚ ਅਧਿਕਾਰੀਆਂ ਤੋਂ ਇਲਾਵਾ ਮਾਸ ਮੀਡੀਆ ਵਿੰਗ ਤੋਂ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਦਲਜੀਤ ਸਿੰਘ ਅਤੇ ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਤਰਸੇਮ ਲਾਲ , ਹੈਲਥ ਇੰਸਪੈਕਟਰ ਰਾਜੀਵ ਕੁਮਾਰ ਤੇ ਵੱਖ ਵੱਖ ਬਲਾਕਾਂ ਤੋਂ ਆਏਂ ਹੋਏ ਮੈਡੀਕਲ ਅਫ਼ਸਰਾਂ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ।

## ਵਿੱਦਿਆ ਭਾਰਤੀ ਪ੍ਰਤਿਭਾ ਖੋਜ ਪ੍ਰੀਖਿਆ ਰਾਹੀਂ ਕੀਤੀ ਜਾਵੇਗੀ ਪ੍ਰਤਿਭਾਵਾਂ ਦੀ ਖੋਜ : ਪ੍ਰਿੰ. ਸ਼ਰਮਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਅਧਿਆਪਕਾਂ ਅਤੇ ਮਾਪਿਆਂ ਲਈ ਬੱਚਿਆਂ ਵਿੱਚ ਛੁਪੀ ਪ੍ਰਤਿਭਾ ਨੂੰ ਜਾਣਨਾ ਬਹੁਤ ਜ਼ਰੂਰੀ ਹੈ।ਸਕੂਲ ਵੱਲੋਂ ਵੱਖ-ਵੱਖ ਪਲੇਟਫਾਰਮ ਪ੍ਰਦਾਨ ਕਰਕੇ ਵੱਖ-ਵੱਖ ਹੁਨਰਾਂ ਅਤੇ ਰੁਚੀਆਂ ਵਾਲੇ ਵਿਦਿਆਰਥੀਆਂ ਨੂੰ ਮੌਕੇ ਪ੍ਰਦਾਨ ਕਰਨਾ ਸਿੱਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਵਿਦਿਆ ਭਾਰਤੀ ਚੌਥੀ ਜਮਾਤ ਤੋਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਲਈ ਦਿੱਲੀ ਤੋਂ ਲੇਹ-ਲੱਦਾਖ ਤੱਕ ਉੱਤਰੀ ਭਾਰਤ ਦੇ ਸੱਤ ਰਾਜਾਂ ਵਿੱਚ ਐਨਟੀਐਸਈ ਦਾ ਆਯੋਜਨ ਕਰਦੀ ਹੈ। ਇਹ ਵਿਚਾਰ ਵਿਦਿਆ ਭਾਰਤੀ ਉੱਤਰੀ ਖੇਤਰ ਦੇ ਜਨਰਲ ਸਕੱਤਰ, ਪ੍ਰਿੰਸੀਪਲ ਦੇਸ਼ ਰਾਜ ਸ਼ਰਮਾ ਨੇ ਪ੍ਰਗਟ ਕੀਤੇ। ਸ਼ਰਮਾ ਨੇ ਖੁਲਾਸਾ ਕੀਤਾ ਕਿ ਇਹ ਮਹੱਤਵਪੂਰਨ ਪ੍ਰੀਖਿਆ ਸਫਲਤਾਪੂਰਵਕ ਆਯੋਜਿਤ ਕੀਤੀ ਗਈ। ਉਨ੍ਹਾਂ ਕਿਹਾ ਕਿ ਵਿਦਿਆ ਭਾਰਤੀ ਦੁਨੀਆ ਦੀ ਸਭ ਤੋਂ ਵੱਡੀ ਗੈਰ-ਸਰਕਾਰੀ ਵਿਦਿਅਕ ਸੰਸਥਾ ਹੈ ਜੋ 25000 ਰਸਮੀ ਅਤੇ ਗੈਰ-ਰਸਮੀ ਸਕੂਲ ਸਫਲਤਾਪੂਰਵਕ ਚਲਾਉਂਦੀ ਹੈ। ਵਿਦਿਆ ਭਾਰਤੀ ਉੱਤਰੀ ਖੇਤਰ ਦਾ ਕੁਰੂਕਸ਼ੇਤਰ ਦਫ਼ਤਰ ਇਸ ਪ੍ਰਤੀਯੋਗੀ ਪ੍ਰੀਖਿਆ ਦਾ ਆਯੋਜਨ ਦਿੱਲੀ, ਹਰਿਆਣਾ, ਚੰਡੀਗੜ੍ਹ, ਪੰਜਾਬ, ਹਿਮਾਚਲ, ਜੰਮੂ ਕਸ਼ਮੀਰ ਅਤੇ ਲੇਹ-ਲੱਦਾਖ ਰਾਜਾਂ ਵਿੱਚ ਕਰਦਾ ਹੈ।ਵਿਦਿਆ ਭਾਰਤੀ ਉੱਤਰੀ ਖੇਤਰ ਐਨਟੀਐਸਈ ਕੰਟਰੋਲਰ ਸੁਮਿਤ ਕੁਮਾਰ ਨੇ ਦੱਸਿਆ ਕਿ ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿੱਚ ਚੌਥੀ ਤੋਂ ਦਸਵੀਂ ਜਮਾਤ ਤੱਕ ਦੇ 27830 ਵਿਦਿਆਰਥੀਆਂ ਨੇ ਪ੍ਰੀਖਿਆ ਵਿੱਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਪ੍ਰੀਖਿਆ ਰਾਹੀਂ ਚੁਣੇ ਗਏ ਵਿਦਿਆਰਥੀਆਂ ਨੂੰ ਨਕਦ ਵਜ਼ੀਫ਼ੇ ਅਤੇ ਸਰਟੀਫਿਕੇਟ ਦੇ ਕੇ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ 12ਵੀਂ ਦੀ ਪ੍ਰੀਖਿਆ ਤੋਂ ਬਾਅਦ ਹੋਣ ਵਾਲੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਤਿਆਰ ਕੀਤਾ ਜਾਂਦਾ ਹੈ।

## ਰੋਟੇਰੀਅਨ ਜੀ ਐਸ ਬਾਵਾ ਦਾ ਜਨਮ ਦਿਨ ਮਨਾਇਆ



ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)— ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਸਨੇਹ ਜੈਨ ਦੀ ਅਗਵਾਈ ਵਿੱਚ ਬਾਵਾ ਜੀ ਦੇ ਗ੍ਰਹਿ ਸਿਵਲ ਲਾਈਨ ਵਿਖੇ ਇੱਕ ਬੈਠਕ ਕੀਤੀ ਗਈ ਜਿਸ ਵਿੱਚ ਰੋਟਰੀ ਕਲੱਬ ਦੇ ਪੂਰਵ ਜ਼ਿਲ੍ਹਾ ਗਵਰਨਰ ਸੁਰਿੰਦਰ ਵਿਜ ਅਤੇ ਅਰੁਣ ਜੈਨ ਵਿਸ਼ੇਸ਼ ਰੂਪ ਵਿੱਚ ਸ਼ਾਮਿਲ ਹੋਏ। ਇਸ ਮੌਕੇ ਤੇ ਸਭ ਤੋਂ ਪਹਿਲਾਂ ਰਾਸ਼ਟਰੀ ਗੀਤ ਗਾਇਆ ਗਿਆ ਅਤੇ ਕਲੱਬ ਸਕੱਤਰ ਪ੍ਰਿ. ਟਿਮਾਟਨੀ ਆਹਲੂਵਾਲੀਆ ਨੇ ਕਲੱਬ ਵੱਲੋਂ ਕੀਤੇ ਹੋਏ ਪ੍ਰਾਜੈਕਟਾਂ ਦੀ ਜਾਣਕਾਰੀ ਦਿੱਤੀ ਅਤੇ ਉਹਨਾਂ ਨੇ ਦੱਸਿਆ ਕਿ ਕਲੱਬ ਇੱਕ ਪਿਕਨਿਕ ਫੈਮਿਲੀ ਟ੍ਰਿਪ ਲੈ ਕੇ ਸਾਇਟ੍ਰਸ ਈਸਟੇਟ ਭੂੰਗਾ ਵਿਖੇ 30 ਜਨਵਰੀ ਨੂੰ ਜਾਵੇਗੀ, ਜਿੱਥੇ ਬਾਗਬਾਨੀ ਵਿਭਾਗ ਵੱਲੋਂ ਕਿੰਨੂਆਂ ਦੀ ਖੇਤੀ, ਜੈਵਿਕ ਖੇਤੀ, ਸ਼ਹਿਦ ਬਣਾਉਣ ਲਈ ਮੱਖੀਆਂ ਨੂੰ ਕਿਵੇਂ ਪਾਲਣਾ ਦੀ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਬਾਗਬਾਨੀ ਦੇ ਆਯੂਰਵੈਦਿਕ ਬੂਟੇ ਅਤੇ ਫ਼ਲਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਇਸ ਤੋਂ ਬਾਅਦ ਕਲੱਬ ਦੇ ਸੀਨੀਅਰ ਮੈਂਬਰ ਜੀ.ਐਸ. ਬਾਵਾ ਦੇ ਜਨਮ ਦਿਨ ਦਾ ਕੇਕ ਕੱਟ ਕੇ ਉਹਨਾਂ ਨੂੰ ਵਧਾਈ ਦਿੱਤੀ ਗਈ ਅਤੇ ਚੰਗੀ ਸਿਹਤ ਦੀ ਕਾਮਨਾ ਕੀਤੀ ਗਈ।ਇਸ ਬੈਠਕ ਵਿੱਚ ਰੋਟਰੀ ਕਲੱਬ ਵੱਲੋਂ ਰੋਟੇਰੀਅਨ ਟਿਮਾਟਨੀ ਆਹਲੂਵਾਲੀਆ, ਰਾਜਿੰਦਰ ਮੋਦਗਿੱਲ, ਯੋਗੇਸ਼ ਚੰਦਰ, ਰਵੀ ਜੈਨ, ਅਸ਼ੋਕ ਜੈਨ, ਸੁਮਨ ਨੈਯਰ, ਲੈਂਪੀ ਆਹਲੂਵਾਲੀਆ, ਚੰਦਨ ਸ਼ਰੀਨ, ਡਾ. ਰਣਜੀਤ, ਸੁਰਿੰਦਰ ਕੁਮਾਰ, ਸੰਜੀਵ ਕੁਮਾਰ, ਓਮ ਕਾਂਤਾ ਆਦਿ ਸ਼ਾਮਿਲ ਹੋਏ।

## ਅੰਬੇਡਕਰ ਦੇ ਬੁੱਤ ਦੀ ਬੇਅਦਬੀ ਖਿਲਾਫ ਬਸਪਾ ਵਰਕਰਾਂ ਨੇ ਕੀਤਾ ਵਿਸ਼ਾਲ ਮਾਰਚ



ਫਗਵਾੜਾ—(ਡਾ. ਰਮਨ, ਢੱਡਾ)- ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਕੀਤੀ ਗਈ ਬੇਅਦਬੀ ਦੇ ਵਿਰੋਧ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਨੇ ਸੂਬੇ ਭਰ ਵਿੱਚ ਪ੍ਰਦਰਸ਼ਨ ਕੀਤੇ। ਇਸ ਪ੍ਰੋਗਰਾਮ ਤਹਿਤ ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਵਿੱਚ ਫਗਵਾੜਾ ਵੱਡਾ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪਾਰਟੀ ਵਰਕਰਾਂ-ਸਮਰਥਕਾਂ ਨੇ ਹਿੱਸਾ ਲਿਆ ਤੇ ਘਟਨਾ ਖਿਲਾਫ ਆਪਣੇ ਰੋਹ ਦਾ ਮੁਜ਼ਾਹਰਾ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆਂ ਬਸਪਾ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਅੰਮ੍ਰਿਤਸਰ ਵਿੱਚ ਵਾਪਰੀ ਘਟਨਾ ਨੂੰ ਇਕੱਲੇ ਕਰਕੇ ਨਹੀਂ ਦੇਖਿਆ ਜਾ ਸਕਦਾ। ਇਹ ਘਟਨਾ ਭਾਜਪਾ, ਆਰਐਸਐਸ ਤੇ ਕਾਂਗਰਸ ਵੱਲੋਂ ਬਾਬਾ ਸਾਹਿਬ ਦੇ ਖਿਲਾਫ ਦੇਸ਼ ਭਰ ਵਿੱਚ ਲੰਬੇ ਸਮੇਂ ਤੋਂ ਖੜੇ ਕੀਤੇ ਜਾ ਰਹੇ ਨਫ਼ਰਤੀ ਵਰਤਾਰੇ ਦੀ ਉਪਜ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਅੰਦੋਲਨ ਤੋਂ ਲੈ ਕੇ ਦੇਸ਼ ਦੀ ਲੰਬੇ ਸਮੇਂ ਤੱਕ ਸੱਤਾ ਸੰਭਾਲਣ ਤੱਕ ਪਹਿਲਾਂ ਇਹ ਕੰਮ ਕਾਂਗਰਸ ਕਰਦੀ ਰਹੀ ਤੇ ਉਸ ਤੋਂ ਬਾਅਦ ਭਾਜਪਾ ਨੇ ਇਹ ਕੰਮ ਸੰਭਾਲ ਲਿਆ। ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਸਦ ਵਿੱਚ ਵੀ ਬਾਬਾ ਸਾਹਿਬ ਅੰਬੇਡਕਰ ਦੇ ਸਨਮਾਨ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਇਸੇ ਤਰ੍ਹਾਂ ਹੀ ਕਾਂਗਰਸ ਉਨ੍ਹਾਂ ਦੀ ਅਣਦੇਖੀ ਕਰਨ ਲੱਗੀ ਰਹੀ। ਸੂਬੇ ਦੀ ਆਮ ਆਦਮੀ ਪਾਰਟੀ (ਆਪ) ਵੀ ਇਨ੍ਹਾਂ ਤੋਂ ਵੱਖ ਨਹੀਂ ਹੈ ਤੇ ਬਾਬਾ ਸਾਹਿਬ ਦੀ ਵਿਰੋਧੀ ਹੈ। ਆਪ ਦੇ ਕਾਰਜਕਾਲ ਵਿੱਚ ਮੁੱਖ ਮੰਤਰੀ ਦੇ ਜ਼ਿਲ੍ਹੇ ਸੰਗਰੂਰ ਵਿੱਚ ਬਾਬਾ ਸਾਹਿਬ ਦਾ ਬੁੱਤ ਨਹੀਂ ਲੱਗਣ ਦਿੱਤਾ ਜਾ ਰਿਹਾ ਤੇ ਜਲੰਧਰ ਦੇ ਸਈਪੁਰ ਵਿੱਚ ਵੀ ਬਾਬਾ ਸਾਹਿਬ ਡਾ. ਅੰਬੇਡਕਰ ਦੇ ਨਾਂਅ 'ਤੇ ਬਣੀ ਪਾਰਕ ਨੂੰ ਤੋੜਿਆ ਗਿਆ। ਇਸ ਕਾਰਵਾਈ ਦਾ ਵਿਰੋਧ ਕਰ ਰਹੇ ਬਸਪਾ ਵਰਕਰਾਂ 'ਤੇ ਪੁਲਸ ਵੱਲੋਂ ਲਾਠੀਚਾਰਜ ਕੀਤਾ ਗਿਆ ਤੇ ਝੂਠੇ ਪਰਚੇ ਵੀ ਦਰਜ ਕੀਤੇ ਗਏ।ਇਸ ਮੌਕੇ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਵਿੱਚ ਫਗਵਾੜਾ ਵਿੱਚ ਰੋਸ ਮਾਰਚ ਕੀਤਾ ਗਿਆ ਤੇ ਡੀ ਸੀ ਰਾਹੀਂ ਪੰਜਾਬ ਦੇ ਰਾਜਪਾਲ ਦੇ ਨਾਂਅ ਮੈਮੋਰੰਡਮ ਭੇਜਿਆ ਗਿਆ, ਜਿਸ ਵਿੱਚ ਬਸਪਾ ਵੱਲੋਂ ਮੰਗ ਕੀਤੀ ਗਈ ਕਿ ਫੜੇ ਗਏ ਦੋਸ਼ੀ ਦੇ ਪਿਛਲੇ ਤੰਤਰ ਨੂੰ ਵੀ ਉਜਾਗਰ ਕੀਤਾ ਜਾਵੇ, ਕਿਉਂਕਿ ਇਸ ਦੇ ਪਿੱਛੇ ਰਾਜਨੀਤਕ ਸਾਜਿਸ਼ ਜਾਪਦੀ ਹੈ।ਦੋਸ਼ੀ 'ਤੇ ਐਨਐਸਏ ਲਗਾਇਆ ਜਾਵੇ ਤੇ ਸਖਤ ਸਜ਼ਾ ਦਿੱਤੀ ਜਾਵੇ। ਇਸ ਮੌਕੇ ਬਸਪਾ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ, ਪਰਵੀਨ ਬੰਗਾ, ਤੀਰਥ ਰਾਜਪੁਰਾ, ਗੁਰਮੇਲ ਚੁੰਬਰ, ਲੇਖਰਾਜ ਰਾਜ ਜਮਾਲਪੁਰ, ਰਮੇਸ਼ ਕੌਲ, ਦਲਜੀਤ ਰਾਏ, ਜਗਦੀਸ਼ ਸ਼ੇਰਪੁਰੀ, ਸਲਵਿੰਦਰ ਕੁਮਾਰ, ਕੌਂਸਲਰ ਤੇਜਪਾਲ ਬਸਰਾ, ਚਿਰੰਜੀ ਲਾਲ, ਦਵਿੰਦਰ ਸੂਦ ਗੋਗਾ, ਅਮਨਦੀਪ ਕੌਰ, ਪਰਦੀਪ ਮੱਲ, ਅਮਰਜੀਤ ਖੁੱਤਨ, ਮਨੋਹਰ ਲਾਲ ਜੱਖੂ, ਪਰਮਜੀਤ ਖਲਵਾੜਾ, ਹਰਭਜਨ ਖਲਵਾੜਾ, ਸੋਨੂੰ ਭੁੱਲਾਰਾਈ, ਗੁਰਦਿੱਤਾ ਬੰਗੜ, ਬਲਵਿੰਦਰ ਬੋਧ, ਪਰਮਿੰਦਰ ਬੋਧ, ਦੇਵ ਰਾਜ ਸੁਮਨ, ਸੁਖਵਿੰਦਰ ਬਿੱਟੂ, ਐਡਵੋਕੇਟ ਕੁਲਦੀਪ ਭੱਟੀ, ਸੁਸ਼ੀਲ ਵਿਰਦੀ, ਖੁਸ਼ੀ ਰਾਮ, ਹਰਜਿੰਦਰ ਜੰਡਾਲੀ, ਅਸ਼ੋਕ ਕੁਮਾਰ ਖੋਥਰਾ, ਚਰਨਜੀਤ ਮੰਢਾਲੀ, ਰਾਜਾ ਇਟਲੀ, ਮਦਨ ਬੈਂਸ, ਸੁਰਜੀਤ ਮਹਿਮੀ, ਸੁਖਦੇਵ ਬਿੱਟਾ, ਵਿਜੈ ਖਾਨਪੁਰੀ, ਐਡਵੋਕੇਟ ਪਲਵਿੰਦਰ ਮਾਨਾ, ਸ਼ਾਦੀ ਲਾਲ ਬੱਲਾਂ, ਬੀਬੀ ਕ੍ਰਿਸ਼ਨਾ ਦੇਵੀ, ਬਲਦੇਵ ਸਲਾਲਾ, ਹਰਜਿੰਦਰ ਬਿੱਲਾ ਮਹਿਮਦਪੁਰ, ਅਸ਼ੋਕ ਸਈਪੁਰੀਆ ਆਦਿ ਵੀ ਹਾਜ਼ਰ ਸਨ।

# ਨਕਲੀ ਥਾਣੇਦਾਰ ਸਫਾਰੀ ਕਾਰ ਤੇ ਖਿਡੌਣਾ ਪਿਸਤੌਲ ਸਮੇਤ ਕਾਬੂ

**ਮਹਿਤਪੁਰ (ਰਾਜਾ)**

ਧੋਖਾਧੜੀ ਕਰਨ ਵਾਲਿਆਂ ਵਿਰੁੱਧ ਇੱਕ ਵੱਡੀ ਕਾਰਵਾਈ ਵਿੱਚ, ਜਲੰਧਰ ਦਿਹਾਤੀ ਪੁਲਿਸ ਨੇ 27 ਜਨਵਰੀ ਨੂੰ ਮਹਿਤਪੁਰ ਪੁਲਿਸ ਸਟੇਸ਼ਨ ਦੁਆਰਾ ਕੀਤੇ ਗਏ ਇੱਕ ਨਾਕਾ ਆਪ੍ਰੇਸ਼ਨ ਦੌਰਾਨ ਇੱਕ ਜਾਅਲੀ ਪੁਲਿਸ ਅਧਿਕਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਦੋਸ਼ੀ ਇੱਕ ਕਾਲੀ ਸਫਾਰੀ ਐਸਯੂਵੀ (ਰਜਿਸਟ੍ਰੇਸ਼ਨ ਨੰਬਰ ਪੀਬੀ-10-ਬੀਐਸ-6706) ਚਲਾ ਰਿਹਾ ਸੀ, ਜਿਸ ਦੀ ਪਿਛਲੀ ਵਿੰਡਸ਼ੀਲਡ 'ਤੇ ਪੰਜਾਬੀ ਵਿੱਚ 'ਥਾਣੇਦਾਰ' ਲਿਖਿਆ ਹੋਇਆ ਸੀ। ਜਲੰਧਰ ਦਿਹਾਤੀ ਦੇ ਸੀਨੀਅਰ ਪੁਲਿਸ ਕਪਤਾਨ ਹਰਕਮਲਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਸਮਾਜ ਵਿਰੋਧੀ ਅਨਸਰਾਂ ਅਤੇ ਧੋਖੇਬਾਜ਼ਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਇੱਕ ਵਿਸ਼ੇਸ਼ ਮੁਹਿੰਮ ਦਾ ਹਿੱਸਾ ਸੀ।ਇਹ ਕਾਰਵਾਈ ਐਸਪੀ ਇਨਵੈਸਟੀਗੇਸ਼ਨ ਜਸਰੂਪ ਕੌਰ ਬਾਠ, ਆਈ ਪੀ ਐਸ ਅਤੇ ਡੀ ਐਸ ਪੀ ਸ਼ਾਹਕੋਟ ਓਂਕਾਰ ਸਿੰਘ ਬਰਾੜ ਦੀ ਨਿਗਰਾਨੀ ਹੇਠ ਕੀਤੀ ਗਈ, ਜਿਸ ਵਿੱਚ ਇੰਸਪੈਕਟਰ ਸੁਖਦੇਵ ਸਿੰਘ, ਐਸਐਚਓ ਮਹਿਤਪੁਰ, ਪੁਲਿਸ ਟੀਮ ਦੀ ਅਗਵਾਈ ਕਰ ਰਹੇ ਸਨ।ਕਥਿਤ ਦੋਸ਼ੀ ਦੀ ਪਛਾਣ ਅੰਸ਼ ਗਿੱਲ ਵਜੋਂ ਪੁੱਤਰ ਕਰਮ ਚੰਦ, ਵਾਸੀ ਉਗੀ ਪਿੰਡ, ਨਕੋਦਰਵਜੋਂ ਹੋਈ ਹੈ। ਜਦੋਂ ਉਸ ਨੂੰ ਟੀ-ਪੁਆਇੰਟ ਛੋਟੇ ਬਿੱਲੇ, ਮਹਿਤਪੁਰ ਵਿਖੇ ਰੋਕਿਆ ਗਿਆ।ਅਤੇ ਪੁੱਛਗਿੱਛ ਕਰਨ 'ਤੇ ਉਹ ਆਪਣੀ ਗੱਡੀ 'ਤੇ 'ਥਾਣੇਦਾਰ' ਦੇ ਸਾਈਨ ਬੋਰਡ ਬਾਰੇ ਤਸੱਲੀਬਖਸ਼ ਜਵਾਬ ਦੇਣ ਵਿੱਚ ਅਸਫਲ ਰਿਹਾ।ਉਸ ਦੇ ਕਬਜ਼ੇ ਵਿੱਚ ਇੱਕ ਜਾਅਲੀ ਪੰਜਾਬ ਪੁਲਿਸ ਆਈਡੀ ਕਾਰਡ ਅਤੇ ਇੱਕ ਕਾਲਾ ਰੰਗ ਦਾ ਖਿਡੌਣਾ ਪਿਸਤੌਲ ਬਰਾਮਦ ਕੀਤਾ ਗਿਆ ਹੈ।ਮੁੱਢਲੀ ਜਾਂਚ ਵਿੱਚ ਇਹ ਸਾਹਮਣੇ ਆਇਆ ਹੈ ਕਿ ਉਸ ਨੇ ਪੁਲਿਸ ਭਰਤੀ ਲਈ ਪੇਪਰ ਦਿੱਤਾ ਸੀ ਪਰ ਪਾਸ ਨਹੀਂ ਕਰ ਸਕਿਆ। ਪਰ ਲੋਕਾਂ ਨੂੰ ਦੱਸ ਰਿਹਾ ਸੀ ਕਿ ਉਸ ਨੇ ਟੈਸਟ ਪਾਸ ਕਰ ਲਿਆ ਹੈ ਅਤੇ ਆਪਣਾ ਜਾਅਲੀ ਆਈਡੀ ਕਾਰਡ ਬਣਾਇਆ ਸੀ। ਉਸ ਨੇ ਆਪਣੀ ਕਾਰ 'ਤੇ ਥਾਣੇਦਾਰ ਦਾ ਜਾਅਲੀ ਸਟਿੱਕਰ ਲਗਾਇਆ ਸੀ ਅਤੇ ਟੋਲ ਟੈਕਸ ਤੋਂ ਬਚ ਰਿਹਾ ਸੀ। ਦੋਸ਼ੀ ਵਿਰੁੱਧ ਥਾਣਾ ਮਹਿਤਪੁਰ ਵਿਖੇ ਬੀਐਨਐਸ ਅਤੇ ਮੋਟਰ ਵਹੀਕਲ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਦੋਸ਼ੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਹੋਰ ਧੋਖਾਧੜੀ ਵਾਲੀਆਂ ਗਤੀਵਿਧੀਆਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।ਐਸਐਸਪੀ ਖੱਖ ਨੇ ਜਨਤਾ ਨੂੰ ਕਿਸੇ ਵੀ ਸ਼ੱਕੀ ਗਤੀਵਿਧੀਆਂ ਦੀ ਤੁਰੰਤ ਨਜ਼ਦੀਕੀ ਪੁਲਿਸ ਸਟੇਸ਼ਨ ਜਾਂ ਜ਼ਿਲ੍ਹਾ ਕੰਟਰੋਲ ਰੂਮ ਨੂੰ 112 ਹੈਲਪਲਾਈਨ 'ਤੇ ਰਿਪੋਰਟ ਕਰਨ ਲਈ ਉਤਸ਼ਾਹਿਤ ਕੀਤਾ ਹੈ।




# ਬਾਬਾ ਸਾਹਿਬ ਦਾ ਨਿਰਾਦਰ ਕਰਨ ਵਾਲੇ ਨੂੰ ਸਖਤ ਸਜ਼ਾ ਮਿਲੇ : ਸਬਰਵਾਲ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਸਾਰੀਆਂ ਸਮਾਜਿਕ, ਧਾਰਮਿਕ ਤੇ ਰਾਜਨੀਤਕ ਜਥੇਬੰਦੀਆਂ ਵੱਲੋਂ ਅੰਮ੍ਰਿਤਸਰ ਵਿਖੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੀ ਪ੍ਰਤਿਮਾ ਨੂੰ ਇਕ ਨੌਜਵਾਨ ਵਲੋਂ ਖੰਡਤ ਕਰਨ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਗਈ ਹੈ। ਨਵਾਂ ਸ਼ਹਿਰ ਪ੍ਰਸ਼ਾਸਨ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਦਿੱਤਾ ਗਿਆ, ਜਿਸ ਵਿਚ ਇਸ ਘਟਨਾ 'ਚ ਸ਼ਾਮਲ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਗਈ।ਇਸ ਮੌਕੇ ਰਾਜ ਕੁਮਾਰ ਸਬਰਵਾਲ ਬਿੱਟਾ ਸਬਰਵਾਲ ਵਿੱਕੀ ਗਿੱਲ ਨਿੱਕੂ ਰਾਮ ਜਨਾਗਲ ਨੇ ਦੱਸਿਆ ਕਿ ਕਿ ਬੇਸ਼ੱਕ ਪ੍ਰਸ਼ਾਸਨ ਵੱਲੋਂ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਪ੍ਰੰਤੂ ਇਸ ਘਟਨਾ ਦੇ ਪਿੱਛੇ ਦੀਆਂ ਤਾਕਤਾਂ ਦਾ ਬੇਨਕਾਬ ਹੋਣਾ ਵੀ ਜ਼ਰੂਰੀ ਹੈ। ਇਸ ਘਟਨਾ ਦੇ ਵਾਪਰਨ ਕਾਰਨ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ । ਬਾਬਾ ਸਾਹਿਬ ਦੇ ਨਿਰਾਦਰ ਨੂੰ ਸਹਿਣ ਨਹੀਂ ਕੀਤਾ ਜਾਵੇਗਾ।

# ਅੰਬੇਡਕਰ ਬੁੱਤ ਦੀ ਬੇਅਦਬੀ ਸੂਬੇ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ : ਡਾ. ਕਰੀਮਪੁਰੀ

**ਜਲੰਧਰ (ਸ਼ੈਲੀ ਐਲਬਰਟ)**-ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਅੰਮ੍ਰਿਤਸਰ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੀ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨਾਲ ਦੇਸ਼-ਵਿਦੇਸ਼ ਵਿੱਚ ਵਸਦੇ ਬਾਬਾ ਸਾਹਿਬ ਦੇ ਕਰੋੜਾਂ ਪੈਰੋਕਾਰਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੂੰ ਇਸ ਮਾਮਲੇ ਵਿੱਚ ਸਖਤ ਤੋਂ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਇਹ ਘਟਨਾ ਪੰਜਾਬ ਦੀ ਆਪ ਸਰਕਾਰ ਦੀ ਕਾਨੂੰਨ ਵਿਵਸਥਾ ਪੱਧਰ 'ਤੇ ਫੇਲ੍ਹ ਕਾਰਗੁਜ਼ਾਰੀ ਨੂੰ ਦਰਸਾਉਂਦੀ ਹੈ। ਆਪ ਸਰਕਾਰ ਵਿੱਚ ਸੂਬੇ ਦੇ ਮਾੜੇ ਹੋ ਰਹੇ ਹਾਲਾਤਾਂ ਕਾਰਨ ਹੀ ਇਸ ਤਰ੍ਹਾਂ ਦੀਆਂ ਘਟਨਾਵਾਂ ਹੋ ਰਹੀਆਂ ਹਨ। ਡਾ. ਕਰੀਮਪੁਰੀ ਨੇ ਕਿਹਾ ਕਿ ਇਸ ਘਟਨਾ ਦੇ ਸਬੰਧ ਵਿੱਚ ਬਸਪਾ ਦੇ ਅੰਮ੍ਰਿਤਸਰ ਯੂਨਿਟ ਦੇ ਅਹੁਦੇਦਾਰ ਤੁਰੰਤ ਹਰਕਤ ਵਿੱਚ ਆਏ ਤੇ ਉਨ੍ਹਾਂ ਨੇ ਪਾਰਟੀ ਵੱਲੋਂ ਇਸ ਘਟਨਾ ਸਬੰਧੀ ਦਰਖਾਸਤ ਦੇ ਕੇ ਦੋਸ਼ੀ ਖਿਲਾਫ ਪਰਚਾ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਵੱਲੋਂ ਵੀ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਨਾਲ ਗੱਲ ਕਰਕੇ ਇਸ ਮਾਮਲੇ ਵਿੱਚ ਸਖਤ ਕਾਰਵਾਈ ਕਰਨ ਲਈ ਕਿਹਾ ਗਿਆ ਤਾਂ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ। ਇਹ ਘਟਨਾ ਸੂਬੇ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਹੈ। ਪੁਲਸ ਪ੍ਰਸ਼ਾਸਨ ਜਿੱਥੇ ਦੋਸ਼ੀ ਖਿਲਾਫ ਸਖਤ ਕਾਰਵਾਈ ਕਰੇ, ਉੱਥੇ ਇਸ ਘਟਨਾ ਵਿੱਚ ਸ਼ਾਮਲ ਹੋਰ ਲੋਕਾਂ ਨੂੰ ਵੀ ਉਜਾਗਰ ਕਰੇ ਤੇ ਉਨ੍ਹਾਂ ਖਿਲਾਫ ਸਖਤ ਐਕਸ਼ਨ ਲਵੇ।

# ਹਰਿਆਣਾ ਸਰਕਾਰ ਦਾ ਇਕ ਲੱਖ ਗਰੀਬ ਪਰਵਾਰਾਂ ਨੂੰ ਪਲਾਟ ਦੇਣ ਦਾ ਸੰਕਲਪ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਸੂਬੇ ਦੇ ਗਰੀਬ ਤੋਂ ਗਰੀਬ ਵਿਅਕਤੀ ਦੇ ਕੋਲ ਆਪਣਾ ਮਕਾਨ ਹੋਵੇ, ਇਸ ਦਿਸ਼ਾ ਵਿਚ ਕਦਮ ਵਧਾਉਂਦੇ ਹੋਏ ਸਾਡੀ ਸਰਕਾਰ ਨੇ 1 ਲੱਖ ਗਰੀਬ ਪਰਿਵਾਰਾਂ ਨੂੰ ਪਲਾਟ ਦੇਣ ਦਾ ਸੰਕਲਪ ਰੱਖਿਆ ਹੈ। ਇਸ ਸੰਕਲਪ ਦੇ ਤਹਿਤ ਪਿੰਡਾਂ ਵਿਚ 100-100 ਗਜ ਅਤੇ ਮਹਾਗ੍ਰਾਮਾਂ ਵਿਚ 50-50 ਗਜ ਦੇ ਪਲਾਟ ਦੇਣੇ ਸ਼ੁਰੂ ਕਰ ਦਿੱਤੇ ਹਨ। ਹੁਣ ਤੱਕ 61 ਪਿੰਡ ਪੰਚਾਇਤਾਂ ਅਤੇ ਇੱਕ ਮਹਾਗ੍ਰਾਮ ਵਿਚ 4,533 ਪਲਾਟ ਦਿੱਤਾ ਜਾ ਚੁੱਕੇ ਹਨ।ਉੱਥੇ ਹੀ, ਮੌਜੂਦਾ ਸਰਕਾਰ ਨੇ ਆਪਣੇ ਪਿਛਲੇ 100 ਦਿਨਾਂ ਵਿਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਸ਼ਹਿਰੀ ਅਤੇ ਗ੍ਰਾਮੀਣ ਤਹਿਤ 885 ਪਰਿਵਾਰਾਂ ਨੂੰ ਪੱਕਾ ਮਕਾਨ ਬਨਾਉਣ ਲਈ 11.53 ਕਰੋੜ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਹੈ।ਮੁੱਖ ਮੰਤਰੀ ਇੱਥੇ ਹਰਿਆਣਾ ਸਰਕਾਰ ਦੇ ਤੀਜੇ ਕਾਰਜਕਾਲ ਦੇ 100 ਦਿਨ ਪੂਰੇ ਹੋਣ ਦੇ ਮੌਕੇ ਵਿਚ ਪ੍ਰਬਧਿਤ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ 'ਤੇ ਕੈਬਨਿਟ ਮੰਤਰੀ ਅਨਿਲ ਵਿਜ, ਵਿਪੁਲ ਗੋਇਲ, ਸ਼ਿਆਮ ਸਿੰਘ ਰਾਣਾ, ਰਣਬੀਰ ਗੰਗਵਾ, ਸ੍ਰੀਮਤੀ ਸ਼ਰੂਤੀ ਚੌਧਰੀ ਅਤੇ ਵਿਧਾਨਸਭਾ ਡਿਪਟੀ ਸਪੀਕਰ ਡਾ. ਕ੍ਰਿਸ਼ਣ ਲਾਲ ਮਿੱਢਾ ਮੌਜੂਦ ਸਨ।ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਗਰੀਬ ਪਰਵਾਰਾਂ ਲਈ ਮੁੱਖ ਮੰਤਰੀ ਆਵਾਸ ਯੋਜਨਾ ਸ਼ੁਰੂ ਕੀਤੀ ਹੈ। ਇਸ ਦੇ ਤਹਿਤ 14 ਸ਼ਹਿਰਾਂ ਵਿਚ 15,256 ਗਰੀਬ ਪਰਿਵਾਰਾਂ ਨੂੰ 30-30 ਗਜ ਦੇ ਪਲਾਟ ਦਿੱਤੇ ਹਨ। ਉਨ੍ਹਾਂ ਨੇ ਦਸਿਆ ਕਿ ਪੀਐਮ ਆਵਾਸ ਯੋਜਨਾ ਤਹਿਤ 77 ਹਜਾਰ ਲਾਭਾਕਾਰਾਂ , ਜਿਨ੍ਹਾਂ ਨੇ ਬਿਨੈ ਕੀਤਾ ਹੋਇਆ ਸੀ, ਉਨ੍ਹਾਂ ਦੇ ਲਈ ਇਸੀ ਬਜਟ ਵਿਚ ਲਾਭਕਾਰਾਂ ਨੂੰ ਮਕਾਨ ਬਨਾਉਣ ਲਈ ਪ੍ਰਾਵਧਾਨ ਕੀਤਾ ਜਾਵੇਗਾ, ਤਾਂ ਜੋ ਉਹ ਆਪਣਾ ਮਕਾਨ ਬਣਾ ਸਕਣ। ਇਸ ਤੋਂ ਇਲਾਵਾ, ਨਵੇਂ ਲਾਭਕਾਰਾਂ ਦੀ ਸੂਚੀ ਬਨਾਉਣ ਲਈ ਅਧਿਕਾਰੀਆਂ ਨੂੰ ਸਰਵੇ ਕਰਨ ਦੇ ਵੀ ਨਿਰਦੇਸ਼ ਦਿੱਤੇ ਜਾ ਚੁੱਕੇ ਹਨ।

# ਗਣਤੰਤਰਤਾ ਦਿਵਸ ਧੂਮਧਾਮ ਨਾਲ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**—76ਵਾਂ ਗਣਤੰਤਰਤਾ ਦਿਵਸ ਸਥਾਨਕ ਸਪੋਰਟਸ ਸਟੇਡੀਅਮ ਵਿਖੇ ਧੂਮਧਾਮ ਨਾਲ ਮਨਾਇਆ ਗਿਆ। ਸਮਾਰੋਹ ਦੌਰਾਨ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਐਸ ਡੀ ਐਮ ਵਿਵੇਕ ਕੁਮਾਰ ਮੋਦੀ ਵਲੋਂ ਅਦਾ ਕਰਨ ਉਪਰੰਤ ਕੈਡਿਟ ਟੁਕੜੀਆਂ ਵਲੋਂ ਸਲਾਮੀ ਲਈ ਗਈ। ਉਹਨਾਂ ਕਿਹਾ ਕੇ 26 ਜਨਵਰੀ 1950 ਨੂੰ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਵਲੋਂ ਲਿਖੇ ਗਏ ਸੰਵਿਧਾਨ ਨੂੰ ਲਾਗੂ ਕੀਤਾ ਗਿਆ ਸੀ ਤੇ ਭਾਰਤ ਦੇਸ਼ ਨੂੰ ਅਜਾਦ ਕਰਵਾਉਣ ਵਿਚ ਸਰਕਾਰੀ ਸੈਕੰਡਰੀ ਸਕੂਲ ਆਦਮਪੁਰ, ਮਸਾਣੀਆਂ, ਬਿਨਪਾਲਿਕੇ, ਪੰਡੋਰੀ ਨਿੱਝਰਾਂ, ਹਰੀਪੁਰ, ਢੰਡੋਰੀ, ਇੰਪੀਰੀਅਲ ਸਕੂਲ ਤੇ ਡੱਲਾ ਸਕੂਲ ਨੇ ਸੱਭਿਆਚਾਰਕ ਪੇਸ਼ਕਾਰੀਆਂ ਕੀਤੀਆਂ । ਸਟੇਜ ਸਕੱਤਰ ਦੀ ਭੂਮਿਕਾ ਲੈਕਚਰਾਰ ਗੁਰਿੰਦਰ ਸਿੰਘ ਵਲੋਂ ਬਾਖੂਬੀ ਨਿਭਾਈ ਗਈ । ਇਸ ਮੌਕੇ ਹਲਕਾ ਇੰਚਾਰਜ ਜੀਤ ਲਾਲ ਭੱਟੀ, ਤਹਿਸੀਲਦਾਰ ਗੁਰਪ੍ਰੀਤ ਸਿੰਘ, ਨਾਇਬ ਤਹਿਸੀਲਦਾਰ ਓਂਕਾਰ ਸਿੰਘ ਤੇ ਰਾਜਵੀਰ ਸਿੰਘ,ਡੀ ਐਸ ਪੀ ਕੁਲਵੰਤ ਸਿੰਘ, ਪ੍ਰਿੰਸੀਪਲ ਰਾਮ ਆਸਰਾ, ਲੈਕਚਰਾਰ ਗੁਰਿੰਦਰ ਸਿੰਘ, ਕੌਂਸਲਰ ਸੁਰਿੰਦਰ ਪਾਲ ਸਿੱਧੂ, ਕੌਂਸਲਰ ਅਮਰੀਕ ਸਿੰਘ ਸਵੀਟੀ, ਹਰਵਿੰਦਰ ਬਿੰਦਾ ਗਰੇਵਾਲ,ਬਲਾਕ ਅਫਸਰ ਅਮਰਜੀਤ ਸਿੰਘ, ਥਾਣੇਦਾਰ ਰਵਿੰਦਰਪਾਲ ਸਿੰਘ, ਚੇਅਰਮੈਨ ਪਰਮਜੀਤ ਸਿੰਘ ਰਾਜਵੰਸ ਤੇ ਬਰਕਤ ਰਾਮ ਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਹਾਜਰ ਸਨ।



# ਕਰਿਆਮ ਦਾ ਜਸਵੀਰ ਸਿੰਘ ਬਣਿਆ ਸ਼ੂਗਰਕੇਨ ਹਾਰਵੈਸਟਰ ਖ਼ਰੀਦਣ ਵਾਲਾ ਪਹਿਲਾ ਕਿਸਾਨ

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਪਿੰਡ ਕਰਿਆਮ ਦਾ ਅਗਾਂਹਵਧੂ ਕਿਸਾਨ ਜਸਵੀਰ ਸਿੰਘ ਜ਼ਿਲ੍ਹੇ ਦੇ ਗੰਨਾ ਕਾਸ਼ਤਕਾਰਾਂ ਲਈ ਰਾਹ ਦਿਸੇਰਾ ਬਣਿਆ ਹੈ। ਇਸ ਕਿਸਾਨ ਵੱਲੋਂ ਸ਼ਕਤੀਮਾਨ ਕੰਪਨੀ ਕੋਲੋਂ ਇਕ ਕਰੋੜ ਰੁਪਏ ਦੀ ਕੀਮਤ ਵਾਲਾ ਵਿਸ਼ੇਸ਼ ਸ਼ੂਗਰਕੇਨ ਹਾਰਵੈਸਟਰ ਖ਼ਰੀਦਿਆ ਗਿਆ ਹੈ, ਜਿਸ ਵਿਚ ਕਿਸਾਨ ਦਾ ਹਿੱਸਾ 60 ਲੱਖ ਰੁਪਏ ਅਤੇ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਸਬਸਿਡੀ ਦੀ ਰਕਮ 40 ਲੱਖ ਰੁਪਏ ਸ਼ਾਮਿਲ ਹੈ। ਖੇਤਾਂ ਵਿਚ ਇਸ ਮਸ਼ੀਨ ਦੀ ਪ੍ਰਦਰਸ਼ਨੀ ਲਈ ਪਿੰਡ ਕਰਿਆਮ ਵਿਖੇ ਇਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ। ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ ਦੇ ਉਪ ਚੇਅਰਮੈਨ ਲਲਿਤ ਮੋਹਨ ਪਾਠਕ (ਬੱਲੂ) ਅਤੇ ਐਸ ਡੀ ਐਮ ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ ਵੱਲੋਂ ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਕਿਸਾਨ ਨੂੰ ਇਸ ਮਸ਼ੀਨ ਦੀ ਚਾਬੀ ਸੌਂਪੀ ਗਈ। ਇਸ ਮੌਕੇ ਨਵਾਂਸ਼ਹਿਰ ਸਹਿਕਾਰੀ ਖੰਡ ਮਿੱਲ ਦੇ ਜਨਰਲ ਮੈਨੇਜਰ ਰੁਪਿੰਦਰ ਸਿੰਘ, ਸੀ.ਸੀ.ਡੀ.ਓ ਮਨਦੀਪ ਸਿੰਘ ਬਰਾੜ, ਸਹਾਇਕ ਗੰਨਾ ਵਿਕਾਸ ਅਫ਼ਸਰ ਡਾ. ਰਾਜਕੁਮਾਰ, ਕੁਲਦੀਪ ਸਿੰਘ ਬਜੀਦਪੁਰ ਤੋਂ ਇਲਾਵਾ ਸ਼ਕਤੀਮਾਨ ਕੰਪਨੀ ਦੇ ਨੁਮਾਇੰਦੇ ਮੌਜੂਦ ਸਨ।ਕੰਪਨੀ ਦੇ ਨੁਮਾਇੰਦਿਆਂ ਨੇ ਇਸ ਮੌਕੇ ਦੱਸਿਆ ਕਿ ਇਹ ਮਸ਼ੀਨ ਪੰਜਾਬ ਵਿਚ ਲੇਬਰ ਦੀ ਸਮੱਸਿਆ ਨੂੰ ਦੂਰ ਕਰਨ ਲਈ ਤਿਆਰ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਮਸ਼ੀਨ ਇਕ ਦਿਨ ਵਿਚ ਪੰਜ ਏਕੜ ਕਮਾਦ ਨੂੰ ਕੱਟਦੀ ਹੈ ਅਤੇ ਲੋਡ ਵੀ ਕਰਦੀ ਹੈ।ਉਨ੍ਹਾਂ ਦੱਸਿਆ ਕਿ ਇਸ ਨਾਲ ਜਿਥੇ ਲੇਬਰ ਦੀ ਸਮੱਸਿਆ ਹੱਲ ਹੁੰਦੀ ਹੈ, ਉਥੇ ਕਿਸਾਨਾਂ ਦਾ ਗੰਨਾ ਜ਼ਮੀਨ ਦੇ ਬਿਲਕੁਲ ਨੇੜਿਓਂ ਕੱਟੇ ਜਾਣ ਨਾਲ ਇਸ ਦਾ ਵਜ਼ਨ ਵੀ ਵੱਧਦਾ ਹੈ, ਜਿਸ ਨਾਲ ਕਿਸਾਨਾਂ ਦੀ ਆਮਦਨ ਵਿਚ ਵਾਧਾ ਵੀ ਹੋਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਇਸ ਤਰ੍ਹਾਂ ਦੀਆਂ 21 ਮਸ਼ੀਨਾਂ ਚੱਲ ਰਹੀਆਂ ਹਨ ਅਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਇਹ ਪਹਿਲੀ ਮਸ਼ੀਨ ਹੈ, ਜੋ ਪਿੰਡ ਕਰਿਆਮ ਦੇ ਇਸ ਕਿਸਾਨ ਵੱਲੋਂ ਖ਼ਰੀਦੀ ਗਈ ਹੈ।ਜਨਰਲ ਮੈਨੇਜਰ ਰੁਪਿੰਦਰ ਸਿੰਘ ਨੇ ਕਿਹਾ ਕਿ ਇਹ ਇਕ ਬਹੁਤ ਹੀ ਵਧੀਆ ਉਪਰਾਲਾ ਹੈ। ਕੁਲਦੀਪ ਸਿੰਘ ਬਜੀਦਪੁਰ ਨੇ ਇਸ ਦੌਰਾਨ ਕਿਹਾ ਕਿ ਇਹ ਹਾਰਵੈਸਟਰ ਖਰੀਦਣ ਲਈ ਜ਼ਿਲ੍ਹੇ ਦੇ ਕਿਸਾਨ ਜਸਵੀਰ ਸਿੰਘ ਨੇ ਹੰਭਲਾ ਮਾਰਿਆ ਹੈ, ਜੋ ਕਿ ਇਕ ਸਲਾਘਯੋਗ ਕਦਮ ਹੈ। ਸਹਾਇਕ ਗੰਨਾ ਵਿਕਾਸ ਅਫ਼ਸਰ ਡਾ. ਰਾਜਕੁਮਾਰ ਨੇ ਕਿਹਾ ਕਿ ਇਸ ਮਸ਼ੀਨ ਨਾਲ ਜਿਥੇ ਗੰਨੇ ਹੇਠਾਂ ਰਕਬਾ ਵਧੇਗਾ, ਉਥੇ ਪੰਜਾਬ ਸਰਕਾਰ ਦੀ ਫ਼ਸਲੀ ਵਿਭਿੰਨਤਾ ਦੀ ਨੀਤੀ ਨੂੰ ਲਾਗੂ ਕਰਨ ਵਿਚ ਵੀ ਮਦਦ ਮਿਲੇਗੀ। ਇਸ ਦੌਰਾਨ ਪਿੰਡ ਕਰਿਆਮ ਅਤੇ ਆਲੇ-ਦੁਆਲੇ ਦੇ ਇਲਾਕਿਆਂ ਤੋਂ 100 ਤੋਂ ਵੱਧ ਕਿਸਾਨਾਂ ਨੇ ਸਮਾਗਮ ਵਿਚ ਸ਼ਿਰਕਤ ਕੀਤੀ, ਜਿਨ੍ਹਾਂ ਨੂੰ ਗੰਨੇ ਦੇ ਖੇਤ ਵਿਚ ਇਸ ਸ਼ੂਗਰਕੇਨ ਹਾਰਵੈਸਟਰ ਨੂੰ ਚਲਾ ਕੇ ਦਿਖਾਇਆ ਗਿਆ।



# ਡਾ. ਅੰਬੇਡਕਰ ਦਾ ਅਪਮਾਨ ਕਰਨ ਵਾਲੇ ਨੂੰ ਸਖਤ ਸਜ਼ਾ ਦਿੱਤੀ ਜਾਵੇ : ਰਾਮ ਕ੍ਰਿਸ਼ਨ



**ਬੰਗਾ (ਅਵਤਾਰ ਕਲੇਰ)**

ਐਸਸੀ ਬੀਸੀ ਅਧਿਆਪਕ ਯੂਨੀਅਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਲੈਕ ਰਾਮ ਕ੍ਰਿਸ਼ਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ 26 ਜਨਵਰੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਦੇ ਬੁੱਤ ਨਾਲ ਛੇੜ ਛਾੜ ਕਰਨ ਵਾਲੇ ਵਿਅਕਤੀ ਦੇ ਖਿਲਾਫ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।ਉਹਨਾਂ ਕਿਹਾ ਕਿ ਅਜਿਹੇ ਨਫਰਤ ਫੈਲਾਉਣ ਵਾਲੇ ਲੋਕਾਂ ਨੂੰ ਗਰੀਬਾਂ,ਦਲਿਤਾਂ ਦੇ ਮਸੀਹਾ ਪ੍ਰਤੀ ਇੰਨੀ ਨਫਰਤ ਦਰਸਾ ਰਹੀ ਕਿ ਅਜਿਹੇ ਲੋਕ ਗਰੀਬਾਂ, ਪੱਛੜਿਆਂ ਨਾਲ ਕਿੰਨੀ ਨਫਰਤ ਕਰਦੇ ਹਨ। ਉਹਨਾਂ ਇਸ ਘਟਨਾ ਨੂੰ ਪ੍ਰਸ਼ਾਸਨ ਦੀ ਵੱਡੀ ਨਲਾਇਕੀ ਦੱਸਿਆ। ਅਜਿਹੀਆਂ ਘਟਨਾਵਾਂ ਨਾਲ ਦਲਿਤ ਅਤੇ ਗਰੀਬ ਸਮਾਜ ਦਾ ਹੌਸਲਾ ਡਿੱਗਣ ਵਾਲਾ ਨਹੀਂ ਹੈ, ਸਗੋਂ ਉਹ ਅੱਗੇ ਤੋਂ ਵੀ ਹੋਰ ਦ੍ਰਿੜਤਾ ਨਾਲ ਬਾਬਾ ਸਾਹਿਬ ਦੀ ਸੋਚ 'ਤੇ ਡੱਟ ਕੇ ਪਹਿਰਾ ਦੇਣਗੇ। ਇਸ ਮੌਕੇ ਲੈਕ ਰਾਮ ਕ੍ਰਿਸ਼ਨ ਪੱਲੀ ਝਿੱਕੀ ਜ਼ਿਲ੍ਹਾ ਪ੍ਰਧਾਨ, ਲੈਕ ਸੁਰਜੀਤ ਸੈਂਪਲੇ, ਲੈਕ ਕੁਲਵਿੰਦਰ ਸਿੰਘ, ਡਾ ਨਿਰੰਜਨ ਪਾਲ, ਦੇਸ ਰਾਜ ਨੌਰਦ, ਪਰਵਿੰਦਰ ਸਿੰਘ ਭੰਗਲ, ਟੋਡਰ ਮੱਲ, ਰਕੇਸ਼ ਕੁਮਾਰ, ਵਿਪਨ ਕੁਮਾਰ, ਸੰਦੀਪ ਬਾਲੀ, ਭਗਵਾਨ ਦਾਸ, ਪਰਮਿੰਦਰ ਸਿੰਘ, ਲੈਕ ਬਲਿਹਾਰ ਸਿੰਘ, ਰਮੇਸ਼ ਕੁਮਾਰ ਪੀਟੀਆਈ, ਅਮਰਜੀਤ ਪੀਟੀਆਈ, ਮੱਖਣ ਬਖਲੌਰ, ਸਤਨਾਮ ਰਟੈਂਡਾ,ਲੈਕ ਮਨਜਿੰਦਰ ਸਿੰਘ ਕਲਸੀ, ਸੁਰਿੰਦਰ ਸਿੰਘ ਮਾਂਗਟ, ਕਸ਼ਮੀਰ ਰਹਿਪਾ ਆਦਿ ਹਾਜ਼ਰ ਸਨ।

# ਰੰਧਾਵਾ ਨੇ ਦੋ ਸ਼ੈਲਟਰਾਂ ਤੇ ਪਖਾਨਿਆਂ ਨੂੰ ਕੀਤਾ ਲੋਕ ਅਰਪਣ



**ਡੇਰਾਬੱਸੀ, (ਵਿਨੈ ਕੁਮਾਰ ਜੈਨ)**—ਸ਼ਹਿਰ ਵਾਸੀਆਂ ਦੀ ਸਹੂਲਤ ਲਈ ਨਗਰ ਕੌਂਸਲ ਡੇਰਾਬੱਸੀ ਵੱਲੋਂ 33 ਲੱਖ ਰੁਪਏ ਦੀ ਲਾਗਤ ਦੋ ਸ਼ੈਲਟਰ (ਬੱਸ ਸਟੈਂਡ) ਅਤੇ ਜਨਤਕ ਪਖਾਨੇ ਬਣਾਏ ਗਏ ਜਿਨ੍ਹਾਂ ਦਾ ਉਦਘਾਟਨ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕੀਤਾ। ਉਨ੍ਹਾਂ ਦੇ ਨਾਲ ਕਾਰਜ ਸਾਧਕ ਅਫਸਰ ਵਿਜੇ ਜਿੰਦਲ, ਨਗਰ ਕੌਂਸਲ ਪ੍ਰਧਾਨ ਆਸ਼ੂ ਉਪਨੇਜਾ ਸਮੇਤ ਕੌਂਸਲਰ ਅਤੇ ਪਾਰਟੀ ਵਰਕਰ ਹਾਜਰ ਸਨ। ਰੰਧਾਵਾ ਨੇ ਕਿਹਾ ਕਿ ਮੀਂਹ ਅਤੇ ਤੇਜ ਗਰਮੀ ਦੌਰਾਨ ਸ਼ਹਿਰ ਵਾਸੀਆਂ ਨੂੰ ਬੱਸ ਸਟੈਂਡ 'ਤੇ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਜਿਸ ਲਈ ਬਰਵਾਲਾ ਰੋਡ 'ਤੇ ਸਵਾਰੀਆਂ ਲਈ 10 ਲੱਖ ਦੀ ਲਾਗਤ ਨਾਲ ਸਟੀਲ ਦਾ ਮਜਬੂਰ ਸ਼ੈਲਟਰ ਬਣਾਇਆ ਗਿਆ। ਇਸੇ ਤਰ੍ਹਾਂ ਬੱਸ ਸਟੈਂਡ 'ਤੇ ਰਾਮ ਤਲਾਈ ਨੇੜੇ ਵੀ ਸਵਾਰੀਆਂ ਦੀ ਸਹੂਲਤ ਲਈ 10 ਲੱਖ ਰੁਪਏ ਨਾਲ ਸ਼ੈਲਟਰ ਸਟੈਂਡ ਅਤੇ 13 ਲੱਖ ਨਾਲ ਜਨਤਕ ਪਖਾਨਿਆਂ ਦਾ ਨਿਰਮਾਣ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਖੇਤਰ ਦੇ ਲੋਕਾਂ ਦੀ ਸਹੂਲਤ ਲਈ ਡੇਰਾਬਸੀ ਦੇ ਬਹੁਕਰੋੜੀ ਅਤਿਆਧੁਨਿਕ ਬੱਸ ਸਟੈਂਡ ਦੇ ਲਈ ਕਾਰਜ ਆਰੰਭ ਕਰ ਦਿੱਤਾ ਗਿਆ ਹੈ। ਜਲਦ ਹੀ ਪੁਰਾਣੀ ਇਮਾਰਤ ਨੂੰ ਤੋੜ ਕੇ ਨਿਰਮਾਣ ਕਾਰਜ ਸ਼ੁਰੂ ਕਰਵਾਏ ਜਾਣਗੇ।

# ਕਸਬਾ ਸੰਪੂਰਨ ਤੌਰ 'ਤੇ ਸ਼ਾਂਤਮਈ ਢੰਗ ਨਾਲ ਬੰਦ ਰਿਹਾ

**ਅਲਾਵਲਪੁਰ (ਮਦਨ ਬੰਗੜ)**

ਅੰਮ੍ਰਿਤਸਰ ਦੀ ਹੈਰੀਟੇਜ ਸਟ੍ਰੀਟ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੀ ਮੂਰਤੀ ਨੂੰ ਤੋੜਨ ਦੀ ਘਟਨਾ ਦੇ ਰੋਸ ਵਜੋਂ ਬੰਦ ਦੇ ਸੱਦੇ ਦਾ ਸਮਰਥਨ ਕਰਨ ਲਈ ਕਸਬਾ ਅਲਾਵਲਪੁਰ ਵਿਖੇ ਇਲਾਕੇ ਭਰ ਦੇ ਐਸੀ ਸਮਾਜ ਵੱਲੋਂ ਸਾਂਝੇ ਤੌਰ 'ਤੇ ਕਸਬਾ ਅਲਾਵਲਪੁਰ ਵਿਖੇ ਰੋਸ ਮਾਰਚ ਕੱਢਿਆ ਗਿਆ। ਇਸ ਦੌਰਾਨ ਕਸਬਾ ਅਲਾਵਲਪੁਰ ਸੰਪੂਰਨ ਤੌਰ 'ਤੇ ਬੰਦ ਰਿਹਾ। ਅਲਾਵਲਪੁਰ ਦਾ ਮੁੱਖ ਬਾਜ਼ਾਰ, ਕਈ ਵਿਦਿਅਕ ਅਦਾਰੇ, ਸਰਵਿਸ ਸਟੇਸ਼ਨ ,ਪੈਟਰੋਲ ਪੰਪ, ਸ਼ਰਾਬ ਦੇ ਠੇਕੇ ਬੰਦ ਰਹੇ । ਇਸ ਤੋਂ ਇਲਾਵਾ ਕਈ ਫੈਕਟਰੀਆਂ ਅਤੇ ਬੈਂਕਾਂ ਦਾ ਕੰਮਕਾਜ ਵੀ ਪ੍ਰਭਾਵਿਤ ਰਿਹਾ। ਵੱਡੀ ਗਿਣਤੀ ਵਿੱਚ ਲੋਕਾਂ ਦੇ ਇਕੱਠ ਵੱਲੋਂ ਪੂਰੇ ਬਾਜ਼ਾਰ ਵਿੱਚ ਰੋਸ ਮਾਰਚ ਕੱਢਿਆ ਗਿਆ । ਮੇਨ ਬੱਸ ਸਟੈਂਡ ਅਲਾਵਲਪੁਰ ਵਿਖੇ ਤਿੰਨ ਘੰਟੇ ਧਰਨਾ ਵੀ ਦਿੱਤਾ ਗਿਆ। ਇਸ ਦੌਰਾਨ ਆਵਾਜਾਈ ਨੂੰ ਬਹਾਲ ਰੱਖਣ ਲਈ ਦੁਸਹਿਰਾ ਗਰਾਊਂਡ ਚੌਂਕ ਤੋਂ ਸ਼ਹਿਰ ਦੇ ਬਾਹਰੋਂ ਬਾਹਰ ਟਰੈਫਿਕ ਨੂੰ ਡਾਈਵਰਟ ਕਰ ਦਿੱਤਾ ਗਿਆ।ਸਥਾਨਕ ਬੱਸ ਅੱਡੇ ਵਿਖੇ ਦਿੱਤੇ ਧਰਨੇ ਵਿੱਚ ਵੱਖ-ਵੱਖ ਬੁਲਾਰਿਆਂ ਨੇ ਆਖਿਆ ਕਿ ਇਕ ਪਾਸੇ ਸਾਰੇ ਦੇਸ਼ ਵਿੱਚ ਗਣਤੰਤਰ ਦਿਵਸ ਦੇ ਜਸ਼ਨ ਮਨਾਏ ਜਾ ਰਹੇ ਸਨ, ਪਰ ਦੂਜੇ ਪਾਸੇ ਸ਼ਰਾਰਤੀ ਅਨਸਰਾਂ ਵੱਲੋਂ ਇਕ ਸਾਜ਼ਿਸ਼ ਤਹਿਤ ਭਾਰਤੀ ਸੰਵਿਧਾਨ ਦੇ ਰਚੇਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ ਜੋ ਕਿ ਮੰਦਭਾਗੀ ਘਟਨਾ ਹੈ।ਉਨਾਂ ਕਿਹਾ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲਾ ਭਾਵੇਂ ਕੋਈ ਵੀ ਹੋਵੇ, ਉਹਨਾਂ ਨੂੰ ਬਖਸ਼ਿਆ ਨਾ ਜਾਵੇ।ਇਸ ਮੌਕੇ ਮੁਕੰਦਰ ਲਾਲ ਕੌਂਸਲ ਅਲਾਵਲਪੁਰ ,ਮਦਨ ਲਾਲ ਮੱਦੀ ਕੌਂਸਲਰ, ਰਾਜ ਜਨੇਗਲ ਹੰਸ ਰਾਜ ਭੈਰੋ,ਇਕਬਾਲ, ਗੁਰਮੀਤ ਚੰਦ ,ਸੋਮਰਾਜ ,ਅਵਤਾਰ ਚੰਦ, ਗਗਨ ਕਲਸੀ, ਗੁਰਪਾਲ ਪਾਲਾ, ਪਵਨ ਖੋਸਲਾ, ਸਰੇਸ਼ ਕੁਮਾਰ ਤੋਤਾ ,ਸੁੱਚਾ ਰਾਮ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਸਨ।ਇਸ ਦੌਰਾਨ ਕਿਸੇ ਵੀ ਅਣਸੁਖਾਵੀ ਘਟਨਾ ਨੂੰ ਰੋਕਣ ਲਈ ਪੁਲਸ ਪ੍ਰਸ਼ਾਸਨ ਵੱਲੋਂ ਏਐਸਆਈ ਪਰਮਜੀਤ ਸਿੰਘ ਅਲਾਵਲਪੁਰ ਪੁਲਸ ਪਾਰਟੀ ਸਮੇਤ ਮੌਜੂਦ ਰਹੇ।



# ਬਿੱਟੂ ਨੇ ਤਿਰੰਗਾ ਲਹਿਰਾਇਆ

**ਅੱਡਾ ਸਰਾਂ (ਜਸਵੀਰ ਕਾਜਲ)**-ਮਿਡਲ ਸਕੂਲ ਜੌਹਲ ਵਿਖੇ ਗਰਾਮ ਪੰਚਾਇਤ ਜੌਹਲ ਅਤੇ ਸਮੂਹ ਸਟਾਫ ਨੇ ਮਿਲ ਕੇ 26 ਜਨਵਰੀ ਨੂੰ ਗਣਤੰਤਰ ਦਿਵਸ ਮਨਾਇਆ। ਪਰਮਜੀਤ ਸਿੰਘ ਬਿੱਟੂ ਵੱਲੋਂ ਕੌਮੀ ਝੰਡਾ ਲਹਿਰਾਇਆ ਗਿਆ ਅਤੇ ਉਨਾਂ ਦੇ ਨਾਲ ਮੈਂਬਰ ਪੰਚਾਇਤ ਸ੍ਰੀਮਤੀ ਜੀਤ ਕੌਰ ਸ੍ਰੀਮਤੀ ਕਸ਼ਮੀਰ ਕੌਰ ਸ੍ਰੀਮਤੀ ਅਮਨਪ੍ਰੀਤ ਕੌਰ ਗੁਰਵਾਕਸ਼ ਕੌਰ ਲਵਪ੍ਰੀਤ ਸਿੰਘ ਹਰਵਿੰਦਰ ਸਿੰਘ ਹਰਚਰਨਜੀਤ ਸਿੰਘ ਹਰਕੀਰਤ ਸਿੰਘ ਬੈਂਸ ਅਰਸ਼ ਵੈਂਸ ਅਰਸ਼ਦੀਪ ਕੁਮਾਰ ਦਿਲਜੀਤ ਕੁਮਾਰ ਸ਼ਰਮਾ ਗੁਰਮਿੰਦਰ ਸਿੰਘ, ਹੈੱਡ ਮਾਸਟਰ ਦਵਿੰਦਰ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਹੋਇਆ।




# ਆਈਕੋਨਿਕ ਹੱਬ ਵਿਖੇ ਗਣਤੰਤਰ ਦਿਵਸ ਮਨਾਇਆ

**ਬਿਲਗਾ (ਵਿਜੇ ਕੁਮਾਰ)**

76ਵੇਂ ਗਣਤੰਤਰਤਾ ਦਿਵਸ ਦੇ ਮੌਕੇ 'ਤੇ ਆਈਕੋਨਿਕ ਹੱਬ ਬਿਲਗਾ ਪੱਤੀ ਭਲਾਈ ਵਿਖੇ ਰਾਸ਼ਟਰੀ ਝੰਡਾ ਮੁੱਖ ਪ੍ਰਬੰਧਕ ਰਿਟਾਇਰਡ ਪ੍ਰਿੰਸੀਪਲ ਰਵੀ ਸ਼ਰਮਾ, ਭਾਰਤੀਆ ਵਿਕਾਸ ਪ੍ਰੀਸ਼ਦ ਦੇ ਕੁਲਦੀਪ ਸਿੰਘ,ਲਾਇਨ ਕਲੱਬ ਬਿਲਗਾ ਆਸਥਾ ਦੇ ਪ੍ਰਧਾਨ ਸੁਖ ਰਾਮ ਅਤੇ ਮੁੱਖ ਮਹਿਮਾਨ ਨਗਰ ਪੰਚਾਇਤ ਦੇ ਪ੍ਰਧਾਨ ਗੁਰਨਾਮ ਸਿੰਘ ਜੱਖੂ ਵੱਲੋਂ ਸਾਂਝੇ ਤੌਰ 'ਤੇ ਲਹਿਰਾਇਆ ਗਿਆ। ਇਸ ਮੌਕੇ 'ਤੇ ਵੱਖ ਵੱਖ ਪਾਰਟੀਆਂ ਦੇ ਆਗੂ ਅਤੇ ਪਤਵੰਤੇ ਸੱਜਣ ਵੀ ਸ਼ਾਮਲ ਹੋਏ । ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਅਤੇ ਦੇਸ਼ ਭਗਤੀ ਦੇ ਗੀਤ ਗਾਏ। ਇਸ ਖੁਸ਼ੀ ਦੇ ਮੌਕੇ ਲੱਡੂ ਵੀ ਵੰਡੇ ਗਏ। ਪ੍ਰਧਾਨ ਗੁਰਨਾਮ ਸਿੰਘ ਜੱਖੂ ਨੇ ਗਣਤੰਤਰਤ ਦਿਵਸ ਦੀ ਵਧਾਈ ਦਿੰਦੇ ਕਿਹਾ ਕਿ ਨਗਰ ਕੌਂਸਲ ਬਿਲਗਾ ਨਗਰ ਦੀ ਬਿਹਤਰੀ ਲਈ ਹਰ ਸੰਭਵ ਯਤਨ ਕਰਦੀ ਰਹੇਗੀ। ਗਣਤੰਤਰ ਦਿਵਸ ਅਤੇ ਸੰਵਿਧਾਨ ਦੀ ਮਹੱਤਤਾ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਅਤੇ ਦੇਸ਼ ਵਾਸੀਆਂ ਨੂੰ ਵਧਾਈ ਦਿੰਦੇ ਹੋਏ ਦੇਸ਼ ਆਜਾਦ ਕਰਵਾਉਣ ਲਈ ਹੋਏ ਸ਼ਹੀਦਾਂ ਨੂੰ ਸਤਸਤ ਪ੍ਰਣਾਮ ਕੀਤਾ। ਇਸ ਮੌਕੇ ਸੀਨੀਅਰ ਵਾਈਸ ਪ੍ਰਧਾਨ ਨਗਰ ਪੰਚਾਇਤ ਸੰਦੀਪ ਸਿੰਘ, ਵਾਈਸ ਪ੍ਰਧਾਨ ਨਗਰ ਪੰਚਾਇਤ ਪਰਵਿੰਦਰ ਸਿੰਘ, ਮੈਂਬਰ ਨਗਰ ਪੰਚਾਇਤ ਸਵਿਤਾ ਰਾਣੀ, ਮੈਂਬਰ ਨਗਰ ਪੰਚਾਇਤ ਬਲਵੀਰ ਕੌਰ, ਕੁਲਦੀਪ ਸਿੰਘ, ਵਿਜੇ ਕੁਮਾਰ,ਤੀਰਥ ਰਾਮ, ਸੰਜੀਵ ਵਰਮਾ, ਤਰਸੇਮ ਲਾਲ ਗੁਪਤਾ, ਨਿਤਿਨ ਗੋਗਨਾ, ਪੁਸਕਰ ਅਰੋੜਾ,ਦਵਿੰਦਰ ਜੌਹਲ, ਮਨਜਿੰਦਰ ਜੌਹਲ, ਸ੍ਰੀਮਤੀ ਅਨੀਤਾ ਸਰਮਾ, ਬਲਜੀਤ ਸਿੰਘ ਔਜਲਾ ਤੋਂ ਇਲਾਵਾ ਆਈਕੋਨਿਕ ਹੱਬ ਟੀਮ ਦੇ ਸਮੂਹ ਮੈਂਬਰਾਂ ਦੇ ਨਾਲ ਭਾਰਤੀਆਂ ਵਿਕਾਸ ਪ੍ਰੀਸਦ ਅਤੇ ਲਾਇਨਜ ਕਲੱਬ ਬਿਲਗਾ ਆਸਥਾ ਦੇ ਸਮੂਹ ਮੈਂਬਰ ਹਾਜਰ ਸਨ। ਮਾਸਟਰ ਜੈ ਗੋਪਾਲ ਸੱਚਦੇਵਾ ਨੇ ਵੀ ਇਸ ਕੌਮੀ ਦਿਨ ਦੀ ਵਧਾਈ ਦਿੱਤੀ ਅਤੇ ਇਥੇ ਪਹੁੰਚਣ 'ਤੇ ਸਭ ਦਾ ਧੰਨਵਾਦ ਕੀਤਾ।



# ਯਸ਼ਪਾਲ ਸਿੰਘ ਨੂੰ ਮਿਲੀ ਤਰੱਕੀ

**ਬਲਾਚੌਰ (ਜਸਵਿੰਦਰ ਬੈਂਸ)**-ਪੈਪਸੂ ਰੋਡ ਟਰਾਂਸਪੋਰਟ ਪਟਿਆਲਾ ਅੰਦਰ 1997 ਤੋਂ ਸੇਵਾਵਾਂ ਨਿਭਾਆ ਰਹੇ ਪਿੰਡ ਰਾਮਨਗਰ (ਬਲਾਚੌਰ) ਸ਼ਹੀਦ ਭਗਤ ਸਿੰਘ ਨਗਰ ਦੇ ਵਾਸੀ ਸਰਦਾਰ ਯਸ਼ਪਾਲ ਸਿੰਘ ਨੂੰ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਵਿਭਾਗ ਵੱਲੋਂ ਪਦਉਨੰਤ ਕਰਕੇ ਇੰਸਪੈਕਟਰ ਬਣਾਇਆ ਗਿਆ।ਹੁਣ ਕਪੂਰਥਲਾ ਵਿਖੇ ਤਾਇਨਾਤ ਸਰਦਾਰ ਯਸ਼ਪਾਲ ਨੇ ਦੱਸਿਆ ਕਿ ਪਿਛਲੇ ਲਗਭਗ 25 ਸਾਲਾਂ ਤੋਂ ਜਲੰਧਰ, ਪਟਿਆਲਾ, ਕਪੂਰਥਲਾ ਆਦਿ ਵਿਖੇ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਨ ਬਦਲੇ ਵਿਭਾਗ ਵੱਲੋਂ ਮੈਨੂੰ ਇਹ ਮਾਣ ਸਤਿਕਾਰ ਬਖ਼ਸ਼ਿਆ ਗਿਆ ਹੈ। ਸਮੁੱਚੇ ਵਿਭਾਗ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਪੂਰੀ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਉਂਦਾ ਰਹਾਂਗਾ।



# ਪ੍ਰਵਾਸੀ ਬੱਚੇ ਜੋ ਸੁਣਾਉਣਗੇ ਰਾਸ਼ਟਰ ਗਾਨ ਉਹ ਪਾਉਣਗੇ ਅਰੋੜਾ ਮਹਾਸਭਾ ਤੋਂ ਸਨਮਾਨ : ਸੰਜੀਵ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**

ਅਰੋੜਾ ਮਹਾਸਭਾ ਹੁਸ਼ਿਆਰਪੁਰ ਵਲੋਂ ਸੀਨੀਅਰ ਉਪ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਗਣਤੰਤਰ ਦਿਵਸ ਦੇ ਮੌਕੇ 'ਤੇ ਝੁੱਗੀ ਝੌਂਪੜੀ ਵਿੱਚ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਰਾਸ਼ਟਰੀ ਗਾਣ ਗਾ ਕੇ ਕੀਤੀ ਗਈ। ਇਸ ਮੌਕੇ ਬੱਚਿਆਂ ਨੂੰ ਮਿਠਾਈਆਂ ਵੰਡੀਆਂ ਗਈਆਂ।ਸੰਜੀਵ ਅਰੋੜਾ ਨੇ ਗਣਤੰਤਰ ਦਿਵਸ ਦੇ ਸ਼ੁੱਭ ਮੌਕੇ 'ਤੇ ਸਭ ਨੂੰ ਵਧਾਈ ਦਿੰਦੇ ਹੋਏ ਦੱਸਿਆ ਕਿ ਇਸ ਦਿਨ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ, ਜਿਸ ਦੇ ਨਿਰਮਾਤਾ ਡਾ. ਭੀਮਰਾਵ ਅੰਬੇਡਕਰ ਨੂੰ ਯਾਦ ਕਰਦੇ ਹੋਏ ਸੰਵਿਧਾਨ ਤੋਂ ਮਿਲੇ ਅਧਿਕਾਰਾਂ ਦੀ ਜਾਣਕਾਰੀ ਵੀ ਪ੍ਰਦਾਨ ਕੀਤੀ ਅਤੇ ਅਰੋੜਾ ਨੇ ਬੱਚਿਆਂ ਨੂੰ ਰਾਸ਼ਟਰੀ ਗਾਨ ਸੁਣਾਉਣ ਲਈ ਕਿਹਾ ਅਤੇ ਇਸ ਦੇ ਮਹੱਤਵ ਦੀ ਪੂਰੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਕਿਹਾ ਕਿ ਜਿਹੜੇ ਬੱਚੇ 10 ਦਿਨ ਬਾਅਦ ਰਾਸ਼ਟਰੀ ਗਾਨ ਯਾਦ ਕਰਕੇ ਸੁਣਾ ਦੇਣਗੇ, ਉਹਨਾਂ ਨੂੰ ਅਰੋੜਾ ਮਹਾਸਭਾ ਵੱਲੋਂ ਸਨਮਾਨਿਤ ਕੀਤਾ ਜਾਵੇਗਾ।ਇਸ ਮੌਕੇ ਸਾਬਕਾ ਪ੍ਰਧਾਨ ਰਵੀ ਮਨੋਚਾ ਨੇ ਦੇਸ਼ ਲਈ ਸ਼ਹੀਦ ਹੋਣ ਵਾਲੇ ਅਤੇ ਸਾਨੂੰ ਆਜ਼ਾਦੀ ਦਿਲਾਉਣ ਵਾਲੇ ਮਹਾਨ ਦੇਸ਼ ਭਗਤਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਇਨ੍ਹਾਂ ਮਹਾਨ ਸਪੂਤਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਜੋ ਦਿਨ ਰਾਤ ਬਾਰਡਰ 'ਤੇ ਸਾਡੇ ਲਈ ਡਿਊਟੀ ਕਰਦੇ ਹਨ ਅਤੇ ਅਸੀਂ ਚੈਨ ਦੀ ਨੀਂਦ ਸੌਂਦੇ ਹਾਂ। ਇਸ ਮੌਕੇ ਰਵੀ ਮਨੋਚਾ, ਗੁਲਸ਼ਨ ਅਰੋੜਾ, ਜਤਿਨ ਅਰੋੜਾ, ਵਿਜੈ ਅਰੋੜਾ, ਕਿੱਟੂ ਅਰੋੜਾ, ਬੌਬੀ ਅਰੋੜਾ, ਪੀ.ਸੀ.ਆਰ. ਮੋਬਾਈਲ ਤੋਂ ਮੰਜੀਤ ਸਿੰਘ ਏ.ਐਸ.ਆਈ., ਰਸ਼ਪਾਲ ਸਿੰਘ ਏ.ਐਸ.ਆਈ.ਤੇ ਹੋਰ ਮੌਜੂਦ ਸਨ।



# ਖੇਤ ਮਜ਼ਦੂਰਾਂ ਦੀ ਸੂਬਾਈ ਮੀਟਿੰਗ 5 ਨੂੰ ਹੋਵੇਗੀ : ਨੂਰਪੁਰੀ ਤੇ ਗੁਰਮੇਸ਼ ਸਿੰਘ

**ਨਵਾਂਸ਼ਹਿਰ (ਮਨੋਜ ਲਾਡੀ)**ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਸਾਥੀ ਰਾਮ ਸਿੰਘ ਨੂਰਪੁਰੀ ਤੇ ਸੂਬਾ ਜਨਰਲ ਸਕੱਤਰ ਸਾਥੀ ਗੁਰਮੇਸ਼ ਸਿੰਘ ਨੇ ਦੱਸਿਆ ਕਿ ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ 5 ਫਰਵਰੀ ਦਿਨ ਬੁੱਧਵਾਰ ਨੂੰ ਠੀਕ 11 ਵਜੇ ਜਲੰਧਰ ਸੂਬਾਈ ਦਫਤਰ ਵਿਖੇ ਹੋਵੇਗੀ। ਸੂਬਾ ਵਰਕਿੰਗ ਕਮੇਟੀ ਦੇ ਮੈਂਬਰ 21-30 ਜਨਵਰੀ ਤੱਕ ਐਸ ਡੀ ਐਮਜ ਨੂੰ ਦਿੱਤੇ ਮੰਗ ਪੱਤਰਾਂ ਦੀ ਰਿਪੋਰਟ, ਜਨਵਰੀ ਮਹੀਨੇ ਵਿੱਚ ਕੀਤੀ ਗਈ ਮੈਂਬਰਸ਼ਿਪ ਦਾ ਵੇਰਵਾ ਅਤੇ ਫਰਵਰੀ ਦੇ ਅਖੀਰਲੇ ਹਫ਼ਤੇ ਕੀਤੇ ਜਾਣ ਵਾਲੇ ਜ਼ਾਹਰਿਆਂ ਦੀ ਤਿਆਰੀ ਦੀ ਰੂਪ-ਰੇਖਾ ਦੀ ਰਿਪੋਰਟ ਸਾਥੀ ਲੈ ਕੇ ਆਉਣ। ਸਾਥੀ ਨੂਰਪੁਰੀ ਤੇ ਗੁਰਮੇਸ਼ ਸਿੰਘ ਨੇ ਸਾਰੇ ਸਾਥੀਆਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਹੈ।

# ਸੜਕ ਸੁਰੱਖਿਆ ਜਾਗਰੂਕਤਾ ਝਾਕੀ ਨੇ ਛੱਡਿਆ ਨਿਵੇਕਲਾ ਸੰਦੇਸ਼

**ਨਵਾਂਸ਼ਹਿਰ (ਮਨੋਜ ਲਾਡੀ)**

ਸਥਾਨਕ ਰੋਡ ਸੇਫਟੀ ਅਵੇਅਰਨੈਸ ਸੋਸਾਇਟੀ ਵਲੋਂ ਸਰਕਾਰੀ ਆਈ.ਟੀ.ਆਈ ਨਵਾਂਸ਼ਹਿਰ ਦੇ ਖੇਡ-ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਵਿੱਚ ਨਿਵੇਕਲੀ ਜਾਗਰੂਕਤਾ ਝਾਕੀ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਵਿੱਚ ਟਰਾਲੀ ਟਰੈਕਟਰ 'ਤੇ ਐਕਸੀਡੈਂਟ ਨਾਲ ਮ੍ਰਿਤਕ ਮਨੁੱਖ ਦਾ ਪੁਤਲਾ ਰੱਖ ਕੇ ਲਿਖਿਆ ਗਿਆ ਹੋਇਆ ਸੀ ਜਿਸ ਨੂੰ ਕਾਹਲੀ ਸੀ-ਉਹ ਚਲਾ ਗਿਆ। ਟਰਾਲੀ ਦੇ ਚਾਰੇ ਪਾਸੇ ਜਰੂਰੀ ਸੜਕੀ ਸਾਵਧਾਨੀਆਂ ਬਾਰੇ ਜਾਣਕਾਰੀ ਵਾਲੇ ਬੋਰਡ ਪ੍ਰਦਰਸ਼ਿਤ ਕੀਤੇ ਗਏ ਹੋਏ ਸਨ। ਸੋਸਾਇਟੀ ਵਲੋਂ ਬਣਾਈ ਗਈ ਸੜਕ ਸੁਰੱਖਿਆ ਟ੍ਰੇਨਿੰਗ ਪਾਰਕ ਦਾ ਲਾਭ ਉਠਾਉਣ ਲਈ ਅਪੀਲ ਕੀਤੀ ਗਈ ਹੋਈ ਸੀ। ਜਾਗਰੂਕਤਾ ਸੰਦੇਸ਼ ਤਕਸੀਮ ਕੀਤਾ ਜਾ ਰਿਹਾ ਸੀ ਅਤੇ ਲਾਊਡ ਸਪੀਕਰ 'ਤੇ ਵਿਸ਼ੇਸ਼ ਜਾਗਰੂਕਤਾ ਸੰਦੇਸ਼ ਵੀ ਨਾਲੋ ਨਾਲ ਚੱਲ ਰਿਹਾ ਸੀ। ਝਾਕੀ ਵਿੱਚ ਪ੍ਰਧਾਨ ਜੀ ਐਸ ਤੂਰ, ਮੀਤ-ਪ੍ਰਧਾਨ ਹਰਪ੍ਰਭਮਹਿਲ ਸਿੰਘ, ਸਕੱਤਰ ਜੇ ਐਸ ਗਿੱਦਾ, ਕੈਸ਼ੀਅਰ ਨਰਿੰਦਰਪਾਲ ਤੂਰ ਰਿਟ.ਪੋਸਟ ਮਾਸਟਰ, ਐਡਵਾਈਜਰ.ਦਿਲਬਾਗ ਸਿੰਘ ਰਿਟਾ.ਡੀ.ਈ.ਓ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਸ੍ਰੀਮਤੀ ਸੁਰਿੰਦਰ ਕੌਰ ਤੂਰ, ਸ੍ਰੀਮਤੀ ਰਾਜਿੰਦਰ ਕੌਰ ਗਿੱਦਾ, ਸ੍ਰੀਮਤੀ ਕਮਲਜੀਤ ਕੌਰ,ਸ੍ਰੀਮਤੀ ਪਲਵਿੰਦਰ ਕੌਰ ਬਡਵਾਲ, ਰਮਨਦੀਪ ਸਿੰਘ ਭੱਟੀ, ਸ੍ਰੀਮਤੀ ਹਰਪ੍ਰੀਤ ਕੌਰ ਭੱਟੀ,ਮਾ.ਨਰਿੰਦਰ ਸਿੰਘ ਭਾਰਟਾ, ਗੁਰਪਾਲ ਸਿੰਘ, ਗੁਰਜੀਤ ਸਿੰਘ ਅਤੇ ਸਹਿਯੋਗੀ ਸੰਸਥਾ ਭਗਤ ਪੂਰਨ ਲੋਕ ਸੇਵਾ ਟਰਸੱਟ ਬਰਨਾਲਾ ਕਲਾਂ ਦੇ ਹਰਪ੍ਰਭਮਹਿਲ ਸਿੰਘ, ਮਹਿੰਦਰ ਸਿੰਘ ਦੁਆਬਾ, ਚੈਨ ਸਿੰਘ ਪਾਬਲਾ, ਸੁਰਿੰਦਰ ਸਿੰਘ ਸੈਂਹਬੀ, ਸੁੱਚਾ ਸਿੰਘ ਮਾਰਬਲ ਵਾਲੇ, ਨੰਬਰਦਾਰ ਅਮਰਜੀਤ ਸਿੰਘ, ਠੇਕੇਦਾਰ ਸਤਸਰੂਪ ਸਿੰਘ ,ਲਖਵੀਰ ਸਿੰਘ ਸੁੱਖਾ, ਸੁੱਖਰਾਜ ਸਿੰਘ ਤੂਰ ਸ਼ਾਮਲ ਸਨ।



# ਨਗਰ ਕੌਂਸਲ ਵਿਖੇ ਗਣਤੰਤਰ ਦਿਵਸ ਮਨਾਇਆ

**ਅਲਾਵਲਪੁਰ (ਮਦਨ ਬੰਗੜ )**

ਨਗਰ ਕੌਂਸਲ ਅਲਾਵਲਪੁਰ ਵਿਖੇ 76ਵਾਂ ਗਣਤੰਤਰ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਨਗਰ ਕੌਂਸਲ ਪ੍ਰਧਾਨ ਨੀਲਮ ਰਾਣੀ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਸਮਾਗਮ ਮੌਕੇ ਤਿਰੰਗਾ ਚੜ੍ਹਾਉਣ ਦੀ ਰਸਮ ਹਲਕਾ ਵਿਧਾਇਕ ਆਦਮਪੁਰ ਸੁਖਵਿੰਦਰ ਸਿੰਘ ਕੋਟਲੀ ਵੱਲੋਂ ਨਿਭਾਈ ਗਈ।ਰਾਸ਼ਟਰੀ ਗੀਤ ਸਕੂਲ ਦੇ ਬੱਚਿਆਂ ਵੱਲੋਂ ਪੇਸ਼ ਕੀਤਾ ਗਿਆ । ਸ਼ਹਿਰ ਵਾਸੀਆਂ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਭਾਰਤ ਦੇ 76ਵੇਂ ਗਣਤੰਤਰ ਦਿਵਸ ਮੌਕੇ ਸਮੁੱਚੇ ਸ਼ਹਿਰ ਵਾਸੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਡਿਜਕੋਟ ਖਾਲਸਾ ਸੀਨੀਅਰ ਸੈਕੈਂਡਰੀ ਸਕੂਲ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਕਵਿਤਾਵਾਂ, ਸਕਿਟਾਂ ਅਤੇ ਕੋਰੀਓਗ੍ਰਾਫੀ ਰਾਹੀਂ ਦੇਸ਼ ਭਗਤੀ ਦੀ ਲਹਿਰ ਨੂੰ ਉਜਾਗਰ ਕੀਤਾ। ਨਗਰ ਕੌਂਸਲ ਅਧਿਕਾਰੀਆਂ ਅਤੇ ਵਿਸ਼ੇਸ਼ ਮਹਿਮਾਨਾਂ ਵੱਲੋਂ ਸਮਾਗਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਮੁਕੰਦਰ ਲਾਲ ਮੀਤ ਪ੍ਰਧਾਨ,ਰਾਮ ਜੀਤ ਈਓ,ਨਰੇਸ਼ ਕੁਮਾਰ ਐਮ ਸੀ, ਰਾਜ ਰਾਣੀ ਐਮ ਸੀ ,ਓਮਪ੍ਰਕਾਸ਼ ,ਨਵੀਨ ਰਾਣਾ,ਦੀਪਕ , ਰੇਣੂਕਾ , ਨਿਰਮਲਾ ਬੈਂਸ , ਸਰਬਜੀਤ ,ਰਮੇਸ਼ ਕੁਮਾਰ ਸਾਬਕਾ ਐਮਸੀ ,ਸ਼ੁਬਾਸ਼ ਭਨੋਟ,ਅੰਕੁਰ ਮਿਸ਼ਰਾ,ਮੋਹਨ ਲਾਲ, ਪ੍ਰੇਮ ਗਿੱਲ, ਏਐਸਆਈ ਪਰਮਜੀਤ ਸਿੰਘ ਪੁਲਸ ਚੌਂਕੀ ਇੰਚਾਰਜ ਅਲਾਵਲਪੁਰ,ਅਮਰਜੀਤ ਸਾਬਕਾ ਐਮ.ਸੀ,ਕੈਪਟਨ ਜਗਦੀਸ਼,ਧਰਮ ਪਾਲ,ਟੀਨੂੰ,ਮੋਹਨ ਲਾਲ ,ਸੁਖਜਿੰਦਰ,ਸੰਨੀ ਕੁਮਾਰ,ਹਰਸ਼ ਲੇਖਾਕਾਰ,ਸੁਰਿੰਦਰ ਪਾਲ ਜੇ.ਈ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।



# ਲਾਇਨਜ਼ ਕਲੱਬ ਨੇ ਮਨਾਈ 32ਵੀਂ ਚਾਰਟਰ ਨਾਈਟ

**ਫਗਵਾੜਾ (ਡਾ. ਰਮਨ, ਢੱਡਾ)**

ਲਾਇਨਜ਼ ਇੰਟਰਨੈਸ਼ਨਲ 321-ਡੀ ਦੀ ਮੋਹਰੀ ਸੰਸਥਾ ਲਾਇਨਜ਼ ਕਲੱਬ ਫਗਵਾੜਾ ਸਰਵਿਸ ਵੱਲੋਂ ਸਥਾਨਕ ਹੋਟਲ ਅੰਬੈਸਡਰ ਵਿਖੇ 32ਵੀਂ ਚਾਰਟਰ ਨਾਈਟ ਦਾ ਆਯੋਜਨ ਕੀਤਾ ਗਿਆ। ਕਲੱਬ ਦੇ ਪ੍ਰਧਾਨ ਲਾਇਨ ਰਾਜੀਵ ਮਹਿਰਾ ਦੀ ਦੇਖ-ਰੇਖ ਹੇਠ ਕਰਵਾਈ ਗਈ ਇਸ ਚਾਰਟਰ ਨਾਈਟ ਵਿੱਚ ਡਿਸਟ੍ਰਿਕਟ ਚੇਅਰਮੈਨ ਲਾਇਨ ਵਿਪਨ ਹਾਂਡਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਦਕਿ ਐਨ.ਆਰ.ਆਈ. ਮਨਜੀਤ ਅੱਸੀ ਗੈਸਟ ਆਫ ਆਨਰ ਵਜੋਂ ਸ਼ਾਮਲ ਹੋਏ। ਉਨ੍ਹਾਂ ਕਲੱਬ ਨੂੰ ਸਮਾਜ ਸੇਵਾ ਲਈ 11 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਕਲੱਬ ਦੇ ਪ੍ਰਧਾਨ ਲਾਇਨ ਰਾਜੀਵ ਮਹਿਰਾ ਨੇ ਗੈਸਟ ਆਫ ਆਨਰ ਮਨਜੀਤ ਅੱਸੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਮੂਹ ਕਲੱਬ ਮੈਂਬਰਾਂ ਦੇ ਅਣਥੱਕ ਸਹਿਯੋਗ ਸਦਕਾ ਲਾਇਨਜ਼ ਕਲੱਬ ਫਗਵਾੜਾ ਸਰਵਿਸ ਆਪਣੇ 32ਵੇਂ ਸੁਨਹਿਰੀ ਸਾਲ ਵਿੱਚ ਪ੍ਰਵੇਸ਼ ਕਰ ਰਹੀ ਹੈ। ਇਸ ਸਮੇਂ ਦੌਰਾਨ ਕਲੱਬ ਨੇ ਆਪਣਾ ਮੋਹਰੀ ਰੁਤਬਾ ਬਰਕਰਾਰ ਰੱਖਿਆ ਹੈ ਅਤੇ ਪੂਰੇ ਉਤਸ਼ਾਹ ਨਾਲ ਸਮਾਜ ਸੇਵਾ ਦੇ ਪ੍ਰੋਜੈਕਟਾਂ ਨੂੰ ਅੱਗੇ ਤੋਰਿਆ ਜਾ ਰਿਹਾ ਹੈ। ਡਿਸਟ੍ਰਿਕਟ ਚੇਅਰਮੈਨ ਲਾਇਨ ਵਿਪਨ ਹਾਂਡਾ ਨੇ ਕਲੱਬ ਦੇ ਪ੍ਰਧਾਨ ਰਾਜੀਵ ਮਹਿਰਾ, ਉਨ੍ਹਾਂ ਦੀ ਸਮੁੱਚੀ ਟੀਮ ਅਤੇ ਸਮੂਹ ਕਲੱਬ ਮੈਂਬਰਾਂ ਨੂੰ 32ਵੇਂ ਸਾਲ ਵਿੱਚ ਪ੍ਰਵੇਸ਼ ਕਰਨ ਲਈ ਵਧਾਈ ਦਿੱਤੀ। ਨਾਲ ਹੀ ਕਿਹਾ ਕਿ ਕਲੱਬ ਲਈ ਇਹ ਮਾਣ ਵਾਲਾ ਸਫਰ ਰਿਹਾ ਹੈ। ਕਲੱਬ ਦੇ ਚਾਰਟਰ ਮੈਂਬਰਾਂ ਲਾਇਨ ਵਿਜੇ ਸ਼ਰਮਾ, ਲਾਇਨ ਬ੍ਰਿਜ ਜੋਸ਼ੀ ਨੂੰ ਕਲੱਬ ਵਲੋਂ ਸਰਟੀਫਿਕੇਟ, ਗੁਲਦਸਤੇ ਅਤੇ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ। ਮੈਂਬਰਾਂ ਨੇ 32ਵੀਂ ਚਾਰਟਰ ਨਾਈਟ ਦੀ ਖੁਸ਼ੀ ਵਿਚ ਕੇਕ ਵੀ ਕੱਟਿਆ। ਇਸ ਮੌਕੇ ਲਾਇਨ ਅੰਮ੍ਰਿਤਪਾਲ ਸਿੰਘ ਸੈਂਭੀ, ਲਾਇਨ ਅਵਤਾਰ ਸਿੰਘ ਬਾਂਸਲ, ਲਾਇਨ ਰਾਜਨ ਧਵਨ, ਲਾਇਨ ਸੁਨੀਲ ਬੇਦੀ, ਲਾਇਨ ਅਸ਼ਵਨੀ ਬੇਦੀ, ਲਾਇਨ ਕੁਲਵੰਤ ਸਿੰਘ, ਲਾਇਨ ਵਰਿੰਦਰ ਗਾਬਾ, ਲਾਇਨ ਕੀਮਤੀ ਓਹਰੀ, ਲਾਇਨ ਨਰੇਸ਼ ਚਾਵਲਾ ਆਦਿ ਹਾਜ਼ਰ ਸਨ।



# ਸ਼ੇਰਗਿੱਲ ਦੀ ਪੁਸਤਕ 'ਇੰਡੀਅਨਜ਼ ਅਬਰੌਡ ਐਂਡ ਪੰਜਾਬ ਇਮਪੈਕਟ' ਦਾ ਲੋਕ ਅਰਪਣ ਸਮਾਗਮ

**ਫਗਵਾੜਾ, (ਡਾ. ਰਮਨ, ਢੱਡਾ)**

ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ (ਰਜਿ:) ਵਲੋਂ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ "ਇੰਡੀਅਨਜ਼ ਅਬਰੌਡ ਐਂਡ ਪੰਜਾਬ ਇਮਪੈਕਟ (ਪੰਜਾਬੀ ਸੰਸਾਰ-2024)" ਦਾ ਲੋਕ ਅਰਪਣ ਸਮਾਗਮ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿੱਚ ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਦੇ ਪ੍ਰਧਾਨ ਪ੍ਰਿੰ. ਗੁਰਮੀਤ ਸਿੰਘ ਪਲਾਹੀ, 'ਸੱਤ ਸਮੁੰਦਰੋਂ ਪਾਰ' ਮੈਗਜ਼ੀਨ ਦੇ ਸੰਪਾਦਕ ਇੰਦਰਜੀਤ ਸਿੰਘ ਅਤੇ ਉੱਘੇ ਸਮਾਜ ਸੇਵਕ ਐਡਵੋਕੇਟ ਐੱਸ.ਐੱਲ. ਵਿਰਦੀ, ਸਕੇਪ ਸਾਹਿਤਕ ਸੰਸਥਾ ਦੇ ਪ੍ਰਧਾਨ ਕਮਲੇਸ਼ ਸੰਧੂ ਨੇ ਸ਼ਿਰਕਤ ਕੀਤੀ। ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਨਰਪਾਲ ਸਿੰਘ ਸ਼ੇਰਗਿੱਲ ਪੰਜਾਬ-ਹਿਤੈਸ਼ੀ, ਅੰਤਰਰਾਸ਼ਟਰੀ ਪੱਤਰਕਾਰ ਹੈ, ਜਿਹੜਾ ਲਗਾਤਾਰ ਲਗਭਗ ਪਿਛਲੇ ਸੱਠ ਸਾਲਾਂ ਤੋਂ ਪੰਜਾਬ , ਪੰਜਾਬੀ ਸਾਹਿਤ ਅਤੇ ਪੰਜਾਬੀ ਪੱਤਰਕਾਰੀ ਅਤੇ ਸਿੱਖ ਇਤਿਹਾਸ ਲਈ ਵਿਲੱਖਣ ਕਾਰਜ ਕਰਦਾ ਆ ਰਿਹਾ ਹੈ। ਉਹ ਪਿਛਲੇ 25 ਸਾਲਾਂ ਤੋਂ ਲਗਾਤਾਰ 'ਇੰਡੀਅਨਜ਼ ਅਬਰੌਡ ਐਂਡ ਪੰਜਾਬ ਇਮਪੈਕਟ' ਵੱਡ ਅਕਾਰੀ ਰੰਗਦਾਰ ਪੁਸਤਕ ਪ੍ਰਕਾਸ਼ਤ ਕਰਦਾ ਆ ਰਿਹਾ ਹੈ। ਅੱਧੀ ਸਦੀ ਤੋਂ ਵੱਧ ਲੰਮੇ ਸਮੇਂ ਤੋਂ ਲਗਾਤਾਰ ਪੰਜਾਬੀਆਂ ਦੀ ਸੱਚੇ ਦਿਲੋਂ ਸੇਵਾ ਕਰ ਰਿਹਾ ਹੈ ਅਤੇ ਆਪਣੀ ਅਮੀਰ ਵਿਰਾਸਤ 'ਤੇ ਪਹਿਰਾ ਦੇ ਰਿਹਾ ਹੈ। ਉਹਨਾਂ ਨੇ ਨਰਪਾਲ ਸਿੰਘ ਸ਼ੇਰਗਿੱਲ ਨੂੰ ਪੁਸਤਕ ਦੇ 26ਵੇਂ ਅੰਕ ਦੇ ਲੋਕ ਅਰਪਣ ਦੀ ਵਧਾਈ ਦਿੱਤੀ। ਐਡਵੋਕੇਟ ਐੱਸ.ਐੱਲ. ਵਿਰਦੀ ਨੇ ਕਿਹਾ ਕਿ ਨਰਪਾਲ ਸਿੰਘ ਸ਼ੇਰਗਿੱਲ ਉਹ ਕੌਮਾਂਤਰੀ ਪੱਤਰਕਾਰ ਹੈ, ਜਿਸਨੇ ਹਿਊਨਸਾਂਗ ਅਤੇ ਫਾਹੀਯਾਨ ਵਾਂਗ ਲਗਾਤਾਰ ਵਿਸ਼ਵ ਪਰਿਕਰਮਾ ਕਰਕੇ ਪੰਜਾਬੀਆਂ ਖ਼ਾਸ ਕਰਕੇ ਸਿੱਖ ਇਤਿਹਾਸ ਨਾਲ ਸੰਬੰਧਿਤ ਖੋਜ ਕਾਰਜ ਕੀਤੇ ਹਨ। ਪੰਜਾਬੀਆਂ ਨੂੰ ਉਹਨਾਂ ਦੇ ਕਾਰਜ 'ਤੇ ਮਾਣ ਹੈ। ਰਵਿੰਦਰ ਚੋਟ ਨੇ ਨਰਪਾਲ ਸਿੰਘ ਸ਼ੇਰਗਿੱਲ ਦਾ ਧੰਨਵਾਦ ਕੀਤਾ ਕਿ ਉਹ ਜਦੋਂ ਵੀ ਲੰਡਨ ਤੋਂ ਪੰਜਾਬ ਦੇ ਦੌਰੇ 'ਤੇ ਆਉਂਦੇ ਹਨ, ਸੰਸਥਾ ਦੇ ਪ੍ਰੋਗਰਾਮਾਂ ਦਾ ਹਿੱਸਾ ਬਣਦੇ ਹਨ ਅਤੇ ਸੰਸਥਾ ਨੂੰ ਪੁਸਤਕ ਲੋਕ ਅਰਪਣ ਕਰਨ ਦਾ ਮਾਣ ਬਖ਼ਸ਼ਦੇ ਹਨ। ਇਸ ਮੌਕੇ ਨੈਸ਼ਨਲ ਐਵਾਰਡੀ ਗੁਰਮੀਤ ਸਿੰਘ, ਅਦਬੀ ਦੁਨੀਆਂ ਜਲੰਧਰ ਦੇ ਪੈਟਰਨ ਕੀਮਤੀ ਕੈਸਰ, ਜਰਨੈਲ ਸਿੰਘ ਸਾਖੀ, ਸਾਹਿਬਾ ਜੀਟਨ ਕੌਰ, ਉਰਮਲਜੀਤ ਸਿੰਘ, ਨਗੀਨਾ ਸਿੰਘ ਬਲੱਗਣ, ਮਨਦੀਪ ਸਿੰਘ, ਬਲਦੇਵ ਰਾਜ ਕੋਮਲ, ਮਹਿੰਦਰ ਸੂਦ ਵਿਰਕ, ਮਨੋਜ ਫਗਵਾੜਵੀ, ਬਲਵੀਰ ਕੌਰ ਬੱਬੂ ਸੈਣੀ, ਨਿਆਣਾ ਹਰਜਿੰਦਰ, ਸੁਖਦੇਵ ਸਿੰਘ ਗੰਡਵਾਂ, ਸੋਢੀ ਸੱਤੋਵਾਲੀ, ਸੋਹਣ ਸਹਿਜਲ, ਕੈਪਟਨ ਦਵਿੰਦਰ ਸਿੰਘ ਜੱਸਲ, ਮੈਡਮ ਸਿਮਰਤ ਕੌਰ,ਲਾਲੀ ਕਰਤਾਰਪੁਰੀ, ਅਰਸ਼ਜੋਤ ਕੌਰ, ਗੁਰਨੂਰ ਕੌਰ ਆਦਿ ਹਾਜ਼ਰ ਸਨ।



# ਸਮਾਜ 'ਚ ਹਰ ਤਰ੍ਹਾਂ ਦੇ ਜੁਰਮ ਦੀ ਜੜ੍ਹ ਨਸ਼ੇ : ਐਸ ਐਚ ਓ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸਥਾਨਕ ਬੀਡੀਪੀਓ ਦਫ਼ਤਰ ਵਿਖੇ ਮਿਸ਼ਨ ਹੁਸ਼ਿਆਰਪੁਰ ਮੁਹਿੰਮ ਤਹਿਤ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।ਸੈਮੀਨਾਰ ਦੀ ਆਗਵਾਈ ਬੀਡੀਪੀਓ ਤਲਵਾੜਾ ਹੀਰਾ ਸਿੰਘ ਅਤੇ ਥਾਣਾ ਮੁਖੀ ਹਰਪ੍ਰੇਮ ਸਿੰਘ ਨੇ ਕੀਤੀ।ਇਸ ਸੈਮੀਨਾਰ ਬਲਾਕ ਤਲਵਾੜਾ ਅਧੀਨ ਆਉਂਦੀਆਂ ਸਮੂਹ ਪੰਚਾਇਤਾਂ ਦੇ ਸਰਪੰਚ/ਪੰਚ ਸ਼ਾਮਲ ਹੋਏ। ਉਦਘਾਟਨੀ ਭਾਸ਼ਣ ਦੌਰਾਨ ਗ੍ਰਾਮ ਸੇਵਕ ਰਣਜੀਤ ਸਿੰਘ ਨੇ ਨਸ਼ਾ ਦੇ ਸਮਾਜ ਉੱਤੇ ਮਾਰੂ ਪ੍ਰਭਾਵਾਂ 'ਤੇ ਚਾਨਣਾ ਪਾਇਆ।ਸਾਬਕਾ ਸਰਪੰਚ ਦੀਪਕ ਠਾਕੁਰ ਨੇ ਨਸ਼ਿਆਂ ਦੀ ਅਲਾਮਤ ਦਾ ਕਾਰਨ ਰਾਜਨੀਤਿਕ, ਸਮਾਜਿਕ ਅਤੇ ਨੈਤਿਕ ਗਿਰਾਵਟ ਨੂੰ ਦਸਿਆ।ਉਨ੍ਹਾਂ ਪਿੰਡਾਂ 'ਚ ਨਸ਼ੇ ਦੀ ਜੜ੍ਹ ਪੁੱਟਣ ਲਈ ਪੇਂਡੂ ਖੇਡ ਮੇਲੇ ਕਰਵਾਉਣ ਅਤੇ ਲਾਇਬ੍ਰੇਰੀਆਂ ਰਾਹੀਂ ਨੌਜਵਾਨਾਂ 'ਚ ਪੜ੍ਹਨ ਦੀ ਚੇਟਕ ਪੈਦਾ ਕਰਨ 'ਤੇ ਜ਼ੋਰ ਦਿੱਤਾ। ਬੀਡੀਪੀਓ ਹੀਰਾ ਸਿੰਘ ਨੇ ਕਿਹਾ ਨਸ਼ੇ ਵਰਗੀ ਭਿਆਨਕ ਅਲਾਮਤ ਨੂੰ ਜਾਗਰੂਕਤਾ ਰਾਹੀਂ ਹੀ ਦੂਰ ਕੀਤਾ ਜਾ ਸਕਦਾ ਹੈ, ਪੰਜਾਬ ਸਰਕਾਰ ਨਸ਼ੇ ਦੇ ਕੋਹੜ ਨੂੰ ਮੁੱਢੋਂ ਖਤਮ ਕਰਨ ਲਈ ਮੁਸਤੈਦੀ ਨਾਲ ਕੰਮ ਕਰ ਰਹੀ ਹੈ, ਪਰ ਲੋਕਾਂ ਅਤੇ ਖਾਸ ਤੌਰ 'ਤੇ ਪੰਚਾਇਤਾਂ ਦੇ ਸਹਿਯੋਗ ਤੋਂ ਬਿਨਾਂ ਨਸ਼ਿਆਂ ਖ਼ਿਲਾਫ਼ ਆਰੰਭੀ ਜੰਗ ਜਿੱਤੀ ਨਹੀਂ ਜਾ ਸਕਦੀ। ਉਨ੍ਹਾਂ ਪੰਚਾਇਤਾਂ ਨੂੰ ਬਿਹਤਰ ਸਮਾਜ ਦੀ ਉਸਾਰੀ ਲਈ ਬਣਦੀ ਹਰ ਸੰਭਵ ਜਿੰਮੇਵਾਰੀ ਨਿਭਾਉਣ ਦੀ ਗੱਲ ਕਹੀ। ਥਾਣਾ ਮੁਖੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਲੁੱਟ ਖੋਹ, ਚੋਰੀ-ਡਕੈਤੀ, ਮਾਰਕੁੱਟ ਆਦਿ ਸਾਰੀਆਂ ਸਮਸਿਆਵਾਂ ਦੀ ਜੜ੍ਹ ਨਸ਼ੇ ਹਨ। ਨਸ਼ੇ ਵਰਗੀ ਬੁਰਾਈ ਨੂੰ ਖਤਮ ਕਰਨ ਲਈ ਇਸਦੀ ਸਪਲਾਈ ਚੇਨ ਤੋੜਨਾ ਬਹੁਤ ਜਰੂਰੀ ਹੈ, ਇਹ ਲੋਕਾਂ ਦੀ ਜਾਗਰੂਕਤਾ ਨਾਲ ਹੀ ਸੰਭਵ ਹੈ। ਸਰਕਾਰ, ਪ੍ਰਸ਼ਾਸਨ ਅਤੇ ਜਨ ਭਾਗੀਦਾਰੀ ਨਾਲ ਹੀ ਇਸ ਅਲਾਮਤ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਨਸ਼ੇ ਦੀ ਆਦੀ ਇਨਸਾਨ ਸਾਨੂੰ ਪ੍ਰਤੀ ਆਪਣਾ ਨਜ਼ਰੀਆ ਬਦਲਣ ਦੀ ਲੋੜ ਹੈ। ਨਸ਼ੇ ਦੇ ਸ਼ਿਕਾਰ ਲੋਕਾਂ ਨਾਲ ਮੁਜ਼ਰਿਮਾਨਾ ਵਿਹਾਰ ਕਰਨ ਦੀ ਬਜਾਇ ਉਨ੍ਹਾਂ ਨੂੰ ਮਾਨਸਿਕ ਬਿਮਾਰ ਵਿਅਕਤੀ ਸਮਝਦੇ ਹੋਇਆਂ ਉਨ੍ਹਾਂ ਦੇ ਇਲਾਜ ਦਾ ਪ੍ਰਬੰਧ ਕਰਨ ਦੀ ਲੋੜ ਹੈ। ਉੱਥੇ ਹੀ ਨਸ਼ੇ ਦੀ ਸਪਲਾਈਰਾਂ ਨਾਲ ਸਖ਼ਤੀ ਨਾਲ ਪੇਸ਼ ਆਉਣ ਦੀ ਗੱਲ ਕਹੀ। ਥਾਣਾ ਮੁਖੀ ਨੇ ਹਾਜ਼ਰ ਸਰਪੰਚਾਂ ਪੰਚਾਂ ਨੂੰ ਪਿੰਡਾਂ 'ਚ ਨਸ਼ੇ ਦੇ ਆਦੀ ਅਜਿਹੇ ਵਿਅਕਤੀਆਂ ਦੀ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਅਜਿਹੇ ਕੈਂਪ ਪਿੰਡਾਂ ਪੱਧਰ 'ਤੇ ਲਾਉਣ ਦੀ ਗੱਲ ਕਹੀ। ਇਸ ਮੌਕੇ 'ਤੇ ਲੇਖਾਕਾਰ ਸੁਰਜੀਤ ਚੰਦ, ਜੇਈ ਗੌਰਵ ਬਡਿਆਲ, ਪੰਚਾਇਤ ਸਕੱਤਰ ਨਰੇਸ਼ ਕੁਮਾਰ, ਏਪੀਓ ਵਿਲੀਅਮ ਮਸੀਹ, ਜੀਆਰਐਸ ਅਮਿਤ ਕੁਮਾਰ, ਰਾਮ ਮੂਰਤੀ, ਰਜਿੰਦਰ ਕੁਮਾਰ ਤੇ ਸੁਨੀਤਾ ਰਾਣੀ, ਟੀਏ ਨਿਰਭਕਾਰ ਸਿੰਘ ਆਦਿ ਤੋਂ ਇਲਾਵਾ ਏਐਸਆਈ ਨਰੇਸ਼ ਕੁਮਾਰ ਹਾਜ਼ਰ ਸਨ। ਮੰਚ ਸੰਚਾਲਨ ਪੰਚਾਇਤ ਸਕੱਤਰ ਮਦਨ ਲਾਲ ਨੇ ਕੀਤਾ।

# ਦੋ ਧੜਿਆਂ ਵਿਚਕਾਰ ਚੱਲੀਆਂ ਗੋਲੀਆਂ; ਨੌਜਵਾਨ ਜ਼ਖ਼ਮੀ

## * ਪੁਲਸ ਨੇ ਦੋਵਾਂ ਧੜਿਆਂ ਦੇ ਨੌਂ ਜਣਿਆਂ ਖ਼ਿਲਾਫ਼ ਕੀਤਾ ਮਾਮਲਾ ਦਰਜ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਬੀਤੇ ਕੱਲ੍ਹ ਭਿੱਖੀਵਿੰਡ 'ਚ ਪੱਟੀ ਰੋਡ 'ਤੇ ਸਥਿਤ ਖੇਡ ਸਟੇਡੀਅਮ 'ਚ ਨੌਜਵਾਨਾਂ ਦੇ ਦੋ ਧੜਿਆਂ ਨੇ ਕਿਸੇ ਗੱਲ ਨੂੰ ਲੈ ਕੇ ਹੋਈ ਤਕਰਾਰ ਮਗਰੋਂ ਇੱਕ ਦੂਜੇ 'ਤੇ ਗੋਲੀਆਂ ਚਲਾ ਦਿੱਤੀਆਂ।ਝੜਪ ਦੌਰਾਨ ਇੱਕ ਧੜੇ ਦਾ ਨੌਜਵਾਨ ਸੱਜੀ ਲੱਤ 'ਤੇ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ।ਪ੍ਰਾਪਤ ਜਾਣਕਾਰੀ ਅਨੁਸਾਰ ਦੋਵੇਂ ਧੜੇ ਸਟੇਡੀਅਮ ਵਿੱਚ ਕਿਸੇ ਪੁਰਾਣੇ ਝਗੜੇ ਦੇ ਸੰਬੰਧ ਵਿੱਚ ਰਾਜ਼ੀਨਾਮਾ ਕਰਨ ਲਈ ਪਹੁੰਚੇ ਸਨ।ਗੱਲਬਾਤ ਦੌਰਾਨ ਹੋਈ ਬਹਿਸ ਦੌਰਾਨ ਦੋਵਾਂ ਧਿਰਾਂ ਨੇ ਇੱਕ ਦੂਜੇ 'ਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ।ਪੁਲਸ ਨੇ ਮੁੱਢਲੀ ਤਫਤੀਸ਼ ਕਰਨ ਤੋਂ ਬਾਅਦ ਦੋਵਾਂ ਗਰੁੱਪਾਂ ਦੇ ਕਰੀਬ ਨੌਂ ਜਣਿਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਭਿੱਖੀਵਿੰਡ ਮਨੋਜ ਕੁਮਾਰ ਸ਼ਰਮਾ ਨੇ ਦੱਸਿਆ ਕਿ ਮਿਤੀ 28 ਜਨਵਰੀ ਦਿਨ ਮੰਗਲਵਾਰ ਨੂੰ ਦੁਪਹਿਰ ਸਮਾਂ ਕਰੀਬ ਢਾਈ ਕੁ ਵਜੇ ਨੌਜਵਾਨਾਂ ਦੇ ਦੋ ਧੜੇ ਭਿੱਖੀਵਿੰਡ ਦੇ ਖੇਡ ਸਟੇਡੀਅਮ 'ਚ ਪਿਛਲੇ ਸਾਲ ਹੋਏ ਝਗੜੇ ਦੇ ਸੰਬੰਧ ਵਿੱਚ ਰਾਜ਼ੀਨਾਮਾ ਕਰਨ ਲਈ ਇਕੱਠੇ ਹੋਏ ਸਨ।ਥਾਣਾ ਮੁਖੀ ਨੇ ਦੱਸਿਆ ਕਿ ਇੱਕ ਧੜੇ ਦਾ ਮੁਖੀ ਬਲਦੇਵ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਭਿੱਖੀਵਿੰਡ ਆਪਣੇ ਚਾਰ ਤੋਂ ਪੰਜ ਅਣਪਛਾਤੇ ਸਾਥੀਆਂ ਤੇ ਦੂਸਰੇ ਗਰੁੱਪ ਦਾ ਮੁਖੀ ਜਸ਼ਨਦੀਪ ਸਿੰਘ ਉਰਫ ਭੀਮਾ ਪੁੱਤਰ ਹਰਜੀਤ ਸਿੰਘ ਵਾਸੀ ਵਾੜਾ ਭਿੱਖੀਵਿੰਡ ਆਪਣੇ ਸਾਥੀ ਬਿੱਲਾ ਪੁੱਤਰ ਸਤਨਾਮ ਸਿੰਘ ਵਾਸੀ ਮੁਰਗੀ ਖਾਨਾ ਕਲੋਨੀ ਪਹੂਵਿੰਡ, ਲਵਪ੍ਰੀਤ ਸਿੰਘ ਉਰਫ ਲੱਭੂ ਪੁੱਤਰ ਹਰਦੀਪ ਸਿੰਘ ਵਾਸੀ ਮੁਰਗੀਖਾਨਾ ਕਲੋਨੀ ਪਹੂਵਿੰਡ, ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਹਰਜਿੰਦਰ ਸਿੰਘ ਉਰਫ ਜਿੰਦੀ ਵਾਸੀ ਵਾੜਾ ਭਿੱਖੀਵਿੰਡ ਸਮੇਤ ਦੋ ਤੋਂ ਤਿੰਨ ਹੋਰ ਅਣਪਛਾਤੇ ਸਾਥੀ ਜਿਨ੍ਹਾਂ ਕੋਲ ਪਿਸਤੌਲ ਤੇ ਦਾਤਰ ਸਨ, ਨਾਲ ਸਟੇਡੀਅਮ ਵਿੱਚ ਮੌਜੂਦ ਸੀ। ਰਾਜ਼ੀਨਾਮਾ ਕਰਨ ਲਈ ਚੱਲ ਰਹੀ ਗੱਲਬਾਤ ਦੌਰਾਨ ਉਨ੍ਹਾਂ ਦੀ ਆਪਸ ਵਿੱਚ ਬਹਿਸ ਹੋ ਗਈ ਜਿਸ ਤੋਂ ਬਾਅਦ ਦੋਵਾਂ ਧੜਿਆਂ ਨੇ ਜਾਨੋਂ ਮਾਰਨ ਦੀ ਨੀਅਤ ਨਾਲ ਇੱਕ ਦੂਜੇ 'ਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ। ਝੜਪ ਦੌਰਾਨ ਇੱਕ ਧਿਰ ਦੇ ਨੌਜਵਾਨ ਦੀ ਸੱਜੀ ਲੱਤ ਵਿੱਚ ਗੋਲੀ ਲੱਗ ਗਈ।ਜ਼ਖ਼ਮੀ ਨੌਜਵਾਨ ਨੂੰ ਉਸ ਦੇ ਸਾਥੀਆਂ ਵੱਲੋਂ ਇਲਾਜ ਲਈ ਸਿਵਲ ਹਸਪਤਾਲ ਸੁਰਸਿੰਘ ਵਿੱਚ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ।ਐਸਐਚਓ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਮਾਮਲੇ ਸੰਬੰਧੀ ਬੀਐੱਨਐੱਸ ਦੀ ਧਾਰਾ 109,194(2),791(3),190 ਅਤੇ 25,27,54,59 ਐਕਟ ਅਧੀਨ ਦੋਵਾਂ ਗਰੁੱਪਾਂ ਦੇ ਕਰੀਬ ਨੌਂ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।ਥਾਣਾ ਮੁਖੀ ਨੇ ਦੱਸਿਆ ਕਿ ਇੱਕ ਗਰੁੱਪ ਦਾ ਜ਼ਖ਼ਮੀ ਨੌਜਵਾਨ ਜੇਰੇ ਇਲਾਜ ਹੈ ਅਤੇ ਬਾਕੀ ਸਾਰੇ ਫ਼ਿਲਹਾਲ ਫ਼ਰਾਰ ਹਨ।ਉਨ੍ਹਾਂ ਕਿਹਾ ਕਿ ਜਲਦ ਹੀ ਦੋਵਾਂ ਗਰੁੱਪਾਂ ਦੇ ਸਾਰੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਸਲਾਖਾਂ ਪਿੱਛੇ ਡੱਕਿਆ ਜਾਵੇਗਾ।



## ਮਿਆਣੀ ਨਜ਼ਦੀਕ ਸੜਕ 'ਤੇ ਪਏ ਡੂੰਘੇ ਟੋਇਆਂ ਕਾਰਨ ਵਾਪਰ ਰਹੇ ਨੇ ਸੜਕੀ ਹਾਦਸੇ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ ਵਿਚਕਾਰ ਪਿੰਡ ਮਿਆਣੀ ਝਮੇਲਾ ਨਜ਼ਦੀਕ ਵੱਡੇ-ਵੱਡੇ ਡੂੰਘੇ ਟੋਏ ਪੈਣ ਕਾਰਨ ਇਥੋਂ ਦੀ ਗੁਜ਼ਰਨ ਵਾਲੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਪਾਸੇ ਸਬੰਧਿਤ ਵਿਭਾਗ ਦਾ ਧਿਆਨ ਨਾ ਹੋਣ ਕਾਰਨ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਇਲਾਕਾ ਵਾਸੀਆਂ ਨੇ ਦੱਸਿਆ ਕਿ ਗੁਰਦਾਸਪੁਰ ਤੋਂ ਬਹਿਰਾਮਪੁਰ ਜਾਣ ਲਈ ਸੜਕ 'ਤੇ ਪਿੰਡ ਮਿਆਣੀ ਝਮੇਲਾ ਕੋਲ ਕਾਫ਼ੀ ਵੱਡੇ ਟੋਏ ਹੋਏ ਹਨ।



ਉਨ੍ਹਾਂ ਕਿਹਾ ਰੋਜ਼ਾਨਾਂ ਸੈਂਕੜਿਆਂ ਦੀ ਗਿਣਤੀ ਵਿਚ ਵਾਹਨ ਇਸ ਸੜਕ ਰਾਹੀਂ ਗੁਰਦਾਸਪੁਰ ਨੂੰ ਆਉਂਦੇ-ਜਾਂਦੇ ਹਨ। ਲੋਕਾਂ ਨੇ ਕਿਹਾ ਕਿ ਸਿੰਗਲ ਲਾਈਨ ਵਾਲੀ ਸੜਕ ਹੋਣ ਕਾਰਨ ਇਸ ਸੜਕ 'ਤੇ ਵੱਡੇ ਵਾਹਨਾਂ ਦਾ ਗੁਜ਼ਰਨਾ ਜਿੱਥੇ ਪਹਿਲਾਂ ਹੀ ਮੁਸ਼ਕਿਲ ਹੋਇਆ ਪਿਆ ਹੈ ਉਥੇ ਹੀ ਹੁਣ ਸੜਕ ਵਿਚਕਾਰ ਪਏ ਟੋਇਆਂ ਨੇ ਰਾਹਗੀਰ ਲਈ ਇਕ ਹੋਰ ਵੱਡੀ ਮੁਸ਼ਕਿਲ ਖੜੀ ਕਰ ਦਿੱਤੀ ਹੈ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ ਵਿਚਕਾਰ ਪਏ ਟੋਇਆਂ ਦੀ ਮੁਰੰਮਤ ਪਹਿਲ ਦੇ ਆਧਾਰ 'ਤੇ ਕਾਰਵਾਈ ਜਾਵੇ ਤਾਂ ਜੋ ਇਥੋਂ ਲੰਘਣ ਵਾਲੇ ਰਾਹਗੀਰਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

# ਚੇਅਰਮੈਨ ਰਮਨ ਬਹਿਲ ਨੇ 'ਆਪ' ਉਮੀਦਵਾਰ ਰਮੇਸ਼ ਪਹਿਲਵਾਨ ਦੇ ਹੱਕ 'ਚ ਮੋਰਚਾ ਸੰਭਾਲਿਆ

ਗੁਰਦਾਸਪੁਰ (ਦਿਨੇਸ਼ ਕੁਮਾਰ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਵਿਧਾਨ ਸਭਾ ਹਲਕਾ ਕਸਤੂਰਬਾਨਗਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਮੇਸ਼ ਪਹਿਲਵਾਨ ਦੀ ਜਿੱਤ ਲਈ ਮੋਰਚਾ ਸੰਭਾਲ ਲਿਆ ਹੈ। ਚੇਅਰਮੈਨ ਬਹਿਲ ਵੱਲੋਂ ਰਮੇਸ਼ ਪਹਿਲਵਾਨ ਅਤੇ ਉਨ੍ਹਾਂ ਦੀ ਧਰਮ ਪਤਨੀ ਕੁਸਮ ਲਤਾ ਰਮੇਸ਼ ਜੋ ਵਾਰਡ ਨੰਬਰ 147 ਦੇ ਕੌਂਸਲਰ ਹਨ, ਦੇ ਨਾਲ ਉਨ੍ਹਾਂ ਦੇ ਹੱਕ ਵਿੱਚ ਮੀਟਿੰਗਾਂ ਤੇ ਡੋਰ ਟੂ ਡੋਰ ਪ੍ਰਚਾਰ ਕੀਤਾ ਜਾ ਰਿਹਾ ਹੈ। ਦਿੱਲੀ ਵਿਧਾਨ ਸਭਾ ਚੋਣਾਂ ਦੇ ਰੁਝਾਨ ਬਾਰੇ ਗੱਲ ਕਰਦਿਆਂ ਬਹਿਲ ਨੇ ਕਿਹਾ ਕਿ ਦਿੱਲੀ ਦੇ ਲੋਕ ਇੱਕ ਵਾਰ ਫਿਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਦਾ ਮਨ ਬਣਾ ਚੁੱਕੇ ਹਨ ਅਤੇ ਦਿੱਲੀ ਵਿੱਚ ਇਸ ਵਾਰ ਵੀ ਝਾੜੂ ਹੀ ਚੱਲੇਗਾ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਆਪ ਸਰਕਾਰ ਨੇ ਦਿੱਲੀ ਵਿੱਚ ਸਿਹਤ, ਸਿੱਖਿਆ ਸਮੇਤ ਹਰ ਖੇਤਰ ਵਿੱਚ ਵੱਡੇ ਸੁਧਾਰ ਕੀਤੇ ਹਨ ਅਤੇ ਦਿੱਲੀ ਦੇ ਲੋਕ ਆਪ ਸਰਕਾਰ ਦੀਆਂ ਨੀਤੀਆਂ ਤੇ ਪ੍ਰੋਗਰਾਮਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਕਹਿਣੀ ਤੇ ਕਥਨੀ ਦੇ ਪੂਰੇ ਹਨ ਅਤੇ ਉਨ੍ਹਾਂ ਨੇ ਦਿੱਲੀ ਵਾਸੀਆਂ ਨੂੰ ਜੋ ਵੀ ਗਰੰਟੀਆਂ ਦਿੱਤੀਆਂ ਸਨ ਉਹ ਪੂਰੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਭਾਜਪਾ ਤੇ ਕਾਂਗਰਸ ਪਾਰਟੀ ਕੋਲ ਕੋਈ ਮੁੱਦਾ ਨਹੀਂ ਹੈ। ਨਰਿੰਦਰ ਮੋਦੀ ਤੇ ਭਾਜਪਾ ਨੂੰ ਸਭ ਤੋਂ ਵੱਡਾ ਖਤਰਾ ਸ੍ਰੀ ਅਰਵਿੰਦ ਕੇਜਰੀਵਾਲ ਕੋਲੋਂ ਹੀ ਹੈ ਅਤੇ ਇਹੀ ਕਾਰਨ ਹੈ ਕਿ ਭਾਜਪਾ ਵੱਲੋਂ ਚੋਣਾਂ ਵਿੱਚ ਗਲਤ ਹੱਥਕੰਡੇ ਅਪਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਦੀ ਜਨਤਾ ਬਹੁਤ ਸਿਆਣੀ ਹੈ ਅਤੇ ਉਹ ਭਾਜਪਾ ਦੀ ਕੋਈ ਚਾਲ ਕਾਮਯਾਬ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਇਸ ਵਾਰ ਵੀ ਦਿੱਲੀ ਵਿੱਚ ਆਮ ਆਦਮੀ ਪਾਰਟੀ ਪੂਰਨ ਬਹੁਮਤ ਨਾਲ ਜਿੱਤ ਕੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਸਰਕਾਰ ਬਣਾਏਗੀ।



## ਦਿ ਗੁਰਦਾਸਪੁਰ ਵੈੱਲਫੇਅਰ ਸੋਸਾਇਟੀ ਦੇ ਸੰਚਾਲਕ ਵਰੁਣ ਆਨੰਦ ਸਨਮਾਨਿਤ

ਗੁਰਦਾਸਪੁਰ (ਦਿਨੇਸ਼ ਕੁਮਾਰ)-ਪੰਜਾਬ ਪੁਲਸ ਵੱਲੋਂ ਸਟੇਟ ਪੱਧਰ 'ਤੇ ਮਨਾਏ ਜਾ ਰਹੇ ਸੜਕ ਸੁਰੱਖਿਆ ਜਾਗਰੂਕ ਸਮਾਰੋਹ ਵਿੱਚ ਏਡੀਜੀਪੀ ਟਰੈਫਿਕ ਅਮਨਦੀਪ ਰਾਏ ਵੱਲੋਂ ਸਮਾਜ ਵਿੱਚ ਚੰਗਾ ਕੰਮ ਕਰਨ ਲਈ ਅਤੇ ਟਰੈਫਿਕ ਸਮੱਸਿਆ ਲਈ ਸਮੇਂ ਸਮੇਂ 'ਤੇ ਜਾਗਰੂਕ ਕੈਂਪ ਲਾਉਣ ਲਈ ਐਨਜੀਓ ਦਿ ਗੁਰਦਾਸਪੁਰ ਵੈੱਲਫੇਅਰ ਸੋਸਾਇਟੀ ਦੇ ਸੰਚਾਲਕ ਵਰੁਣ ਆਨੰਦ ਨੂੰ ਵਿਸ਼ੇਸ਼ ਤੌਰ ਉਪਰ ਸਨਮਾਨਿਤ ਕੀਤਾ ਗਿਆ।ਇਸ ਸਬੰਧੀ ਸੋਸਾਇਟੀ ਦੇ ਸੰਚਾਲਕ ਵਰੁਣ ਆਨੰਦ ਵੱਲੋਂ ਦੱਸਿਆ ਗਿਆ ਕਿ ਸੋਸਾਇਟੀ ਦੇ ਸਾਰੇ ਮੈਂਬਰਾਂ ਵੱਲੋਂ ਸਮੇਂ ਸਮੇਂ 'ਤੇ ਪੁਲਸ ਦੇ ਸਹਿਯੋਗ ਨਾਲ ਲੋਕਾਂ ਨੂੰ ਟਰੈਫਿਕ ਸਬੰਧੀ ਜਾਗਰੂਕ ਕਰਨ ਲਈ ਸੈਮੀਨਾਰ ਲਗਾਏ ਜਾਂਦੇ ਹਨ ਅਤੇ ਹੋਰ ਵੀ ਸਮਾਜ ਸੇਵਾ ਦੇ ਕੰਮ ਕਰਕੇ ਜ਼ਰੂਰਤਮੰਦ ਲੋਕਾਂ ਦਾ ਸਹਿਯੋਗ ਕੀਤਾ ਜਾਂਦਾ ਹੈ ਅਤੇ ਅਸੀਂ ਸੋਸਾਇਟੀ ਮੈਂਬਰ ਸਾਰੇ ਇੱਕ ਜਜ਼ਬੇ ਨਾਲ ਇਕੱਠੇ ਹੋ ਕੇ ਸਮਾਜ ਲਈ ਚੰਗਾ ਕੰਮ ਕਰ ਰਹੇ ਹਾਂ ਅਤੇ ਕਰਦੇ ਰਹਾਂਗੇ।



## ਦਰਸ਼ਨ ਸਿੰਘ ਸਰਜਾ ਦੇ ਨਮਿਤ ਪਾਠ ਦੇ ਭੋਗ ਪਾਏ

ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)-ਬੀਤੇ ਦਿਨੀਂ ਕਿਸਾਨ ਆਗੂ ਨਿਸ਼ਾਨ ਸਿੰਘ ਸਰਜਾ ਦੇ ਪਿਤਾ ਦਰਸ਼ਨ ਸਿੰਘ ਚਾਹਲ ਸਰਜਾ 115 ਸਾਲ ਦੀ ਉਮਰ ਭੋਗਦੇ ਹੋਏ ਸਦੀਵੀ ਵਿਛੋੜਾ ਦੇ ਗਏ ਸਨ।ਉਨ੍ਹਾਂ ਦੇ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਰਾਗੀ ਸਿੰਘਾਂ ਵੱਲੋ ਵੈਰਾਗਮਈ ਕੀਰਤਨ ਕਰਦਿਆਂ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ।ਅੰਤਿਮ ਅਰਦਾਸ ਮੌਕੇ ਕੈਬਨਿਟ ਮੰਤਰੀ ਈਟੀਓ ਦੇ ਭਰਾ ਸਤਿੰਦਰ ਸਿੰਘ, ਆਪ ਦੇ ਸ਼ਹਿਰੀ ਪ੍ਰਧਾਨ ਸਰਬਜੀਤ ਸਿੰਘ ਡਿੰਪੀ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਹਿੰਦਰ ਸਿੰਘ ਛੱਜਲਵੱਡੀ, ਸਾ: ਜ਼ਿਲਾ ਖੇਤੀਬਾੜੀ ਅਫਸਰ ਗੁਰਦਿਆਲ ਸਿੰਘ ਬੱਲ, ਜਥੇਦਾਰ ਜਰਨੈਲ ਸਿੰਘ ਸਰਜਾ, ਸਰਪੰਚ ਗੁਰਮੁਖ ਸਰਜਾ, ਕਿਸਾਨ ਆਗੂ ਪਰਗਟ ਸਿੰਘ ਅੌਜਲਾ, ਸਾ: ਸਰਪੰਚ ਤਜਿੰਦਰ ਸਿੰਘ ਬੇਰੀਆਂ ਵਾਲਾ, ਮਾ: ਰਘਬੀਰ ਸਿੰਘ ਡੇਹਰੀਵਾਲ, ਪਰਗਟ ਸਿੰਘ ਸਰਜਾ, ਜਗਤਾਰ ਸਿੰਘ ਫੌਜੀ, ਜਗੀਰ ਸਿੰਘ, ਅਨੰਦ ਸਿੰਘ, ਸੁਰਜਨ ਸਿੰਘ ਅਤੇ ਹੋਰ ਨਗਰ ਅਤੇ ਇਲਾਕੇ ਦੇ ਲੋਕਾਂ ਨੇ ਹਾਜ਼ਰੀ ਭਰੀ।



## ਜਨਤਕ ਜਥੇਬੰਦੀਆਂ ਨੇ ਡੀ ਐੱਸ ਪੀ ਗੋਇੰਦਵਾਲ ਦਫ਼ਤਰ ਅੱਗੇ ਦਿੱਤਾ ਧਰਨਾ



ਖਡੂਰ ਸਾਹਿਬ/ਸ੍ਰੀ ਗੋਇੰਦਵਾਲ ਸਾਹਿਬ (ਸਰਬਜੋਤ ਸਿੰਘ ਸੰਧਾ)-ਜਨਤਕ ਜਥੇਬੰਦੀਆਂ ਵੱਲੋਂ ਡੀਐੱਸਪੀ ਗੋਇੰਦਵਾਲ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ। ਧਰਨੇ ਦੀ ਪ੍ਰਧਾਨਗੀ ਕਰਦੇ ਹੋਏ ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਪ੍ਰਧਾਨ ਸੁਖਜਿੰਦਰ ਸਿੰਘ ਰਾਜੂ, ਜਮਹੂਰੀ ਕਿਸਾਨ ਸਭਾ ਦਾ ਤਹਿਸੀਲ ਸਕੱਤਰ ਰੇਸ਼ਮ ਸਿੰਘ ਫੈਲੋਕੇ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਜ਼ਿਲ੍ਹਾ ਕਮੇਟੀ ਮੈਂਬਰ ਕੈਪਟਨ ਸਿੰਘ ਕਾਹਲਵਾਂ, ਔਰਤ ਮੁਕਤੀ ਮੋਰਚੇ ਦੇ ਆਗੂ ਕੁਲਵਿੰਦਰ ਕੌਰ ਖਡੂਰ ਸਾਹਿਬ, ਸੁਲੱਖਣ ਸਿੰਘ ਤੁੜ, ਮੁਖਤਿਆਰ ਸਿੰਘ ਮੱਲਾ, ਜਸਬੀਰ ਸਿੰਘ ਵੈਰੋਵਾਲ, ਮਨਜੀਤ ਸਿੰਘ ਬੱਗੂ ਨੇ ਕਿਹਾ ਕਿ ਆਮ ਲੋਕਾਂ ਦੇ ਮਸਲਿਆਂ ਨੂੰ ਲੈ ਕੇ ਲੰਮੇ ਸਮੇਂ ਤੋਂ ਪੈਂਡਿੰਗ ਪਈਆਂ ਦਰਖਾਸਤਾਂ ਤੇ ਐਮਐੱਲਏ ਦੇ ਇਸ਼ਾਰਿਆਂ 'ਤੇ ਬਣਾਈਆਂ ਗਈਆਂ ਝੂਠੀਆਂ ਛੱਬੀਆਂ ਤੇ ਕਈ ਹੋਰ ਮਸਲੇ ਹੱਲ ਨਾ ਹੋਣ ਦੇ ਰੋਸ ਵਜੋਂ ਇਹ ਧਰਨਾ ਲਗਾਇਆ ਗਿਆ। ਇਹ ਧਰਨਾ ਉਨਾ ਚਿਰ ਜਾਰੀ ਰਹੇਗਾ ਜਿੰਨਾ ਚਿਰ ਇਨਸਾਫ ਨਹੀਂ ਮਿਲਦਾ। ਇਸ ਸਮੇਂ ਸਰਬਜੀਤ ਸਿੰਘ ਭਰੋਵਾਲ, ਸੁਖਵੰਤ ਸਿੰਘ ਛਾਪੜੀ ਸਾਹਿਬ, ਬਲਵਿੰਦਰ ਸਿੰਘ ਦਿੱਲੀ, ਲਖਬੀਰ ਸਿੰਘ ਲੁਹਾਰ, ਕੰਵਲਜੀਤ ਸਿੰਘ ਡੇਹਰਾ ਸਾਹਿਬ, ਜਗੀਰ ਸਿੰਘ ਗੰਡੀਵਿੰਡ, ਸਰਵਣ ਸਿੰਘ ਜਾਮਾਰਾਏ, ਤਰਸੇਮ ਸਿੰਘ ਢੋਟੀਆਂ ਅਤੇ ਬਲਵਿੰਦਰ ਸਿੰਘ ਗੋਇੰਦਵਾਲ ਹਾਜ਼ਰ ਸਨ।

## ਸਕੌਡਾ ਕਾਇਲਾਕ ਭਾਰਤ 'ਚ ਅਧਿਕਾਰਤ ਤੌਰ 'ਤੇ ਲਾਂਚ

ਅੰਮ੍ਰਿਤਸਰ-ਸਕੌਡਾ ਆਟੋ ਇੰਡੀਆ ਦੀ ਪਹਿਲੀ ਸਬ-4ਮੀਟਰ ਐੱਸ. ਯੂ. ਵੀ., ਕਾਇਲਾਕ ਅਧਿਕਾਰਤ ਤੌਰ 'ਤੇ ਭਾਰਤੀ ਸੜਕਾਂ 'ਤੇ ਆ ਗਈ ਹੈ, ਜੋ ਬ੍ਰਾਂਡ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਹੈ।

ਇਸਦੀ ਸ਼ੁਰੂਆਤ ਦੇ ਨਾਲ ਕਾਇਲਾਕ ਭਾਰਤ ਦੇ ਵਧਦੇ ਐੱਸ. ਯੂ. ਵੀ. ਬਾਜ਼ਾਰ ਵਿੱਚ ਸਕੌਡਾ ਲਈ ਨਵੀਆਂ ਦਿਸ਼ਾਵਾਂ ਖੋਲ੍ਹਦੀ ਹੈ। ਇਹ ਉੱਚ-ਮੰਗ ਵਾਲੇ ਸਬ-4 ਮੀਟਰ ਹਿੱਸੇ ਵਿੱਚ ਬ੍ਰਾਂਡ ਦੀ ਪਹਿਲੀ ਪੇਸ਼ਕਸ਼ ਹੈ ਅਤੇ ਭਾਰਤ ਵਿੱਚ ਪਹਿਲਾ ਮਾਡਲ ਹੈ ਜੋ ਮਜ਼ਬੂਤੀ, ਕਾਰਜਸ਼ੀਲਤਾ ਅਤੇ ਪ੍ਰਮਾਣਿਕਤਾ 'ਤੇ ਜ਼ੋਰ ਦੇਣ ਵਾਲੀ ਸਕੌਡਾ ਦੀ ਨਵੀਂ ਮਾਡਰਨ ਸਾਲਿਡ ਡਿਜ਼ਾਈਨ ਭਾਸ਼ਾ ਨੂੰ ਪ੍ਰਦਰਸ਼ਿਤ ਕਰਦਾ ਹੈ। ਇਸਦੀ ਗਾਹਕ ਡਲਿਵਰੀ ਅਤੇ ਟੈਸਟ ਡਰਾਈਵ ਅੱਜ ਤੋਂ ਸ਼ੁਰੂ ਹੋਣਗੇ। ਸਕੌਡਾ ਆਟੋ ਇੰਡੀਆ ਦੇ ਬ੍ਰਾਂਡ ਡਾਇਰੈਕਟਰ ਪੇਟਰ ਜਨੇਬਾ ਨੇ ਕਿਹਾ ਕਿ ਕਾਇਲਾਕ ਅਧਿਕਾਰਤ ਤੌਰ 'ਤੇ ਆ ਗਈ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਭਾਰਤ ਵਿੱਚ ਸਕੌਡਾ ਦੇ ਵਿਕਾਸ ਦੇ ਰਾਹ ਨੂੰ ਅੱਗੇ ਵਧਾਉਣ ਲਈ ਤਿਆਰ ਹੈ। ਅੱਜ ਤੋਂ ਇਸਦੀ ਉਪਲਬਧਤਾ ਸਕੌਡਾ ਆਟੋ ਇੰਡੀਆ ਲਈ ਨਵੇਂ ਯੁੱਗ ਦੀ ਨਿਸ਼ਾਨਦੇਹੀ ਕਰਦੀ ਹੈ। ਇਹ ਸੁਰੱਖਿਆ, ਬੇਮਿਸਾਲ ਡਰਾਈਵਿੰਗ ਗਤੀਸ਼ੀਲਤਾ ਅਤੇ ਸੈਗਮੈਂਟ ਮੋਹਰੀ ਵਿਸ਼ੇਸ਼ਤਾਵਾਂ ਨੂੰ ਪੇਸ਼ ਕਰਦੀ ਹੈ।

# ਸੀਨੀਅਰ ਪੈਨਸ਼ਨਰ ਗਿਆਨੀ ਰਜਿੰਦਰ ਸਿੰਘ ਤੇ ਗੁਰਬਚਨ ਸਿੰਘ ਦਾ ਵਿਸ਼ੇਸ਼ ਸਨਮਾਨ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਆਲ ਮਿਊਂਸੀਪਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਗੁਰਦਾਸਪੁਰ ਰਜਿ: ਵੱਲੋਂ ਨਗਰ ਕੌਂਸਲ ਕਾਦੀਆਂ ਤੋਂ ਸੇਵਾ ਮੁਕਤ 80 ਸਾਲ ਤੋਂ ਵੱਧ ਉਪਰ ਵਾਲੇ ਦੋ ਸੀਨੀਅਰ ਪੈਨਸ਼ਨਰਾਂ ਗਿਆਨੀ ਰਜਿੰਦਰ ਸਿੰਘ (ਉਮਰ 91 ਸਾਲ) ਅਤੇ ਗੁਰਬਚਨ ਸਿੰਘ (ਉਮਰ 86 ਸਾਲ) ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਮੇਸ਼ ਗੁਪਤਾ ਨੇ ਦੱਸਿਆ ਕਿ ਜੱਥੇਬੰਦੀ ਵੱਲੋਂ ਗੁਰਬਚਨ ਸਿੰਘ ਦੇ ਗ੍ਰਹਿ-ਨਿਵਾਸ ਸਥਾਨ ਕਾਦੀਆਂ ਵਿਖੇ ਇਸ ਸਬੰਧੀ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਪੈਨਸ਼ਨਰ ਸਾਥੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਨ੍ਹਾਂ ਦੋਵਾਂ ਸੀਨੀਅਰ ਪੈਨਸ਼ਨਰ ਸਾਥੀਆਂ ਗਿਆਨੀ ਰਜਿੰਦਰ ਸਿੰਘ ਅਤੇ ਗੁਰਬਚਨ ਸਿੰਘ ਨੇ ਨਗਰ ਕੌਂਸਲ ਕਾਦੀਆਂ ਵਿੱਚ ਆਪਣੀ ਸਰਵਿਸ ਦੌਰਾਨ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕੀਤਾ ਹੈ ਅਤੇ ਰਿਟਾਇਰਮੈਂਟ ਹੋਣ ਤੋਂ ਬਾਅਦ ਜੱਥੇਬੰਦੀ ਨੂੰ ਵੀ ਪੂਰਾ ਸਹਿਯੋਗ ਦਿੱਤਾ ਗਿਆ ਹੈ। ਜ਼ਿਲ੍ਹਾ ਪ੍ਰਧਾਨ ਰਮੇਸ਼ ਗੁਪਤਾ ਨੇ ਕਿਹਾ ਕਿ ਜੱਥੇਬੰਦੀ ਦੇ ਸਮੂਹ ਆਗੂ ਆਪਣੇ ਸੀਨੀਅਰ ਪੈਨਸ਼ਨਰਾਂ ਨੂੰ ਵਿਸ਼ੇਸ਼ ਸਨਮਾਨ ਭੇਟ ਕਰਕੇ ਮਾਣ ਮਹਿਸੂਸ ਕਰਦੇ ਹਨ। ਇਸ ਮੌਕੇ ਜੱਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਰਮੇਸ਼ ਗੁਪਤਾ, ਜਨਰਲ ਸਕੱਤਰ ਵਿਜੇ ਥਾਪਾ, ਸੀਨੀਅਰ ਮੀਤ ਪ੍ਰਧਾਨ ਨਰਿੰਦਰ ਪਾਲ, ਮੀਤ ਪ੍ਰਧਾਨ ਸਤਪਾਲ ਕਾਦੀਆਂ, ਪ੍ਰੈੱਸ ਸਕੱਤਰ ਰਾਕੇਸ਼ ਭੰਡਾਰੀ, ਕੈਸ਼ੀਅਰ ਗੁਰਿੰਦਰ ਕੁਮਾਰ, ਪ੍ਰੇਮ ਕੁਮਾਰ, ਰਮੇਸ਼ ਕੁਮਾਰ ਆਦਿ ਹਾਜ਼ਰ ਸਨ।



# ਸ੍ਰੀ ਗੁਰੂ ਹਰਿਗੋਬਿੰਦ ਸੀਨੀਅਰ ਸੈਕੰਡਰੀ ਸਕੂਲ 'ਚ ਅਰਦਾਸ ਦਿਵਸ ਤੇ ਇਨਾਮ ਵੰਡ ਸਮਾਰੋਹ ਆਯੋਜਿਤ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ) : ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ ਖੁਜਾਲਾ 'ਚ ਸਾਲਾਨਾ ਅਰਦਾਸ ਦਿਵਸ ਅਤੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਸਾਬਕਾ ਵਿਧਾਇਕ ਅਤੇ ਰਿਟਾਇਰਡ ਰਾਈਟ ਟੂ ਸਰਵਿਸ ਕਮਿਸ਼ਨਰ ਡਾਕਟਰ ਦਲਬੀਰ ਸਿੰਘ ਵੇਰਕਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਨੇ ਵੱਖ-ਵੱਖ ਖੇਤਰਾਂ 'ਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਇਨਾਮ ਵੰਡੇ। ਸਮਾਗਮ 'ਚ ਪਹਿਲਾਂ ਸ੍ਰੀ ਸੁਖਮੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਖੁੱਲ੍ਹੇ ਪੰਡਾਲ 'ਚ ਸਜਾਏ ਗਏ ਦੀਵਾਨ ਵਿੱਚ ਸੰਤ ਬਾਬਾ ਗੁਰਭੇਜ ਸਿੰਘ ਖੁਜਾਲਾ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਜੱਸ ਰਾਹੀਂ ਨਿਹਾਲ ਕੀਤਾ ਅਤੇ ਸਕੂਲ ਦੇ ਬੱਚਿਆਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਤੇ ਹੋਰ ਦੇ ਧਾਰਮਿਕ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਸੰਬੋਧਨ ਕਰਦਿਆਂ ਡਾਕਟਰ ਦਲਬੀਰ ਸਿੰਘ ਵੇਰਕਾ ਨੇ ਸਕੂਲ ਦੇ ਪ੍ਰਬੰਧਕਾਂ ਨੂੰ ਇਸ ਗੱਲ ਦੀ ਵਧਾਈ ਦਿੱਤੀ ਜਿਨ੍ਹਾਂ ਨੇ ਆਪਣੇ ਸਕੂਲ ਦੇ ਬੱਚਿਆਂ ਨੂੰ ਸਿੱਖੀ ਪਹਿਰਾਵੇ ਦੇ ਨਾਲ ਜੋੜ ਕੇ ਰੱਖਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਛੋਟੇ-ਛੋਟੇ ਬੱਚਿਆਂ ਦੇ ਸਿਰਾਂ ਤੇ ਸਜਾਈਆਂ ਹੋਈਆਂ ਕੇਸਰੀ ਪੱਗਾਂ ਖਾਲਸੇ ਦੇ ਪੰਥ ਦੀ ਚੜ੍ਹਦੀ ਕਲਾ ਦਾ ਸੁਨੇਹਾ ਦਿੰਦੀਆਂ ਹਨ। ਇਸ ਲਈ ਹੋਰਨਾਂ ਸਕੂਲਾਂ ਨੂੰ ਵੀ ਬੱਚਿਆਂ ਨੂੰ ਸਿੱਖੀ ਪਹਿਰਾਵੇ ਨਾਲ ਜੋੜਨ ਲਈ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਬੱਚੇ ਦੇ ਉਜਵਲ ਭਵਿੱਖ ਲਈ ਮਾਵਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਮਾਂ ਹੀ ਬੱਚੇ ਨੂੰ ਚੰਗੇ ਗੁਣ ਦੇ ਸਕਦੀ ਹੈ। ਇਸ ਲਈ ਮਾਵਾਂ ਨੂੰ ਬੱਚਿਆਂ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾ ਬੱਚਿਆਂ ਨੂੰ ਅਪੀਲ ਕੀਤੀ ਕਿ ਜੋ ਬੱਚੇ ਐਤਕੀਂ ਪਹਿਲੀ ਦੂਜੀ ਪੁਜ਼ੀਸ਼ਨ ਨਹੀਂ ਲੈ ਸਕੇ, ਉਹ ਆਉਣ ਵਾਲੇ ਸਮੇਂ ਵਿਚ ਹੋਰ ਮਿਹਨਤ ਕਰਨ ਅਤੇ ਅਗਲੇ ਸਾਲ ਨੂੰ ਮੈਰਿਟ ਵਿੱਚ ਆ ਕੇ ਇਨਾਮ ਪ੍ਰਾਪਤ ਕਰਨ।

ਆਏ ਹੋਏ ਮਹਿਮਾਨ ਅਤੇ ਹੋਰ ਪਤਵੰਤਿਆਂ ਨੂੰ ਸਕੂਲ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਗੁਮਟਾਲਾ ਵੱਲੋਂ ਜੀ ਆਇਆਂ ਕਿਹਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਬਿਕਰਮਜੀਤ ਸਿੰਘ ਕੋਟਲਾ, ਸਾਬਕਾ ਸਰਪੰਚ ਪਲਵਿੰਦਰ ਸਿੰਘ ਖੁਜਾਲਾ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਪਰਮਜੀਤ ਸਿੰਘ ਗੋਲਡੀ ਤਨੇਲ, ਸੁਖਵਿੰਦਰ ਸਿੰਘ ਸਾਬਕਾ ਸਰਪੰਚ ਸੈਦੋਲੇਹਲ, ਡਾ. ਸੁਖਵਿੰਦਰ ਸਿੰਘ ਤਰਸਿੱਕਾ, ਪ੍ਰਿੰਸੀਪਲ ਬਲਵਿੰਦਰ ਕੌਰ ਗੁਮਟਾਲਾ, ਅਮਰਜੋਤ ਸਿੰਘ ਗੁਮਟਾਲਾ, ਸਾਬਕਾ ਸਰਪੰਚ ਬਲਵਿੰਦਰ ਸਿੰਘ ਖੁਜਾਲਾ, ਗੁਰਸਰਨ ਸਿੰਘ ਖੁਜਾਲਾ ਆਦਿ ਆਗੂ ਵੀ ਹਾਜ਼ਰ ਸਨ ।



## ਸ਼ਕਤੀ ਪੰਪਸ ਇੰਡੀਆ ਲਿਮਟਿਡ ਵੱਲੋਂ ਵਿੱਤੀ ਨਤੀਜਿਆਂ ਦਾ ਐਲਾਨ

ਲੁਧਿਆਣਾ : ਸ਼ਕਤੀ ਪੰਪਸ (ਇੰਡੀਆ) ਲਿਮਿਟਡ (ਐਸਪੀਆਈਐੱਲ) ਨੇ 31 ਦਸੰਬਰ 2024 ਨੂੰ ਖਤਮ ਹੋਣ ਵਾਲੀ ਤਿਮਾਹੀ ਅਤੇ ਨੌਂ ਮਹੀਨਿਆਂ ਦੇ ਵਿੱਤੀ ਨਤੀਜਿਆਂ ਦਾ ਐਲਾਨ ਕੀਤਾ।ਸ਼ਕਤੀ ਪੰਪਸ (ਇੰਡੀਆ) ਲਿਮਿਟਡ ਦੇ ਚੇਅਰਮੈਨ ਦਿਨੇਸ਼ ਪਾਟੀਦਾਰ ਨੇ ਕਿਹਾ ਕਿ ਮੈਨੂੰ ਇਹ ਦੱਸਣ ਵਿੱਚ ਬਹੁਤ ਖੁਸ਼ੀ ਹੋ ਰਹੀ ਹੈ ਕਿ ਸਾਡੀ ਕੰਪਨੀ ਨੇ ਗ੍ਰੇਟ ਪਲੇਸ ਟੂ ਵਰਕ ਸਰਟੀਫਿਕੇਟ ਪ੍ਰਾਪਤ ਕੀਤਾ ਹੈ।ਇਹ ਸਾਡੀ ਮਜ਼ਬੂਤ ਅਤੇ ਉਤਸ਼ਾਹਿਤ ਟੀਮ ਦੀ ਬਦੌਲਤ ਸੰਭਵ ਹੋਇਆ, ਜਿਸ ਨੇ ਕੰਪਨੀ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।31 ਦਸੰਬਰ 2024 ਤੱਕ ਕੰਪਨੀ ਕੋਲ ਕੁੱਲ 2,070 ਕਰੋੜ ਰੁਪਏ (ਜੀਐੱਸਟੀ ਸਮੇਤ) ਦੇ ਆਰਡਰ ਸਨ ਜੋ ਅਗਲੇ ਇੱਕ ਸਾਲ ਵਿੱਚ ਪੂਰੇ ਕਰਨੇ ਹਨ।ਇਸ ਤਿਮਾਹੀ ਦੌਰਾਨ ਕੰਪਨੀ ਨੂੰ ਮਹਾਰਾਸ਼ਟਰ ਦੀ ਮੈਗੇਲ ਤਿਆਲਾ ਸੌਰ ਕ੍ਰਿਸ਼ੀ ਪੰਪ ਸਕੀਮ ਦੇ ਤਹਿਤ 25,000 ਪੰਪਾਂ ਲਈ 754.3 ਕਰੋੜ ਰੁਪਏ ਦਾ ਵੱਡਾ ਆਰਡਰ ਮਿਲਿਆ।ਇਨ੍ਹਾਂ ਤੋਂ ਇਲਾਵਾ ਹਰਿਆਣਾ ਰੀਨਿਊਏਬਲ ਐਨਰਜੀ ਡਿਪਾਰਟਮੈਂਟ ਵੱਲੋਂ 3,174 ਪੰਪਾਂ ਲਈ 116.36 ਕਰੋੜ ਰੁਪਏ ਦਾ ਆਰਡਰ ਵੀ ਪ੍ਰਾਪਤ ਹੋਇਆ।

# ਸਰਕਾਰੀ ਹਾਈ ਸਕੂਲ ਬਸਰਾਏ ਵਿਖੇ ਬਲਾਕ ਪੱਧਰੀ ਕਰਾਟੇ ਮੁਕਾਬਲੇ ਕਰਵਾਏ

ਧਾਰੀਵਾਲ, ਕਾਦੀਆਂ (ਮਨਦੀਪ ਸਿੰਘ/ਯਾਦਵਿੰਦਰ ਸਿੰਘ ਮਲਹੋਤਰਾ)-ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਗੁਰਦਾਸਪੁਰ ਜਗਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਲੜਕੀਆਂ ਦੀ ਸਮਾਜਿਕ ਸੁਰੱਖਿਆ ਦੇ ਲਈ ਕਰਾਟੇ ਟਰੇਨਿੰਗ ਦੀ ਵਿਵਸਥਾ ਕੀਤੀ ਗਈ। ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਵਿਜੇ ਕੁਮਾਰ ਬਲਾਕ ਨੋਡਲ ਅਫਸਰ-ਕਮ-ਹੈੱਡਮਾਸਟਰ ਨੇ ਦੱਸਿਆ ਕਿ ਬਲਾਕ ਕਾਦੀਆਂ-1 ਦਾ ਬਲਾਕ ਪੱਧਰੀ ਕਰਾਟੇ ਮੁਕਾਬਲਾ ਸਰਕਾਰੀ ਹਾਈ ਸਕੂਲ ਬਸਰਾਏ ਵਿਖੇ ਕਰਵਾਇਆ ਗਿਆ। ਇਹ ਮੁਕਾਬਲਾ ਦੋ ਵਰਗਾਂ ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਤੋਂ ਬਾਰ੍ਹਵੀਂ ਦੇ ਵੱਖ-ਵੱਖ ਭਾਰ ਵਰਗਾਂ ਵਿੱਚ ਕਰਵਾਇਆ ਗਿਆ। 35 ਕਿਲੋਗ੍ਰਾਮ ਭਾਰ ਕੈਟੇਗਰੀ ਵਿੱਚ ਅਨਮੋਲ ਸਰਕਾਰੀ ਮਿਡਲ ਸਕੂਲ ਭਗਤਪੁਰ ਰੱਬ ਵਾਲਾ-40 ਕਿੱਲੋ ਵਰਗ ਵਿੱਚ ਕੋਮਲਪ੍ਰੀਤ ਕੌਰ ਸਰਕਾਰੀ ਮਿਡਲ ਸਕੂਲ ਸਲਾਹਪੁਰ-45 ਕਿਲੋਗ੍ਰਾਮ ਵਿੱਚ ਕੋਮਲਪ੍ਰੀਤ ਕੌਰ ਸਰਕਾਰੀ ਮਿਡਲ ਸਕੂਲ ਸਲਾਹਪੁਰ, +45 ਕਿਲੋਗ੍ਰਾਮ ਵਰਗ ਵਿੱਚ ਸਿਮਰਪ੍ਰੀਤ ਕੌਰ ਸਰਕਾਰੀ ਮਿਡਲ ਸਕੂਲ ਢਪਈ ਨੇ ਗੋਲਡ ਮੈਡਲ ਜਿੱਤਿਆ। ਦੂਸਰੇ ਵਰਗ ਵਿੱਚ ਨੌਵੀਂ ਤੋਂ ਬਾਰ੍ਹਵੀਂ ਵਰਗ ਦੇ ਮਾਈਨਸ 40 ਕਿਲੋਗਰਾਮ ਕੈਟਾਗਰੀ ਵਿੱਚ ਅੰਜਲੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ, ਮਾਈਨਸ 45 ਕਿਲੋਗ੍ਰਾਮ ਭਾਰ ਵਿੱਚ ਜਸਪ੍ਰੀਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਰਥ, ਮਾਈਨਸ 50 ਕਿਲੋਗਰਾਮ ਵਿੱਚ ਜਸ਼ਨਪ੍ਰੀਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁਟਰ ਕਲਾਂ ਤੇ ਪਲੱਸ 50 ਕਿੱਲੋਗਰਾਮ ਵਰਗ ਵਿੱਚ ਪ੍ਰਭਲੋਇਨ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਨੇ ਗੋਲਡ ਮੈਡਲ ਜਿੱਤੇ। ਜੇਤੂ ਬੱਚਿਆਂ ਨੂੰ ਸ੍ਰੀ ਵਿਜੇ ਕੁਮਾਰ ਹੈਡਮਾਸਟਰ ਕਮ ਬਲਾਕ ਨੋਡਲ ਅਫਸਰ ਕਾਦੀਆਂ -1, ਪ੍ਰਿੰ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਜਾਲਾ ਸ਼ਸ਼ੀਕਿਰਨ, ਹੈੱਡਮਿਸਟ੍ਰੈੱਸ ਰਜਵੰਤ ਕੌਰ ਸਰਕਾਰੀ ਹਾਈ ਸਕੂਲ ਤੁਗਲਵਾਲਾ ਅਤੇ ਰਿਟਾਇਰਡ ਡੀਆਰਪੀ ਦਿਲਬਾਗ ਸਿੰਘ ਦੀ ਸਮੂਹ ਟੀਮ ਨੇ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਬਲਾਕ ਪੱਧਰੀ ਕਰਾਟੇ ਮੁਕਾਬਲੇ ਨੂੰ ਸਫਲ ਬਣਾਉਣ ਲਈ ਮੈਡਮ ਕੁਲਦੀਪ ਕੌਰ ਡੀਪੀਈ ਸਰਕਾਰੀ ਹਾਈ ਸਕੂਲ ਬਸਰਾਏ ਦਾ ਵਿਸ਼ੇਸ਼ ਯੋਗਦਾਨ ਰਿਹਾ। ਜੱਜਮੈਂਟ ਦੀ ਭੂਮਿਕਾ ਲੈਕਚਰਾਰ ਰਾਜਵਿੰਦਰ ਕੌਰ, ਡੀਪੀਈ ਗੁਰਮੇਜ ਸਿੰਘ, ਹਰਜੀਤ ਕੌਰ ਡੀਪੀਈ ਅਤੇ ਸੰਦੀਪ ਕੌਰ ਡੀਪੀਈ ਨੇ ਨਿਭਾਈ।

ਕੋਚ ਵਜੋਂ ਅਜਮਲ ਮਸੀਹ, ਮਨਪ੍ਰੀਤ ਕੌਰ, ਜਸ਼ਨਪ੍ਰੀਤ ਕੌਰ, ਵਿਲੀਅਮ ਅਤੇ ਜਸ਼ਨ ਨੇ ਅਹਿਮ ਭੂਮਿਕਾ ਨਿਭਾਈ। ਇਸ ਸਮੇਂ ਸਿਕੰਦਰ ਸਿੰਘ, ਸ਼ਰਨਜੀਤ ਕੌਰ, ਮਨਦੀਪ ਕੌਰ, ਕੁਲਦੀਪ ਕੌਰ, ਮਲਿਕਾ ਗੁਰਾਇਆ, ਨੇਹਾ ਠਾਕੁਰ, ਜਰਨੈਲ ਸਿੰਘ, ਸਤਨਾਮ ਸਿੰਘ, ਨਵਪ੍ਰੀਤ ਕੌਰ ਅਤੇ ਮੰਗਲ ਸਿੰਘ ਹਾਜ਼ਰ ਸਨ ਜਿਨਾਂ ਨੇ ਇਸ ਪ੍ਰਬੰਧ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ।



## ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦਾ ਅਪਮਾਨ ਸਹਿਣ ਨਹੀਂ ਕੀਤਾ ਜਾਵੇਗਾ: ਯਸ਼ਪਾਲ ਕੁੰਡਲ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਸੰਵਿਧਾਨ ਨਿਰਮਾਤਾ ਡਾਕਟਰ ਸਾਹਿਬ ਭੀਮ ਰਾਓ ਅੰਬੇਡਕਰ ਦੇ ਬੁੱਤ ਦਾ ਅਪਮਾਨ ਕਰਨ ਵਾਲੇ ਆਕਾਸ਼ ਸਿੰਘ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਦੇ ਨਾਲ ਨਾਲ ਜ਼ੁੰਮੇਵਾਰ ਅਧਿਕਾਰੀਆਂ ਦੇ ਖਿਲਾਫ ਵੀ ਕਾਰਵਾਈ ਕੀਤੀ ਜਾਣੀ ਬਣਦੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਜ਼ਿਲਾ ਜਨਰਲ ਸਕੱਤਰ ਗੁਰਦਾਸਪੁਰ ਦੇ ਯਸ਼ਪਾਲ ਕੁੰਡਲ ਨੇ ਕੀਤਾ। ਉਨ੍ਹਾਂ ਪੰਜਾਬ ਸਰਕਾਰ 'ਤੇ ਤੰਜ਼ ਕੱਸਦਿਆਂ ਕਿਹਾ ਕਿ ਪੰਜਾਬ ਵਿੱਚ ਲਾਅ ਐਂਡ ਆਰਡਰ ਪੂਰੀ ਤਰ੍ਹਾਂ ਫੇਲ੍ਹ ਹੋ ਗਿਆ ਹੈ ਕਿਉਂਕਿ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਦੇ ਵਿਚ ਆਈ ਹੈ ਉਦੋਂ ਤੋਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਰੇਕ ਦਫਤਰ ਵਿੱਚ ਡਾ. ਅੰਬੇਡਕਰ ਸਾਹਿਬ ਦੀ ਤਸਵੀਰ ਲਗਾਉਣ ਦੇ ਅਦੇਸ਼ ਜਾਰੀ ਕੀਤੇ ਗਏ ਸਨ ਪਰ ਅੰਮ੍ਰਿਤਸਰ ਸ਼ਹਿਰ ਵਿਚ ਹੋਈ ਘਟਨਾ ਕਾਰਨ ਪੰਜਾਬ ਵਿੱਚ ਖੁਫੀਆ ਏਜੰਸੀਆਂ ਸਵਾਲਾਂ ਦੇ ਘੇਰੇ ਵਿੱਚ ਹਨ। ਕੁੰਡਲ ਨੇ ਕਿਹਾ ਕਿ ਇਸ ਘਟਨਾ ਦਾ ਸਮਾਜ ਵਿਚ ਭਾਰੀ ਰੋਸ ਹੈ। ਉਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਬੇਨਤੀ ਕੀਤੀ ਕਿ ਇਸ ਘਟਨਾ ਦੀ ਸੀਬੀਆਈ ਤੋਂ ਜਾਂਚ ਕਰਵਾ ਕੇ ਦੋਸ਼ੀ ਦੇ ਖਿਲਾਫ ਐਨਐਸਏ ਵਰਗੀ ਧਾਰਾ ਤਹਿਤ ਮਿਸਾਲੀ ਸਜ਼ਾ ਦਿਵਾਈ ਜਾਵੇ। ਇਨ੍ਹਾਂ ਦੇ ਨਾਲ ਜ਼ੁੰਮੇਵਾਰ ਅਧਿਕਾਰੀਆਂ ਦੇ ਖਿਲਾਫ ਵੀ ਸਖਤ ਕਾਰਵਾਈ ਕੀਤੀ ਜਾਵੇ।



# ਆਵਾਜਾਈ ਨਿਯਮਾਂ ਦੀ ਉਲੰਘਣਾ ਤੇ ਗਲਤ ਪਾਰਕ ਕੀਤੇ ਵਾਹਨਾਂ ਦੇ ਚਲਾਨ ਕੱਟੇ

ਗੁਰਦਾਸਪੁਰ (ਦਿਨੇਸ਼ ਕੁਮਾਰ)-ਗੁਰਦਾਸਪੁਰ ਸ਼ਹਿਰ ਵਿੱਚ ਟਰੈਫਿਕ ਸਮੱਸਿਆ ਦੇ ਹੱਲ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਹਰਜਿੰਦਰ ਸਿੰਘ ਬੇਦੀ ਦੀਆਂ ਹਦਾਇਤਾਂ ਤਹਿਤ ਟਰਾਂਸਪੋਰਟ ਵਿਭਾਗ ਅਤੇ ਟਰੈਫਿਕ ਪੁਲਸ ਵੱਲੋਂ ਸਾਂਝੇ ਤੌਰ 'ਤੇ ਸ਼ਹਿਰ ਵਿੱਚ ਵਾਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਗਲਤ ਪਾਰਕ ਗੱਡੀਆਂ ਦੇ ਚਲਾਨ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਰ. ਟੀ. ਏ. ਦਵਿੰਦਰ ਕੁਮਾਰ ਨੇ ਦੱਸਿਆ ਕਿ ਟਰਾਂਸਪੋਰਟ ਵਿਭਾਗ ਅਤੇ ਟਰੈਫਿਕ ਪੁਲਸ ਵੱਲੋਂ ਸਾਂਝੇ ਚੈਕਿੰਗ ਅਭਿਆਨ ਦੌਰਾਨ ਗੁਰਦਾਸਪੁਰ ਸ਼ਹਿਰ ਵਿੱਚ ਵਾਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਗਲਤ ਪਾਰਕਿੰਗ ਕਰਨ ਅਤੇ ਹੋਰ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਕਰਕੇ 12 ਵਾਹਨਾਂ ਦੇ ਚਲਾਨ ਕੀਤੇ ਗਏ। ਉਨ੍ਹਾਂ ਕਿਹਾ ਕਿ ਵਾਹਨ ਚਾਲਕਾਂ ਲਈ ਆਵਾਜਾਈ ਨਿਯਮਾਂ ਦੀ ਪਾਲਣਾ ਬੇਹੱਦ ਜ਼ਰੂਰੀ ਹੈ। ਵਾਹਨਾਂ ਦੀ ਪਾਰਕਿੰਗ ਸਿਰਫ ਨਿਰਧਾਰਿਤ ਥਾਂ 'ਤੇ ਹੀ ਕਰਨੀ ਚਾਹੀਦੀ ਹੈ ਅਤੇ ਬਜ਼ਾਰਾਂ ਵਿੱਚ ਜਾਂ ਸੜਕਾਂ ਕਿਨਾਰੇ ਗੱਡੀਆਂ ਪਾਰਕ ਨਹੀਂ ਕਰਨੀਆਂ ਚਾਹੀਦੀਆਂ। ਉਨ੍ਹਾਂ ਕਿਹਾ ਕਿ ਅਜਿਹਾ ਹੋਣ ਨਾਲ ਜਿੱਥੇ ਟਰੈਫਿਕ ਜਾਮ ਲੱਗਦੇ ਹਨ ਓਥੇ ਕਈ ਵਾਰ ਸੜਕ ਹਾਦਸੇ ਵੀ ਵਾਪਰ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਟਰਾਂਸਪੋਰਟ ਵਿਭਾਗ ਵੱਲੋਂ ਟਰੈਫਿਕ ਪੁਲਸ ਨਾਲ ਮਿਲ ਕੇ ਇਹ ਮੁਹਿੰਮ ਜਾਰੀ ਰਹੇਗੀ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸ਼ਹਿਰ ਦੇ ਬਜ਼ਾਰਾਂ ਅਤੇ ਸੜਕਾਂ ਉੱਪਰ ਗਲਤ ਪਾਰਕਿੰਗ ਨਾਲ ਲੋਕਾਂ ਨੂੰ ਕੋਈ ਸਮੱਸਿਆ ਨਾ ਆਵੇ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਵਾਹਨ ਚਲਾਉਂਦੇ ਸਮੇਂ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਅਤੇ ਆਪਣੇ ਵਾਹਨ ਨਿਰਧਾਰਿਤ ਥਾਵਾਂ ਉੱਪਰ ਹੀ ਪਾਰਕ ਕਰਨ।



# ਭਗਵਾਨ ਵਾਲਮੀਕਿ ਕ੍ਰਾਂਤੀ ਸੈਨਾ ਵੱਲੋਂ ਹੰਗਾਮੀ ਮੀਟਿੰਗ

## * ਡੀਐੱਸਪੀ ਜੰਡਿਆਲਾ ਗੁਰੂ ਰਾਹੀਂ ਪੰਜਾਬ ਸਰਕਾਰ ਦੇ ਨਾਂਅ ਸੌਂਪਿਆ ਮੰਗ ਪੱਤਰ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਬੀਤੀ 26 ਜਨਵਰੀ ਨੂੰ ਅੰਮ੍ਰਿਤਸਰ ਵਿਖੇ ਡਾ. ਭੀਮ ਰਾਓ ਅੰਬੇਡਕਰ ਦੀ ਮੂਰਤੀ ਨੂੰ ਹਥੌੜੇ ਨਾਲ ਤੋੜਨ ਦੀ ਕੋਸ਼ਿਸ਼ ਕਰਕੇ ਕੀਤੀ ਬੇਅਦਬੀ ਦੇ ਵਿਰੋਧ ਵਿੱਚ ਭਗਵਾਨ ਵਾਲਮੀਕਿ ਕ੍ਰਾਂਤੀ ਸੈਨਾ ਵੱਲੋਂ ਇੱਕ ਹੰਗਾਮੀ ਮੀਟਿੰਗ ਕੀਤੀ ਗਈ। ਉਪਰੰਤ ਡੀਐੱਸਪੀ ਜੰਡਿਆਲਾ ਗੁਰੂ ਨੂੰ ਇਸ ਸਬੰਧੀ ਮੰਗ ਪੱਤਰ ਸੌਂਪ ਕੇ ਪੰਜਾਬ ਸਰਕਾਰ ਕੋਲੋਂ ਇਸ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਭਗਵਾਨ ਵਾਲਮੀਕਿ ਕ੍ਰਾਂਤੀ ਸੈਨਾ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮੀਆਂਵਿੰਡ ਅਤੇ ਪ੍ਰੈੱਸ ਸਕੱਤਰ ਸਵਿੰਦਰ ਸਿੰਘ ਤਾਰਾਗੜ੍ਹ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਦੋਂ ਸਾਰੇ ਦੇਸ਼ ਵਿੱਚ ਗਣਤੰਤਰ ਦਿਵਸ ਮਨਾਇਆ ਜਾ ਰਿਹਾ ਸੀ, ਉਸ ਸਮੇਂ ਇੱਕ ਸ਼ਰਾਰਤੀ ਅਨਸਰ ਵੱਲੋਂ ਅੰਮ੍ਰਿਤਸਰ ਵਿੱਚ ਭਾਰਤ ਦਾ ਸੰਵਿਧਾਨ ਸਾੜ ਕੇ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀ ਮੂਰਤੀ ਨੂੰ ਹਥੌੜੇ ਨਾਲ ਸੱਟਾਂ ਮਾਰ ਕੇ ਤੋੜਨ ਦੀ ਕੋਸ਼ਿਸ਼ ਕਰਕੇ ਘੋਰ ਬੇਅਦਬੀ ਕੀਤੀ ਗਈ ਹੈ ਜਿਸ ਤੇ ਉਹ ਭਗਵਾਨ ਵਾਲਮੀਕਿ ਕ੍ਰਾਂਤੀ ਸੈਨਾ ਵੱਲੋਂ ਇਸ ਦੀ ਘੋਰ ਨਿੰਦਾ ਕਰਦੇ ਹਨ ਅਤੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਤੋਂ ਮੰਗ ਕਰਦੇ ਹਨ ਕਿ ਇਸ ਘਟਨਾਕ੍ਰਮ ਅੰਦਰ ਜੋ ਵੀ ਮੌਕੇ 'ਤੇ ਫੜਿਆ ਗਿਆ ਦੋਸ਼ੀ ਅਤੇ ਜਿਨ੍ਹਾਂ ਦੀ ਸ਼ਹਿ ਉਤੇ ਇਹ ਕੰਮ ਹੋਇਆ ਹੈ ਉਨ੍ਹਾਂ ਸਾਰੇ ਦੋਸ਼ੀਆਂ ਉਪਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।ਉਨ੍ਹਾਂ ਕਿਹਾ 25 ਜਨਵਰੀ ਨੂੰ ਵੀ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਸੰਵਿਧਾਨ ਦੇ ਖਿਲਾਫ ਕਾਫੀ ਕੂੜ ਪ੍ਰਚਾਰ ਕੀਤਾ ਗਿਆ ਸੀ ਪਰ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ।ਉਨ੍ਹਾਂ ਨੇ ਕਿਹਾ ਕਿ ਇਸ ਲਈ ਸਰਕਾਰ ਅਜਿਹੇ ਲੋਕਾਂ ਪਿੱਛੇ ਜੋ ਤਾਕਤਾਂ ਕੰਮ ਕਰ ਰਹੀਆਂ ਹਨ, ਦਾ ਪਰਦਾ ਫਾਸ਼ ਕਰਕੇ ਸਖਤ ਤੋਂ ਸਖਤ ਕਾਰਵਾਈ ਕਰੇ ਤਾਂ ਜੋ ਪੰਜਾਬ ਅਤੇ ਦੇਸ਼ ਦਾ ਮਾਹੌਲ ਸ਼ਾਂਤੀਪੂਰਵਕ ਬਣਿਆ ਰਹਿ ਸਕੇ।ਉਪਰੰਤ ਉਨ੍ਹਾਂ ਵੱਲੋਂ ਡੀਐੱਸਪੀ ਜੰਡਿਆਲਾ ਗੁਰੂ ਰਾਹੀਂ ਇਸ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕਰਨ ਲਈ ਪੰਜਾਬ ਸਰਕਾਰ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਦਿਲਬਾਗ ਸਿੰਘ ਜ਼ਿਲਾ ਸੈਕਟਰੀ, ਸਰਬਜੀਤ ਸਿੰਘ ਸੋਨੂੰ ਜ਼ਿਲ੍ਹਾ ਕੈਸ਼ੀਅਰ, ਬਲਕਾਰ ਸਿੰਘ ਸਰਲੀ, ਲਾਡੀ ਸਰਲੀ, ਬਲਵਿੰਦਰ ਸਿੰਘ ਉੱਪਲ, ਬੂਟਾ ਸਿੰਘ ਬਦੇਸ਼ਾ, ਜਸਵਿੰਦਰ ਸਿੰਘ ਢੋਟਾ, ਜੁਝਾਰ ਸਿੰਘ ਖਲਹਿਰਾ, ਐੱਸਪੀ ਖ਼ਲਚੀਆਂ, ਸਤਨਾਮ ਸਿੰਘ ਸ਼ਹਿਰੀ ਪ੍ਰਧਾਨ, ਸਾਹਿਬ ਸਿੰਘ ਜਨਰਲ ਸਕੱਤਰ, ਸਰਬਜੀਤ ਸਿੰਘ ਕਾਲੀ ਵਾਈਸ ਪ੍ਰਧਾਨ, ਜਸਵੰਤ ਸਿੰਘ ਐਡਵਾਈਜ਼ਰ, ਜਸਪਾਲ ਸਿੰਘ, ਜੰਗ ਬਹਾਦਰ ਸਿੰਘ ਅਤੇ ਹੋਰ ਬਹੁਤ ਸਾਰੇ ਵਰਕਰ ਮੌਜੂਦ ਸਨ।



# ਹਸਪਤਾਲ 'ਚ ਮਰੀਜ਼ਾਂ ਦੇ ਇਲਾਜ ਲਈ ਸ਼ਾਂਤ ਮਾਹੌਲ ਬਣਾਉਣ ਦੀ ਲੋੜ : ਐੱਸ ਐੱਮ ਓ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਕਮਿਊਨਿਟੀ ਸਿਹਤ ਸੈਂਟਰ ਡੇਰਾ ਬਾਬਾ ਨਾਨਕ ਵਿਖੇ ਬਾਰਡਰ ਏਰੀਏ ਵਿੱਚ ਵੱਸਦੇ ਪਿੰਡਾਂ ਦੇ ਲੋਕਾਂ ਅਤੇ ਅਤੇ ਬੀਐੱਸਐੱਫ ਦੇ ਜਵਾਨਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹਈਆ ਕਰਵਾ ਰਹੇ ਸੀਨੀਅਰ ਮੈਡੀਕਲ ਅਫਸਰ ਡਾ. ਹਰਪਾਲ ਸਿੰਘ, ਮੈਡੀਕਲ ਅਫ਼ਸਰ ਡਾ. ਜਤਿੰਦਰ ਸਿੰਘ ਅਤੇ ਮੈਡੀਕਲ ਅਫਸਰ ਡਾ. ਪ੍ਰਗਤੀ ਸਿੰਘ, ਡਾ. ਵਤਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਵਿਖੇ ਅਕਸਰ ਹੀ ਇਲਾਕੇ ਦੇ ਲੋਕ ਲੜਾਈ ਝਗੜਾ ਕਰਨ ਤੋਂ ਬਾਅਦ ਆਪਣਾ ਇਲਾਜ ਕਰਵਾਉਣ ਲਈ ਆਉਂਦੇ ਹਨ। ਉਨ੍ਹਾਂ ਨਾਲ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਸਮਰਥਕ ਵੀ ਆਉਂਦੇ ਹਨ ਜਿਨ੍ਹਾਂ ਨੇ ਅਕਸਰ ਹੀ ਨਸ਼ਾ ਕੀਤਾ ਹੁੰਦਾ ਹੈ ਤੇ ਉਹ ਹਸਪਤਾਲ ਦੇ ਸਟਾਫ਼ ਨਾਲ ਬਹੁਤ ਹੀ ਗਲਤ ਵਿਵਹਾਰ ਕਰਦੇ ਹਨ ਜੋ ਚਿੰਤਾ ਦਾ ਵਿਸ਼ਾ ਹੈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਡਾਕਟਰਾਂ ਅਤੇ ਨਰਸਾਂ ਨੂੰ ਮਰੀਜ਼ਾਂ ਦਾ ਇਲਾਜ ਕਰਨ ਵਿੱਚ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ।ਇਲਾਜ ਯਕੀਨੀ ਬਣਾਉਣ ਲਈ ਹਸਪਤਾਲ ਦਾ ਮਾਹੌਲ ਸ਼ਾਂਤ ਬਣਾਉਣ ਦੀ ਵੱਡੀ ਲੋੜ ਹੈ।ਉਨ੍ਹਾਂ ਸਰਹੱਦੀ ਪਿੰਡਾਂ ਦੇ ਸਰਪੰਚਾਂ, ਪੰਚਾਂ ਅਤੇ ਮੋਹਤਬਰਾਂ ਨੂੰ ਅਪੀਲ ਕੀਤੀ ਕਿ ਉਹ ਹਸਪਤਾਲ ਵਿੱਚ ਮਰੀਜ਼ ਨੂੰ ਦਾਖਲ ਕਰਵਾਉਣ ਸਮੇਂ ਮਰੀਜ਼ ਨਾਲ ਇੱਕ ਜਾਂ ਦੋ ਹੈਲਪਰ ਹੀ ਆਉਣ।ਉਨ੍ਹਾਂ ਨੇ ਪਿੰਡਾਂ ਦੇ ਸਰਪੰਚਾਂ, ਪੰਚਾਂ ਨੂੰ ਅਪੀਲ ਕੀਤੀ ਕਿ ਉਹ ਪਿੰਡ ਪੱਧਰ ਤੇ ਲੋਕਾਂ ਨੂੰ ਜਾਗਰੂਕ ਕਰਨ ਕਿ ਹਸਪਤਾਲ ਦਾ ਮਾਹੌਲ ਸ਼ਾਂਤ ਬਣਾਉਣ ਲਈ ਫਜ਼ੂਲ ਲੋਕਾਂ ਨੂੰ ਹਸਪਤਾਲ ਵਿੱਚ ਨਾ ਭੇਜਿਆ ਜਾਵੇ। ਇਸ ਮੌਕੇ ਐੱਸਐੱਮਓ ਹਰਪਾਲ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਦੇ ਉਚ ਅਧਿਕਾਰੀਆਂ ਅਨੁਸਾਰ ਹਸਪਤਾਲਾਂ ਵਿੱਚ ਪਹਿਲਾਂ ਹੀ ਸੂਚਨਾ ਬੋਰਡ ਲਗਾਏ ਹੋਏ ਹਨ ਕਿ ਹਸਪਤਾਲ ਵਿੱਚ ਕਰਮਚਾਰੀਆਂ ਨਾਲ ਜੇਕਰ ਕੋਈ ਵਿਅਕਤੀ ਦੁਰਵਿਹਾਰ ਕਰਨ ਤੋਂ ਇਲਾਵਾ ਸਰਕਾਰੀ ਕੰਮ ਵਿੱਚ ਰੁਕਾਵਟ ਪਾਉਂਦਾ ਹੈ, ਅਪਮਾਨਜਨਕ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ, ਕਰਮਚਾਰੀਆਂ ਨੂੰ ਧਮਕੀ ਦੇਣਾ, ਗਾਲੀ ਗਲੋਚ ਕਰਨਾ, ਸਰਕਾਰੀ ਡਿਊਟੀ ਵਿੱਚ ਵਿਘਨ ਪਾਉਂਦਾ ਹੈ ਜਾਂ ਹਸਪਤਾਲ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉਸ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾਂ ਕਿਹਾ ਕਿ ਸਿਹਤ ਕਰਮਚਾਰੀ ਮਰੀਜ਼ਾਂ ਦਾ ਇਲਾਜ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਨ ਅਤੇ ਮਰੀਜ਼ਾਂ ਦੇ ਪਰਿਵਾਰਕ ਜੀਅ ਵੀ ਸਿਹਤ ਵਿਭਾਗ ਦਾ ਸਹਿਯੋਗ ਕਰਨ। ਇਸ ਮੌਕੇ ਉਨ੍ਹਾਂ ਨਾਲ ਸਟਾਫ਼ ਨਰਸ ਪਰਮਜੀਤ ਕੌਰ, ਸਟਾਫ਼ ਨਰਸ ਅਮਨਦੀਪ ਦੀਪ ਕੌਰ, ਰੋਸ਼ਨ ਮਸੀਹ ਆਦਿ ਹਾਜ਼ਰ ਸਨ।



## ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਵੱਲੋਂ ਡਾ. ਅੰਬੇਡਕਰ ਦੇ ਬੁੱਤ ਨਾਲ ਛੇੜਛਾੜ ਦੀ ਨਿਖੇਧੀ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**-ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਸਰਕਾਰ ਦਾ ਰਾਜੋਕੇ ਚੌਕ ਵਿੱਚ ਪੁਤਲਾ ਫੂਕਿਆ ਗਿਆ।

ਇਸ ਮੌਕੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਤਹਿਸੀਲ ਸਕੱਤਰ ਲਾਜ਼ਰ ਲਾਖਣਾ, ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਮੀਤ ਪ੍ਰਧਾਨ ਗੁਰਬੀਰ ਭੱਟੀ ਰਾਜੋਕੇ ਨੇ ਕਿਹਾ ਕਿ ਮਜ਼ਦੂਰਾਂ ਦੇ ਰਹਿਬਰ ਡਾ. ਭੀਮ ਰਾਓਅੰਬੇਡਕਰ ਦੇ ਬੁੱਤ 'ਤੇ ਹਮਲੇ ਤੇ ਨੁਕਸਾਨ ਪੁਚਾਉਣ 'ਤੇ ਜਥੇਬੰਦੀਆਂ ਨੇ ਨਿੰਦਾ ਕਰਦਿਆਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਲਗਾਤਾਰ ਮਜ਼ਦੂਰਾਂ ਉੱਪਰ ਜਾਤੀ ਹਮਲੇ ਕੀਤੇ ਜਾ ਰਹੇ ਹਨ। ਮਜ਼ਦੂਰਾਂ ਦੇ ਹਿਰਦਿਆਂ ਨੂੰ ਵਲੂੰਧਰਿਆ ਜਾਣਾ ਸਰਕਾਰ ਦੀ ਵੱਡੀ ਨਾਲਾਇਕੀ ਹੈ। ਜੇਕਰ ਕੇਂਦਰ ਤੇ ਪੰਜਾਬ ਸਰਕਾਰ ਅਤੇ ਸ਼ਰਾਰਤੀ ਅਨਸਰ ਆਪਣੀਆਂ ਹਰਕਤਾਂ ਤੋਂ ਬਾਜ਼ ਨਾ ਆਏ ਤਾਂ ਸਰਕਾਰ ਵਿਰੁੱਧ ਵੱਡਾ ਘੋਲ ਵਿੱਢਿਆ ਜਾਵੇਗਾ। ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਗੋਰਖ ਸਿੰਘ ਰਾਜੋਕੇ, ਲੱਖਾ ਸਿੰਘ ਲਾਖਣਾ, ਰੇਸ਼ਮ ਸਿੰਘ, ਸੁਖਦੇਵ ਸਿੰਘ, ਜਸਵੰਤ ਠੇਕੇਦਾਰ ਬਾਸਰਕੇ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਬਲਦੇਵ ਸਿੰਘ ਰਾਜੋਕੇ, ਬੰਟੀ ਰਾਜੋਕੇ, ਬੂਟਾ ਰਾਜੋਕੇ, ਸੇਵਕ ਸਿੰਘ, ਗੁਰਦੇਵ ਸਿੰਘ ਅਤੇ ਕੁਲਦੀਪ ਸਿੰਘ ਹਾਜ਼ਰ ਸਨ।



# ਕਾਮਰੇਡ ਕੁਲਵਿੰਦਰ ਸਿੰਘ ਵਲਟੋਹਾ ਦੀ 18ਵੀਂ ਬਰਸੀ ਮੌਕੇ ਸ਼ਰਧਾਂਜਲੀ ਭੇਟ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਪਿੰਡ ਵਲਟੋਹਾ ਵਿੱਚ ਕਾਮਰੇਡ ਕੁਲਵਿੰਦਰ ਸਿੰਘ ਵਲਟੋਹਾ ਦੀ 18ਵੀਂ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਪ੍ਰੋਗਰਾਮ ਦੀ ਪ੍ਰਧਾਨਗੀ ਰਣਜੀਤ ਸਿੰਘ ਬਹਾਦਰ ਨਗਰ ਅਤੇ ਕਾਬਲ ਸਿੰਘ ਆਸਲ ਨੇ ਕੀਤੀ। ਸਟੇਜ ਸੰਚਾਲਕ ਦੀ ਜ਼ਿੰਮੇਵਾਰੀ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਨੇ ਨਿਭਾਈ। ਕਾਮਰੇਡ ਕੁਲਵਿੰਦਰ ਸਿੰਘ ਵਲਟੋਹਾ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਹਾਜ਼ਰ ਸਾਥੀਆਂ ਨੂੰ ਸੰਬੋਧਨ ਹੁੰਦੇ ਹੋਏ ਮੁੱਖ ਬੁਲਾਰੇ ਕਾਮਰੇਡ ਹਰਭਜਨ ਸਿੰਘ ਨੇ ਕੁਲਵਿੰਦਰ ਸਿੰਘ ਦੇ ਉੱਚੇ-ਸੁੱਚੇ ਜੀਵਨ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਕਿਵੇਂ ਕਾਮਰੇਡ ਕੁਲਵਿੰਦਰ ਸਿੰਘ ਕਹਿਣੀ ਤੇ ਕਰਨੀ ਦੇ ਪੱਕੇ ਸਨ, ਗਰੀਬਾਂ ਦੀ ਬਾਂਹ ਫੜਨ ਵਾਲੇ ਸਨ ਤੇ ਕਿਰਤੀ ਵਰਗ ਦੇ ਹਮਦਰਦ ਸਨ। ਉਨ੍ਹਾਂ ਨੇ ਹਮੇਸ਼ਾ ਹੀ ਕਿਸਾਨਾਂ/ਮਜ਼ਦੂਰਾਂ ਦੀ ਲੜਾਈ ਅੱਗੇ ਹੋ ਕੇ ਲੜੀ। ਕੁੱਲ ਹਿੰਦ ਕਿਸਾਨ ਸਭਾ ਵੱਲੋਂ ਪੂਰਨ ਸਿੰਘ ਮਾੜੀਮੇਘਾ, ਮਹਾਵੀਰ ਸਿੰਘ ਪੱਟੀ ਅਤੇ ਬਲਕਾਰ ਸਿੰਘ ਵਲਟੋਹਾ ਨੇ ਬੋਲਦਿਆਂ ਕਿਹਾ ਕਿ ਅੱਜ ਪੂਰੇ ਇਲਾਕੇ ਨੂੰ ਕੁਲਵਿੰਦਰ ਸਿੰਘ ਦੇ ਰੂਪ ਵਿੱਚ ਇੱਕ ਵੱਡੇ ਆਗੂ ਦੀ ਘਾਟ ਰੜਕ ਰਹੀ ਹੈ। ਕਿਸਾਨੀ ਨੂੰ ਬੜੀਆਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ। ਕੇਂਦਰ ਦੀ ਸਰਕਾਰ ਪੰਜਾਬ ਦੀ ਕਿਸਾਨੀ ਨੂੰ ਕਾਰਪੋਰੇਟਾਂ ਹਵਾਲੇ ਕਰਨ ਤੇ ਤੁਲੀ ਹੋਈ ਹੈ। ਕਿਸਾਨ ਲੰਮੇ ਸਮੇਂ ਤੋਂ ਮੰਗਾਂ ਨੂੰ ਲੈ ਕੇ ਵਿਰੋਧ ਪ੍ਰਦਰਸ਼ਨਾਂ 'ਤੇ ਹਨ ਪਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ। ਉਨ੍ਹਾਂ ਲੋਕਾਂ ਨੂੰ ਇੱਕਜੁੱਟ ਹੋ ਕੇ ਸੰਘਰਸ਼ ਦੇ ਮੈਦਾਨ ਵਿੱਚ ਉਤਰਨ ਦਾ ਸੱਦਾ ਦਿੱਤਾ। ਇਸ ਮੌਕੇ ਮਜ਼ਦੂਰ ਆਗੂ ਕਾਮਰੇਡ ਜੋਗਿੰਦਰ ਸਿੰਘ ਲੱਧੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਤੇ ਕੇਂਦਰ ਸਰਕਾਰ ਮਹਿੰਗਾਈ ਨੂੰ ਕਾਬੂ ਕਰਨ ਵਿੱਚ ਪੂਰੀ ਤਰ੍ਹਾਂ ਨਕਾਮ ਸਾਬਿਤ ਹੋ ਰਹੀਆਂ ਹਨ। ਇਸਤਰੀ ਸਭਾ ਵੱਲੋਂ ਪੰਜਾਬ ਇਸਤਰੀ ਸਭਾ ਦੇ ਸਰਪ੍ਰਸਤ ਕਾਮਰੇਡ ਨਰਿੰਦਰ ਕੌਰ ਪਾਲੀ ਨੇ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਦਰਬਾਰਾ ਸਿੰਘ ਵਲਟੋਹਾ, ਲਾਲ ਸਿੰਘ ਵਲਟੋਹਾ, ਗੁਰਨਾਮ ਸਿੰਘ, ਗੁਰਵੇਲ ਸਿੰਘ, ਗੁਰਸਾਹਿਬ ਸਿੰਘ, ਗੁਰਸੇਵਕ ਸਿੰਘ, ਦਵਿੰਦਰ ਸਿੰਘ, ਹਰਵਿੰਦਰ ਸਿੰਘ, ਗੁਰਲਾਲ ਸਿੰਘ, ਗੁਰਪ੍ਰਤਾਪ ਸਿੰਘ ਵਲਟੋਹਾ, ਲੱਖਾ ਸਿੰਘ ਮਹਿਦੀਪੁਰ, ਬਲਦੇਵ ਸਿੰਘ ਰਾਜੋਕੇ, ਮੇਜਰ ਸਿੰਘ ਜੋਧ ਸਿੰਘ ਵਾਲਾ, ਦਲੀਪ ਸਿੰਘ ਲਾਖਣਾ, ਵਿਕਰਾਂ ਸਿੰਘ ਕਸੇਲ, ਜੋਗਿੰਦਰ ਸਿੰਘ ਰਾਜੋਕੇ, ਕਾਰਜ ਸਿੰਘ, ਅਮਰੋਜ ਸਿੰਘ ਰਾਜੋਕੇ ਆਦਿ ਹਾਜ਼ਰ ਸਨ।



30-Jan-PAGE-12.qxd 1/29/2025 9:12 PM Page 1



## ਵਰ੍ਹੇਗੰਢ ਮੁਬਾਰਕ



ਮਨਜੀਤ ਮਾਨ ਤੇ ਸੰਤੋਸ਼ ਕੁਮਾਰੀ ਵਾਸੀ ਪਿੰਡ ਕਾਲਾ ਸੰਘਿਆ, ਕਪੂਰਥਲਾ ਨੇ ਆਪਣੇ ਵਿਆਹ ਦੀ 30ਵੀਂ ਵਰ੍ਹੇਗੰਢ ਮਨਾਈ।



ਅਮਨਦੀਪ ਸਿੰਘ ਲਵਲੀ ਨਾਭਾ ਅਤੇ ਤਵਲੀਨ ਕੌਰ ਨੇ ਆਪਣੇ ਵਿਆਹ ਦੀ 24ਵੀਂ ਵਰ੍ਹੇਗੰਢ ਮਨਾਈ।



ਜਗਦੀਪ ਸਿੰਘ ਅਤੇ ਪਰਵਿੰਦਰ ਕੌਰ ਨੇ ਆਪਣੇ ਵਿਆਹ ਦੀ 20ਵੀਂ ਵਰ੍ਹੇਗੰਢ ਮਨਾਈ।

## ਗਣਤੰਤਰ ਦਿਵਸ ਸਮਾਰੋਹ 'ਚ ਐਲ ਪੀ ਯੂ ਦਾ ਵਿਦਿਆਰਥੀ ਸੁਮਿਤ ਕੁਮਾਰ ਸਨਮਾਨਤ

**ਜਲੰਧਰ (ਸ਼ੈਲੀ ਐਲਬਰਟ)**

ਨਵੀਂ ਦਿੱਲੀ ਵਿੱਚ ਗਣਤੰਤਰ ਦਿਵਸ ਸਮਾਰੋਹ ਵਿੱਚ, ਸਿਵਲ ਸੇਵਾਵਾਂ ਵਿੱਚ ਬੀਏ ਕਰ ਰਹੇ ਐਲਪੀਯੂ ਦੇ ਵਿਦਿਆਰਥੀ ਲਾਂਸ ਕਾਰਪੋਰਲ (ਐਲਸੀਪੀਐਲ) ਸੁਮਿਤ ਕੁਮਾਰ ਨੇ ਐਨਸੀਸੀ ਸਾਈਕਲ ਰੈਲੀ ਗਰੁੱਪ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਯਾਦਗਾਰੀ ਚਿੰਨ੍ਹ ਭੇਟ ਕੀਤਾ। ਆਜ਼ਾਦੀ ਘੁਲਾਟੀਆਂ ਅਤੇ ਨਾਇਕਾਂ ਦੇ ਬਲੀਦਾਨਾਂ ਦਾ ਸਨਮਾਨ ਕਰਨ ਲਈ ਆਯੋਜਿਤ ਇਸ ਰੈਲੀ ਵਿੱਚ ਐਲਸੀਪੀਐਲ ਸੁਮਿਤ ਨੇ ਟੀਮ ਦੀ ਅਗਵਾਈ ਕੀਤੀ। 14 ਦਿਨਾਂ ਵਿੱਚ 710 ਕਿਲੋਮੀਟਰ ਦੀ ਚੁਣੌਤੀਪੂਰਨ ਯਾਤਰਾ ਪੂਰੀ ਕਰਦੇ ਹੋਏ, ਇਹ ਰੈਲੀ ਹੁਸੈਨੀਵਾਲਾ ਤੋਂ ਸ਼ੁਰੂ ਹੋਈ ਅਤੇ ਨਵੀਂ ਦਿੱਲੀ ਦੇ ਪਰੇਡ ਗਰਾਊਂਡ ਵਿੱਚ ਸਮਾਪਤ ਹੋਈ।ਰਸਤੇ ਵਿੱਚ ਕੈਡਿਟਾਂ ਨੇ ਪੰਜਾਬ ਦੇ ਛੇ ਜ਼ਿਲ੍ਹਿਆਂ ਅਤੇ ਹਰਿਆਣਾ ਦੇ ਚਾਰ ਜ਼ਿਲ੍ਹਿਆਂ ਵਿੱਚੋਂ ਦੀ ਲੰਘ ਕੇ ਦਿੱਲੀ ਛਾਉਣੀ ਪਹੁੰਚਣ ਤੋਂ ਪਹਿਲਾਂ ਭਾਰਤ ਦੇ ਬਹਾਦਰ ਨਾਇਕਾਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ। ਇਸ ਟੁਕੜੀ ਨੂੰ ਹੁਸੈਨੀਵਾਲਾ ਵਿਖੇ ਜੰਗੀ ਯਾਦਗਾਰ ਤੋਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਐਨਸੀਸੀ ਦੇ



ਵਧੀਕ ਡਾਇਰੈਕਟਰ ਜਨਰਲ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਹ ਰੈਲੀ ਐਨਸੀਸੀ ਗਰੁੱਪ ਜਲੰਧਰ ਵੱਲੋਂ ਆਯੋਜਿਤ ਕੀਤੀ ਗਈ ਸੀ।ਇਸ ਵੱਕਾਰੀ ਪ੍ਰੋਗਰਾਮ ਵਿੱਚ ਐਲਸੀਪੀਐਲ ਸੁਮਿਤ ਸਮੇਤ ਕੁੱਲ 12 ਸਮਰਪਿਤ ਐਨਸੀਸੀ ਕੈਡਿਟਾਂ ਨੇ ਹਿੱਸਾ ਲਿਆ ਇਸ ਮਿਸ਼ਨ ਦੀ ਅਗਵਾਈ ਟੀਮ ਕੈਪਟਨ ਕਰਨਲ ਸੋਮਵੀਰ ਸਿੰਘ ਡੱਬਾਸ ਨੇ ਕੀਤੀ । ਐਲਪੀਯੂ ਦੇ ਪ੍ਰੋ-ਚਾਂਸਲਰ ਕਰਨਲ ਡਾ: ਰਸ਼ਮੀ ਮਿੱਤਲ ਨੇ ਐਲਸੀਪੀਐਲ ਸੁਮਿਤ ਕੁਮਾਰ ਦੀ ਪ੍ਰਾਪਤੀ 'ਤੇ ਬਹੁਤ ਮਾਣ ਪ੍ਰਗਟ ਕੀਤਾ ਅਤੇ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਯੂਨੀਵਰਸਿਟੀ ਦੁਆਰਾ ਬਰਕਰਾਰ ਰੱਖੇ ਗਏ ਅਨੁਸ਼ਾਸਨ ਅਤੇ ਸਮਰਪਣ ਦੇ ਮਜ਼ਬੂਤ ਮੁੱਲਾਂ ਨੂੰ ਉਜਾਗਰ ਕਰਦੀਆਂ ਹਨ।

## ਖੇਤ ਮਜ਼ਦੂਰਾਂ ਵੱਲੋਂ ਐੱਸ ਡੀ ਐੱਮ ਦਫਤਰ ਮੂਹਰੇ ਧਰਨਾ ਭਲਕੇ

**ਸ਼ਾਹਕੋਟ (ਗਿਆਨ ਸੈਦਪੁਰੀ)**

31 ਜਨਵਰੀ ਨੂੰ ਐੱਸ ਡੀ ਐੱਮ ਨਕੋਦਰ ਦੇ ਦਫਤਰ ਅੱਗੇ ਖੇਤ ਮਜਦੂਰਾਂ ਵਲੋਂ ਇੱਕ ਦਿਨ ਦਾ ਧਰਨਾ ਲਾਉਣ ਦਾ ਐਲਾਨ ਕੀਤਾ ਗਿਆ ਹੈ। ਇਥੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਦੱਸਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਮਜਦੂਰ ਮੰਗਾਂ ਪ੍ਰਤੀ ਘੇਸਲ ਮਾਰੀ ਬੈਠੀ ਹੈ ਤੇ ਮਜਦੂਰ ਲੰਮੇ ਸਮੇਂ ਤੋਂ ਸੰਘਰਸ਼ ਦੇ ਰਾਹ ਪਏ ਹੋਏ ਹਨ।ਉਨ੍ਹਾਂ ਕਿਹਾ ਕਿ ਵੋਟਾਂ ਲੈਣ ਵੇਲੇ ਚੋਣ ਗਰੰਟੀਆਂ ਦੇਣ ਵਾਲੀ ਆਪ ਸਰਕਾਰ ਅੱਜ ਮਜਦੂਰਾਂ ਦੀ ਗੱਲ ਸੁਣਨ ਲਈ ਵੀ ਤਿਆਰ ਨਹੀਂ। ਮਜਦੂਰ ਆਗੂ ਨੇ ਕਿਹਾ ਕਿ ਮਜਦੂਰਾਂ ਨੂੰ ਰਿਹਾਇਸ਼ੀ ਪਲਾਟ ਦਿਵਾਉਣ, ਦਿਹਾੜੀ ਸੱਤ ਸੌ ਰੁਪਏ ਕਰਨ, ਮਨਰੇਗਾ ਤਹਿਤ ਸਾਲ ਭਰ ਦਾ ਰੁਜਗਾਰ ਦਿਵਾਉਣ,ਸਰਵਜਨਕ ਜਨਤਕ ਵੰਡ ਪ੍ਰਣਾਲੀ ਤਹਿਤ ਰਸੋਈ ਦੀਆਂ ਸਾਰੀਆਂ ਵਸਤਾਂ ਦਿਵਾਉਣ, ਸਮੁੱਚੇ ਕਰਜੇ ਮੁਆਫ ਕਰਨ ਅਤੇ ਚੋਣ ਗਰੰਟੀਆਂ ਲਾਗੂ ਕਰਵਾਉਣ ਲਈ ਸੂਬੇ ਭਰ ਅੰਦਰ



ਲਾਏ ਜਾ ਰਹੇ ਧਰਨਿਆਂ ਦੇ ਸੱਦੇ ਉੱਤੇ ਉਕਤ ਧਰਨਾ ਦਿੱਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਧਰਨੇ ਦੀ ਤਿਆਰੀ ਲਈ ਇਲਾਕੇ ਦੇ ਵੱਖ-ਵੱਖ ਪਿੰਡਾਂ ਅੰਦਰ ਮੀਟਿੰਗਾਂ ਕਰਕੇ ਜੋਰਦਾਰ ਪ੍ਰਚਾਰ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਸੈਂਕੜੇ ਮਜਦੂਰ ਧਰਨੇ ਵਿੱਚ ਸ਼ਾਮਲ ਹੋਣਗੇ।

## ਸ਼ਹੀਦ ਬਾਬਾ ਦੀਪ ਸਿੰਘ ਦੇ ਜਨਮ ਦਿਹਾੜਾ ਸਮਾਗਮ 31 ਤੋਂ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਕਲਗੀਧਰ ਸਾਹਿਬ, ਮੁਹੱਲਾ ਪਹਾੜ ਸਿੰਘ, ਰਾਹੋਂ ਵਿਖੇ ਮਨਾਇਆ ਜਾ ਰਿਹਾ ਹੈ। ਸ਼ਹੀਦ ਬਾਬਾ ਦੀਪ ਸਿੰਘ ਜੀ ਸੇਵਕ ਜਥਾ ਸੁੱਚਾ ਸਿੰਘ ਪਾਬਲਾ ਸਰਪ੍ਰਸਤ,ਨਰੇਸ਼ ਸਿੰਘ ਭੁੱਲਰ,ਮੁਕੇਸ਼ ਬੌਬੀ,ਅਮਰਜੀਤ ਸਿੰਘ ਰਾਜੂ ਨੇ ਕਿਹਾ 31 ਜਨਵਰੀ ਦਿਨ ਸ਼ੁੱਕਰਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ। ਇਕ ਫਰਵਰੀ ਦਿਨ ਸ਼ਨੀਵਾਰ ਨੂੰ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ 2 ਫਰਵਰੀ ਦਿਨ ਐਤਵਾਰ ਨੂੰ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਪਾਉਣ ਉਪਰੰਤ ਦਿਵਾਨ ਸਜਾਏ ਜਾਣਗੇ। ਭਾਈ ਦੀਦਾਰ ਸਿੰਘ ਢਾਡੀ ਜੱਥਾ ਸੰਗਤਪੁਰ ਵਾਲੇ ਬਾਬਾ ਜੀਵਨ ਸਿੰਘ ਬਗੀਚੀ ਵਾਲੇ ਬਾਬਾ ਹਰਜੀਤ ਸਿੰਘ ਮੰਡੀ ਗੋਬਿੰਦਗੜ੍ਹ ਵਾਲੇ ਸੰਗਤਾਂ ਨੂੰ ਕੀਰਤਨ ਰਾਹੀ ਨਿਹਾਲ ਕਰਨਗੇ। ਇਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਸੇਵਕ ਜੱਥਾ, ਭਾਈ ਘਨੱਈਆ ਜੀ ਜੱਥਾ ਰਾਹੋਂ, ਗੁਰੂ ਰਾਮਦਾਸ ਟਰੱਸਟ, ਵੱਲੋਂ ਵੀ ਸੇਵਾਵਾਂ ਦਿੱਤੀਆਂ ਜਾਣਗੀਆਂ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

## ਬਲੱਡ ਬੈਂਕ 'ਚ 76 ਲੋੜਵੰਦਾਂ ਨੂੰ ਵੰਡੇ ਕੰਬਲ

**ਫਗਵਾੜਾ (ਡਾ. ਰਮਨ)**-ਭਾਰਤ ਦੇ 76ਵੇਂ ਗਣਤੰਤਰ ਦਿਵਸ ਮੌਕੇ ਹਰ ਸਾਲ ਦੀ ਤਰ੍ਹਾਂ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਲੋੜਵੰਦਾਂ ਨੂੰ ਗਰਮ ਕੰਬਲਾਂ ਦੀ ਵੰਡ ਕੀਤੀ ਗਈ। ਬਲੱਡ ਬੈਂਕ ਦੇ ਸਰਪ੍ਰਸਤ ਕੇ.ਕੇ. ਸਰਦਾਨਾ ਦੇ ਨਿਰਦੇਸ਼ਾਂ ਅਨੁਸਾਰ ਅਤੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ



ਦੇਖ-ਰੇਖ ਹੇਠ ਕਰਵਾਏ ਗਏ ਇਸ ਪ੍ਰੋਗਰਾਮ 76 ਲੋੜਵੰਦਾਂ ਨੂੰ ਠੰਡ ਤੋਂ ਬਚਾਅ ਲਈ ਗਰਮ ਕੰਬਲ ਵੰਡਣ ਦੀ ਸੇਵਾ ਮਾਂ ਅੰਬੇ ਸਕੂਲ ਭਾਣੋਕੀ ਦੇ ਸੰਸਥਾਪਕ ਨਿਰਮਲ ਸਿੰਘ ਵੜਿੰਗ ਅਤੇ ਉਹਨਾਂ ਦੇ ਮਾਤਾ ਭਜਨ ਕੌਰ ਦੇ ਸਹਿਯੋਗ ਸਦਕਾ ਸਕੂਲ ਦੇ ਪ੍ਰਬੰਧਕੀ ਮੈਂਬਰ ਅਵਤਾਰ ਸਿੰਘ ਸੈਣੀ ਅਤੇ ਰਸ਼ਪਾਲ ਸਿੰਘ ਵਲੋਂ ਨਿਭਾਈ ਗਈ। ਕੰਬਲ ਵੰਡਣ ਵਿਚ ਉਹਨਾਂ ਦਾ ਸਹਿਯੋਗ ਸਮਾਜ ਸੇਵਕ ਰਾਜਿੰਦਰ ਸਿੰਘ ਜਸਵਾਲ ਵਲੋਂ ਦਿੱਤਾ ਗਿਆ। ਮਲਕੀਅਤ ਸਿੰਘ ਰਘਬੋਤਰਾ ਨੇ ਹਾਜਰੀਨ ਨੂੰ ਗਣਤੰਤਰ ਦਿਵਸ ਦੀਆਂ ਸ਼ੁੱਭ ਇੱਛਾਵਾਂ ਦਿੰਦੇ ਹੋਏ ਇਸ ਦਿਨ ਦੇ ਮਹੱਤਵ ਬਾਰੇ ਚਾਨਣਾ ਪਾਇਆ।ਇਸ ਮੌਕੇ ਮੋਹਨ ਲਾਲ ਤਨੇਜਾ, ਕ੍ਰਿਸ਼ਨ ਲਾਲ, ਸ਼ਾਲਨੀ ਗਰੁੱਪ ਦੇ ਮੈਂਬਰ ਤੇ ਵਿਦਿਆਰਥੀ ਹਾਜਰ ਸਨ।

## ਨਗਰ ਨਿਗਮ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ

**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**-ਆਊਟਸੋਰਸ ਕਰਮਚਾਰੀ ਯੂਨੀਅਨ ਦੇ ਚੇਅਰਮੈਨ ਰਕੇਸ਼ ਸਿੱਧੂ ਅਤੇ ਆਊਟ ਸੋਰਸ ਸਪਲਾਇਰ ਯੂਨੀਅਨ ਦੇ ਮੀਤ ਪ੍ਰਧਾਨ ਅਨਿਲ ਗਿੱਲ ਦੀ ਪ੍ਰਧਾਨਗੀ ਵਿੱਚ ਕਰਮਚਾਰੀਆਂ ਨੇ ਮੰਗਾਂ ਸਬੰਧੀ ਨਗਰ ਨਿਗਮ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ। ਇਸ ਸਮੇਂ ਸਫਾਈ ਮਜ਼ਦੂਰ



ਫੈਡਰੇਸ਼ਨ ਦੇ ਪ੍ਰਧਾਨ ਰਾਜਾ ਅਤੇ ਆਊਟ ਸੋਰਸ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਕਮਲ ਭੱਟੀ ਵਿਸ਼ੇਸ਼ ਰੂਪ ਵਿੱਚ ਹਾਜ਼ਰ ਸਨ। ਯੂਨੀਅਨ ਵੱਲੋਂ ਮੰਗ ਕੀਤੀ ਕਿ ਆਊਟਸੋਰਸ ਅਤੇ ਇਨ ਸੋਰਸ ਭਰਤੀ ਨੂੰ ਪੂਰਨ ਤੌਰ 'ਤੇ ਬੰਦ ਕੀਤਾ ਜਾਵੇ ਅਤੇ ਅੱਗੇ ਵਾਸਤੇ ਕੋਈ ਵੀ ਆਊਟ ਸੋਰਸ ਕਰਮਚਾਰੀ ਭਰਤੀ ਨਾ ਕੀਤਾ ਜਾਵੇ। ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਨਗਰ ਨਿਗਮ ਦੇ ਹਾਊਸ ਦੀ ਹੋਣ ਵਾਲੀ ਮੀਟਿੰਗ ਵਿੱਚ ਆਊਟ ਸੋਰਸ ਕਰਮਚਾਰੀਆਂ ਦੀ ਤਨਖਾਹ ਵਿੱਚ ਵਾਧਾ ਕਰਨ ਸਬੰਧੀ ਕਾਰਵਾਈ ਨਾ ਕੀਤੀ ਗਈ ਤਾਂ ਸਮੂਹ ਆਊਟ ਸੋਰਸ ਕਰਮਚਾਰੀਆਂ ਵੱਲੋਂ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ 'ਤੇ ਅਸ਼ਵਨੀ ਕੁਮਾਰ ਲੱਡੂ, ਰਕੇਸ਼ ਸਿੱਧੂ ਚੇਅਰਮੈਨ, ਧਰਮਿੰਦਰ, ਅਰੁਣ ਆਦੀਆ, ਅਸ਼ਨੀ ਕੁਮਾਰ ਭੱਟੀ, ਰਜਿੰਦਰ ਕੁਮਾਰ, ਵਿੱਕੀ, ਸੁਰਿੰਦਰ ਪਾਲ ਬਿੱਟੂ, ਜੱਸੀ ਭੱਟੀ, ਜਤਿਸ਼ ਗਿੱਲ ਆਦਿ ਹਾਜ਼ਰ ਸਨ।

## ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ ਮਨਾਇਆ ਗਣਤੰਤਰ ਦਿਵਸ

**ਲੋਹੀਆਂ ਖਾਸ, (ਯੋਗੇਸ਼ਵਰ)**

ਅਕਾਲ ਗਲੈਕਸੀ ਕਾਨਵੈਂਟ ਸਕੂਲ, ਸਿੱਧੂਪੁਰ, ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਯੋਗ ਅਗਵਾਈ ਸਦਕਾ 'ਗਣਤੰਤਰ ਦਿਵਸ' ਮਨਾਇਆ ਗਿਆ। ਇਸ ਸਮਾਰੋਹ ਦਾ ਆਰੰਭ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦੇ ਹੋਏ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦਾ ਸੋਲੋ ਡਾਂਸ ਕੰਪੀਟੀਸ਼ਨ ਅਤੇ ਕਾਰਡ ਮੇਕਿੰਗ ਕੰਪੀਟੀਸ਼ਨ ਆਯੋਜਿਤ ਕੀਤਾ ਗਿਆ।ਸੋਲੋ ਡਾਂਸ ਕੰਪੀਟੀਸ਼ਨ ਵਿੱਚ ਦੇਸ਼-ਭਗਤੀ ਦੇ ਗੀਤਾਂ ਤੇ ਵਿਦਿਆਰਥੀਆਂ ਦੁਆਰਾ ਸ਼ਾਨਦਾਰ ਪ੍ਰਫਾਰਮੇਂਸ ਦਿੱਤੀ ਗਈ ਅਤੇ ਇਸ ਕੰਪੀਟੀਸ਼ਨ ਵਿੱਚ ਸੁਖਮਨਪ੍ਰੀਤ ਕੌਰ ਸੱਤਵੀਂ (ਲਿੱਲੀ) ਨੂੰ ਪਹਿਲਾ ਸਥਾਨ, ਸਤਿਕਾਰਪ੍ਰੀਤ ਕੌਰ ਨੌਂਵੀਂ ਲਿੱਲੀ ਨੇ ਦੂਜਾ ਸਥਾਨ ਅਤੇ ਨਵਨੀਤ ਕੌਰ (ਛੇਵੀਂ ਲਿੱਲੀ) ਨੇ ਤੀਜਾ ਸਥਾਨ ਹਾਸਲ ਕੀਤਾ।ਕਾਰਡ ਕੰਪੀਟੀਸ਼ਨ ਵਿੱਚ ਹਰਸੀਰਤ ਕੌਰ, ਹਰਲੀਨ ਕੌਰ (ਸੱਤਵੀਂ ਲਿੱਲੀ ਨੇ ਪਹਿਲਾ ਸਥਾਨ, ਨਵਦਿਸ਼ਾ ਸੱਤਵੀਂ (ਤੁਲਿਪ), ਸੁਖਮਨਪ੍ਰੀਤ ਕੌਰ ਸੱਤਵੀਂ ਲਿੱਲੀ ਨੇ ਦੂਜਾ ਸਥਾਨ ਅਤੇ ਗੁਰਸੀਰਤ ਕੌਰ, ਪਵਨਦੀਪ ਕੌਰ (ਸੱਤਵੀਂ ਲਿੱਲੀ) ਨੇ ਤੀਜਾ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ ਮਨਮੀਤ ਕੌਰ ਪੰਜਵੀਂ (ਰੋਜ਼), ਸ੍ਰਿਸ਼ਟੀ ਪੰਜਵੀਂ (ਤੁਲਿਪ) ਅਤੇ ਰਾਜਨੀਰ ਕੌਰ ਸੱਤਵੀਂ ਰੋਜ)



ਨੂੰ ਕੰਸੋਲੇਸ਼ਨ ਪ੍ਰਾਈਜ਼ ਦਿੱਤਾ ਗਿਆ। ਇਸ ਮੌਕੇ ਤੇ ਹਰਲੀਨ ਕੌਰ (ਸਕੂਲ ਅਧਿਆਪਕਾ) ਦੁਆਰਾ ਸਟੇਜ ਸੰਚਾਲਨ ਦੀ ਭੂਮਿਕਾ ਬਖ਼ੂਬੀ ਨਿਭਾਈ ਗਈ। ਪ੍ਰਿੰਸੀਪਲ ਮੈਡਮ ਦੁਆਰਾ ਜਾਣਕਾਰੀ ਦਿੰਦਿਆ ਦੱਸਿਆ ਗਿਆ ਕਿ ਸਕੂਲ ਵਿੱਚ ਹਰੇਕ ਰਾਸ਼ਟਰੀ ਤਿਉਹਾਰ ਮਨਾਉਣ ਦਾ ਮੰਤਵ ਬੱਚਿਆਂ ਵਿੱਚ ਆਪਣੇ ਦੇਸ਼ ਲਈ ਪ੍ਰੇਮ, ਵਫ਼ਾਦਾਰੀ ਅਤੇ ਸਤਿਕਾਰ ਦੀ ਭਾਵਨਾ ਪੈਦਾ ਕਰਨਾ ਹੈ।

## ਹਾਦਸਿਆਂ ਨੂੰ ਸੱਦਾ ਦਿੰਦੀ ਮੇਹਟੀਆਣਾ-ਗੜ੍ਹਸ਼ੰਕਰ ਸੜਕ

**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**

ਮੇਹਟਿਆਣਾ -ਗੜ੍ਹਸ਼ੰਕਰ ਨਵੀਂ ਬਣੀ ਪ੍ਰਧਾਨ ਮੰਤਰੀ ਯੋਜਨਾ ਵਾਲੀ ਸੜਕ 'ਤੇ ਨਿੱਤ ਹਾਦਸੇ ਵਾਪਰ ਰਹੇ ਹਨ। ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ ਅਤੇ ਸਰਪ੍ਰਸਤ ਸੁਰਜੀਤ ਸਿੰਘ ਮਸੂਤਾ ਅਤੇ ਜਨਰਲ ਸਕੱਤਰ ਜਗਤਾਰ ਸਿੰਘ ਨੇ ਦੱਸਿਆ ਕਿ ਆਦਮਪੁਰ- ਮੇਹਟਿਆਣਾ-ਕੋਟਫਤੂਹੀ-ਗੜ੍ਹਸ਼ੰਕਰ ਸੜਕ ਜੋ ਨਹਿਰ ਦੇ ਕਿਨਾਰੇ ਨਾਲ ਨਾਲ ਪ੍ਰਧਾਨ ਮੰਤਰੀ ਯੋਜਨਾ ਅਧੀਨ ਬਣਾਈ ਗਈ ਸੀ ਪਹਿਲਾਂ ਤਾਂ ਉਹ ਦਸ ਕੁ ਸਾਲ ਟੁੱਟੀ ਹੋਣ ਕਾਰਨ ਇਲਾਕਾ ਨਿਵਾਸੀਆਂ ਨੇ ਲੰਮਾ ਸਮਾਂ ਸੰਤਾਪ ਭੋਗਿਆ ।ਜੇ ਹੁਣ ਬਣ ਹੀ ਗਈ ਤਾਂ ਇਸ ਉੱਪਰ ਚੱਲਣ ਵਾਲੇ ਵਹੀਕਲ ਪ੍ਰਮਾਤਮਾ ਦੇ ਰਹਿਮੋ ਕਰਮ 'ਤੇ ਚਲ ਰਹੇ ਹਨ ਕਿਉਂਕਿ ਸੜਕ ਛੋਟੀ ਹੈ ਉਸਦੀਆਂ ਸਾਈਡਾਂ 'ਤੇ ਨਿਯਮ ਮੁਤਾਬਿਕ ਫੁੱਟਪਾਥ ਵੀ ਨਹੀਂ ਹਨ । ਸੜਕ ਦੇ ਇਕ ਪਾਸੇ ਦਰੱਖਤਾਂ ਦੇ ਟਾਹਣੇ ਨੀਵੇਂ ਹਨ ,ਦੂਸਰੀ ਸਾਈਡ 'ਤੇ ਨਹਿਰ ਹੈ ਜਿਸਦੇ ਨਾਲ ਕੋਈ ਸੇਫ ਗਾਰਡ ਨਹੀਂ ਹਨ ।ਉਨਾਂ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਜੇਕਰ ਆਦਮਪੁਰ -ਮੇਹਟਿਆਣਾ ਤੱਕ ਸਾਰੀ ਸੜਕ ਸੇਫ ਗਾਰਡ ਲਗਾਏ ਹਨ ਤਾਂ ਬਾਕੀ ਸੜਕ 'ਤੇ ਕਿਉਂ ਨਹੀਂ ਲਗਾਏ ਗਏ ।ਇਸ ਮਾਰਗ 'ਤੇ ਅਨੇਕਾਂ ਸਕੂਲਾਂ ਦੀਆਂ ਬੱਸਾਂ ਦਾ ਜਮਘਟਾ ਲੱਗਾ ਰਹਿੰਦਾ ਹੈ ਜਿੰਨ੍ਹਾਂ 'ਤੇ ਹਮੇਸ਼ਾ ਹਾਦਸੇ ਦਾ ਖਤਰਾ ਮੰਡਰਾ ਰਿਹਾ ਹੈ । ਨਵੀਂ ਸੜਕ ਹੋਣ ਕਾਰਨ ਵਹੀਕਲਾਂ ਦੀ ਸਪੀਡ ਵਧ ਗਈ ਹੈ ਅਤੇ ਲਗਾਤਾਰ ਹਾਦਸੇ ਵਾਪਰਨ ਲੱਗ ਪਏ ਹਨ, ਨਿੱਤ ਦਿਨ ਕੋਈ ਨਾ ਕੋਈ ਗੱਡੀ ਨਹਿਰ ਵਿੱਚ



ਡਿੱਗ ਪੈਂਦੀ ਹੈ, ਖੁਸ਼ਕਿਸਮਤੀ ਕਿ ਅਜੇ ਨਹਿਰ ਵਿੱਚ ਪਾਣੀ ਬੰਦ ਹੈ।ਬੀਤੇ ਦਿਨ ਪਿੰਡ ਅਜਨੋਹਾ ਦੇ ਨਜ਼ਦੀਕ ਕਰੈਸ਼ਰ ਨਾਲ ਭਰਿਆ ਟਿੱਪਰ ਨਹਿਰ ਵਿੱਚ ਪਲਟਿਆ, ਭਾਵੇਂ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ ।ਇਸ ਨਹਿਰ ਕੰਢੇ ਬਰਮ ਨਾ ਹੋਣ ਕਰਕੇ ਹਾਦਸਾ ਵਾਪਰਿਆ ਹੈ, ਨਵਾਂ ਰੋਡ ਬਣਿਆ ਹੋਣ ਕਰਕੇ ਸੜਕ ਬਹੁਤ ਜਿਆਦਾ ਚਲਦੀ ਹੈ। ਨਹਿਰ ਵਾਲੇ ਪਾਸੇ ਬਰਮ ਲਈ ਬਿਲਕੁਲ ਵੀ ਜਗ੍ਹਾ ਨਹੀਂ ਹੈ।ਸਰਕਾਰ ਇਸ ਸੜਕ ਵੱਲ ਧਿਆਨ ਦੇਵੇ ।

## ਸੰਦੀਪ ਭੱਟ ਜ਼ਿਲ੍ਹਾ ਬਾਡੀ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**—ਵਰਿੰਦਰ ਕੁਮਾਰ, ਸਾਬਕਾ ਪ੍ਰਧਾਨ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਜ਼ ਯੂਨੀਅਨ, ਪੰਜਾਬ (ਸਬ ਆਫਿਸ) ਰੂਪਨਗਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਬਾਡੀ ਰੂਪਨਗਰ ਦੀ ਸਰਬ ਸੰਮਤੀ ਨਾਲ ਚੋਣ ਕਰਵਾਈ ਗਈ। ਜਿਸ ਵਿੱਚ ਰੂਪਨਗਰ ਦੇ ਸਾਰੇ ਹੀ ਮਨਿਸਟਰੀਅਲ ਸਟਾਫ ਨੇ



ਹਿੱਸਾ ਲਿਆ। ਜ਼ਿਲ੍ਹਾ ਬਾਡੀ ਵਿੱਚ ਸੰਦੀਪ ਭੱਟ (ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਰੂਪਨਗਰ ਨੂੰ ਜ਼ਿਲ੍ਹਾ ਪ੍ਰਧਾਨ, ਰਣਵੀਰ ਸਿੰਘ ਸ.ਸ.ਸ.ਸ ਕੀਰਤਪੁਰ ਸਾਹਿਬ ਨੂੰ ਜਨਰਲ ਸਕੱਤਰ, ਸ਼੍ਰੀਮਤੀ ਰੁਪਿੰਦਰ ਕੌਰ ਸ.ਹ.ਸ ਬੱਲਮਗੜ੍ਹ ਮੱਦਵਾੜਾ ਨੂੰ ਮੀਤ ਪ੍ਰਧਾਨ, ਹਰਪ੍ਰੀਤ ਸਿੰਘ (ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਰੂਪਨਗਰ ਨੂੰ ਸੀਨੀਅਰ ਮੀਤ ਪ੍ਰਧਾਨ, ਸ਼੍ਰੀਮਤੀ ਗੁਰਜੀਤ ਕੌਰ (ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਰੂਪਨਗਰ ਨੂੰ ਖਜ਼ਾਨਚੀ, ਦੀਪਕ ਰਾਣਾ ਸ.ਹ.ਸ ਬਾਲੇਵਾਲ ਨੂੰ ਪ੍ਰੈਸ ਸਕੱਤਰ ਅਤੇ ਵਰਿੰਦਰ ਕੁਮਾਰ ਨੂੰ ਜ਼ਿਲ੍ਹੇ ਦਾ ਸਰਪ੍ਰਸਤ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ 'ਤੇ ਕਪਿਲ ਦੱਤ ਸ਼ਰਮਾ, ਦਲਵਿੰਦਰ ਸਿੰਘ ਸਾਬਕਾ ਪ੍ਰਧਾਨ, ਲੋਕਪਾਲ, ਨਵਦੀਪ ਸਿੰਘ, ਪ੍ਰੇਮ ਸਿੰਘ, ਸ਼ਾਮ ਲਾਲ, ਸੰਤੋਖ ਸਿੰਘ, ਜਤਿੰਦਰਪਾਲ ਸਿੰਘ, ਮਲਕੀਤ ਸਿੰਘ, ਮਨਦੀਪ ਸਿੰਘ,ਅਮਰਜੀਤ ਸਿੰਘ, ਮਧੂ ਸੁਦਨ ਸ਼ਰਮਾ, ਮਨਦੀਪ ਸਿੰਘ, ਇੰਦਰਜੀਤ ਸਿੰਘ, ਅੰਕੁਸ਼ ਦਿਵੇਦੀ, ਚੰਦਰ ਸ਼ੇਖਰ, ਰਾਘਵਨ ਗਾਚਲੀ ਆਦਿ ਹਾਜ਼ਰ ਸਨ।

## ਭੀਮ ਰਾਓ ਅੰਬੇਡਕਰ ਦਾ ਬੁੱਤ ਤੋੜਨ ਦੀ ਸਖਤ ਨਿਖੇਧੀ

**ਤਲਵੰਡੀ ਚੌਧਰੀਆਂ (ਪਰਸਨ ਲਾਲ ਭੋਲਾ)**- ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਰਸ਼ਪਾਲ ਸਿੰਘ ਅਤੇ ਰਘਬੀਰ ਸਿੰਘ ਸੂਬਾ ਆਗੂ ਸੰਯੁਕਤ ਕਿਸਾਨ ਮੋਰਚਾ ਨੇ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਤੋੜਨ ਵਾਲੇ ਸੰਵਿਧਾਨ ਵਿਰੋਧੀ ਅਨਸਰਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਡਾਕਟਰ ਭੀਮ ਰਾਓ ਅੰਬੇਡਕਰ ਇੱਕ ਮਹਾਨ ਫਲਾਸਫਰ ਸਨ।ਜਿਨਾਂ ਦਾ ਲਿਖਿਆ ਸੰਵਿਧਾਨ, ਜੋ ਮਨੁੱਖ ਦੀ ਹਰ ਤਰ੍ਹਾਂ ਦੀ ਬਰਾਬਰਤਾ ਦੀ ਤਰਜਮਾਨੀ ਕਰਦਾ ਹੈ। ਉਸ ਪ੍ਰਤੀ ਨਫਰਤ ਕਰਨ ਵਾਲਾ ਮਨੁੱਖ ਨਹੀਂ ਹੋ ਸਕਦਾ। ਆਗੂਆਂ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਇਸ ਦੀ ਬਰੀਕੀ ਨਾਲ ਜਾਂਚ ਕਰਕੇ ਇਸ ਪਤਾ ਲਗਾਇਆ ਜਾਵੇ ਕਿ ਇਹ ਕਾਰਨਾਮੇ ਪਿੱਛੇ ਕਿਹੜੀਆਂ ਏਜੰਸੀਆਂ ਦਾ ਹੱਥ ਹੈ ਜੋ ਦੇਸ਼ ਦੀ ਏਕਤਾ ਤੇ ਅਖੰਡਤਾ ਬਰਬਾਦ ਕਰਨਾ ਚਾਹੁੰਦੀਆਂ ਹਨ।

## ਮੀਟਿੰਗ 4 ਨੂੰ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**— ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਕੈਬਨਿਟ ਦੀ ਮੀਟਿੰਗ 4 ਫਰਵਰੀ ਨੂੰ ਸਵੇਰੇ 10 ਵਜੇ ਹਰਿਆਣਾ ਸਿਵਲ ਸਕੱਤਰੇਤ ਦੀ ਚੌਥੀ ਮੰਜਿਲ ਸਥਿਤ ਮੁੱਖ ਕਮੇਟੀ ਰੂਮ ਵਿਚ ਪ੍ਰਬੰਧਿਤ ਕੀਤੀ ਜਾਵੇਗੀ।

## ਸਿਲਵਰ ਓਕ ਸਕੂਲ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਸੁਵਿਧਾਵਾਂ ਦੇਣ 'ਚ ਸਮਰੱਥ : ਤਰਲੋਚਨ ਸਿੰਘ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਖੇਡਾਂ ਅਤੇ ਪੜ੍ਹਾਈ ਪੱਖੋਂ ਹਮੇਸ਼ਾ ਇਹ ਕੋਸ਼ਿਸ਼ ਕਰਦਾ ਰਹਿੰਦਾ ਹੈ ਕਿ ਬੱਚਿਆਂ ਨੂੰ ਆਪਣੇ ਕਾਬਲੀਅਤ ਸਾਬਿਤ ਕਰਨ ਦਾ ਮੌਕਾ ਹਮੇਸ਼ਾ ਮਿਲੇ ਅਤੇ ਇਸ ਦੇ ਤਹਿਤ ਸਕੂਲ ਜ਼ਰੂਰਤਮੰਦ ਬੱਚਿਆਂ ਨੂੰ ਸਕਾਲਰਸ਼ਿਪ ਦਿੰਦਾ ਆ ਰਿਹਾ ਹੈ।ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਪ੍ਰੈਸ ਵਾਰਤਾ ਦੌਰਾਨ ਇਹ ਗੱਲ ਸਾਂਝੀ ਕਰਦੇ ਹੋਏ ਦੱਸਿਆ ਕਿ ਸਿਲਵਰ ਓਕ ਸਕੂਲ ਸਮੇਂ ਸਮੇਂ ਤੇ ਬੱਚਿਆਂ ਦੇ ਵਧੀਆ ਭਵਿੱਖ ਦੇ ਲਈ ਅਲੱਗ ਅਲੱਗ ਸੁਵਿਧਾਵਾਂ ਦਿੰਦਾ ਆ ਰਿਹਾ ਹੈ ਤੇ ਇਸੇ ਸੋਚ ਦੇ ਨਾਲ ਸਕੂਲ ਵੱਲੋਂ ਇੱਕ ਹੋਰ ਮੀਲ ਪੱਥਰ ਸਥਾਪਿਤ ਕੀਤਾ ਜਾ ਰਿਹਾ ਹੈ। ਚੇਅਰਮੈਨ ਤਰਲੋਚਨ ਸਿੰਘ ਨੇ ਦੱਸਿਆ ਕਿ ਆਉਣ ਵਾਲੀਆਂ ਗਰਮੀਆਂ ਤੋਂ ਸਕੂਲ ਪੂਰੀ ਤਰ੍ਹਾਂ ਏਅਰ ਕੰਡੀਸ਼ਨ ਹੋਣ ਜਾ ਰਿਹਾ। ਉਹਨਾਂ ਦੱਸਿਆ ਕਿ ਬੀਤੇ ਕਈ ਸਾਲਾਂ ਤੋਂ ਗਰਮੀ ਦਾ ਮੌਸਮ ਕਾਫੀ ਜ਼ਿਆਦਾ ਪਰੇਸ਼ਾਨੀ ਦਾ ਕਾਰਨ ਬਣਦਾ ਜਾ ਰਿਹਾ ਹੈ। ਬੱਚਿਆਂ ਦੀ ਪੜ੍ਹਾਈ ਦੇ ਵਿੱਚ ਕਿਸੇ ਤਰ੍ਹਾਂ ਦਾ ਵਿਘਨ ਨਾ ਪਵੇ ਅਤੇ ਬੱਚੇ ਆਰਾਮ ਦੇ ਨਾਲ ਆਪਣੀ ਪੜ੍ਹਾਈ ਕਰ ਸਕਣ ਇਹ ਸੋਚਦੇ ਹੋਏ ਸਕੂਲ ਮੈਨੇਜਮੈਂਟ ਨੇ ਇਹ ਫੈਸਲਾ ਲਿਆ ਕਿ ਆਉਣ ਵਾਲੇ ਸੈਸ਼ਨ ਦੇ ਵਿੱਚ ਸਕੂਲ ਪੂਰੀ ਤਰ੍ਹਾਂ ਏਅਰ ਕੰਡੀਸ਼ਨ ਕਰ ਦਿੱਤਾ ਜਾਵੇਗਾ।ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਆਪਣੇ ਵਿਚਾਰ ਵਿਅਕਤ ਕਰਦੇ ਹੋਏ ਦੱਸਿਆ ਕਿ ਸਕੂਲ ਹਮੇਸ਼ਾ ਆਧੁਨਿਕ ਸੁਵਿਧਾਵਾਂ ਨਾਲ ਅਪਡੇਟ ਰਹਿੰਦਾ ਹੈ।ਸਾਡੀ ਹਮੇਸ਼ਾ ਇਹ ਕੋਸ਼ਿਸ਼ ਹੁੰਦੀ ਹੈ ਕਿ ਬੱਚੇ ਨਿਰਵਿਘਨ ਪੜ੍ਹਾਈ ਅਤੇ ਖੇਡਾਂ ਵਿੱਚ ਹਿੱਸਾ ਲੈ ਸਕਣ ਅਤੇ ਉਹਨਾਂ ਨੂੰ ਹਰ ਤਰ੍ਹਾਂ ਦੀ ਸੁਵਿਧਾ ਮੁਹੱਈਆ ਕਰਵਾਈ ਜਾਵੇ।ਇਸ ਖੁਸ਼ੀ ਦੇ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ ਤਰਨ ਸੈਣੀ, ਰਿਸੋਰਸ ਕੋਆਰਡੀਨੇਟਰ ਬਿਕਰਮਜੀਤ ਸਿੰਘ ਭੇਲਾ, ਕੋਆਰਡੀਨੇਟਰ ਅਮਰਜੀਤ ਕੌਰ ਸੈਣੀ, ਖੇਡ ਵਿਭਾਗ ਦੇ ਮੁਖੀ ਸੰਜੀਵ ਕੁਮਾਰ ਸ਼ਰਮਾ, ਜਗਬੰਧਨ ਸਿੰਘ, ਵਿਸ਼ਾਲੀ, ਰਾਜਵੀਰ, ਗੁਰਪ੍ਰੀਤ, ਨੇਹਾ, ਅਰਚਨਾ, ਸੁਰੇਸ਼, ਸੁਮਨ, ਗੁਰਦੇਵ, ਅਜੇ, ਹਰਜੀਤ, ਹਰਮਿੰਦਰ, ਬਲਜੀਤ, ਕੰਚਨ, ਸੁਮੀਤ, ਪਰਮਜੀਤ, ਮਮਤਾ ਅਤੇ ਹੋਰ ਸਟਾਫ ਵੀ ਮੌਜੂਦ ਸੀ।

## ਸੁਖਦੇਵ ਲਾਲ ਮੈਸਨ ਤੇ ਮੱਖਣ ਪਾਲ ਮੈਸਨ ਵੱਲੋਂ ਅੰਤਮ ਯਾਤਰਾ ਲਈ ਵਾਹਨ ਭੇਟ

**ਤਲਵੰਡੀ ਚੌਧਰੀਆਂ (ਪਰਸਨ ਲਾਲ ਭੋਲਾ )**

ਪਿੰਡ ਤਲਵੰਡੀ ਚੌਧਰੀਆਂ ਹਲਕੇ ਦਾ ਸਭ ਤੋਂ ਵੱਡਾ ਪਿੰਡ ਹੈ, ਪਰ ਇਸ ਦੇ ਪਾਸ ਅੰਤਿਮ ਯਾਤਰਾ ਲਈ ਕੋਈ ਵਾਹਨ ਨਹੀਂ ਸੀ, ਜਦੋਂ ਜ਼ਰੂਰਤ ਪੈਂਦੀ



ਤਾਂ ਲੋੜਵੰਦ ਨੂੰ ਖੀਰਾਂ ਵਾਲੀ ਜਾਂ ਸੁਲਤਾਨਪੁਰ ਲੋਧੀ ਤੋਂ ਅੰਤਿਮ ਯਾਤਰਾ ਵਾਹਨ ਮੰਗਾਉਣਾ ਪੈਂਦਾ ਸੀ। ਇਸ ਦੀ ਜ਼ਰੂਰਤ ਨੂੰ ਸਮਝਦਿਆਂ ਸੁਖਦੇਵ ਲਾਲ ਮੈਸਨ ਸਾਬਕਾ ਮੈਂਬਰ ਅਤੇ ਮੱਖਣ ਪਾਲ ਮੈਸਨ ਵੱਲੋਂ ਆਧੁਨਿਕ ਸਹੂਲਤਾਂ ਨਾਲ ਅੰਤਿਮ ਯਾਤਰਾ ਵਾਹਨ ਤਿਆਰ ਕਰਵਾਇਆ ਗਿਆ ਤੇ ਸਰਪੰਚ ਬਲਵਿੰਦਰ ਸਿੰਘ ਲੱਡੂ ਪ੍ਰਧਾਨ ਤਲਵੰਡੀ ਚੌਧਰੀਆਂ ਅਤੇ ਸਮੂਹ ਪੰਚਾਇਤ ਦੇ ਹਵਾਲੇ ਕਰ ਦਿੱਤਾ ਗਿਆ। ਉਹਨਾਂ ਕਿਹਾ ਕਿ ਇਸ ਦੀ ਬਹੁਤ ਸਖਤ ਜ਼ਰੂਰਤ ਸੀ ਤੇ ਅੱਜ ਦੇ ਜ਼ਮਾਨੇ ਵਿੱਚ ਲੋਕਾਂ ਪਾਸ ਸਮਾਂ ਵੀ ਘੱਟ ਹੈ ਅਤੇ ਦੂਜਾ ਨੌਜਵਾਨਾਂ ਮ੍ਰਿਤਕ ਦੇਹ ਨੂੰ ਚੁੱਕ ਕੇ ਕਿਲੋ ਡੇਢ ਕਿਲੋਮੀਟਰ ਜਾਣਾ ਔਖਾ ਹੈ। ਸੋ ਸਾਡੀ ਇਸ ਛੋਟੀ ਜਿਹੀ ਭੇਟ ਨੂੰ ਪੰਚਾਇਤ ਸਮੂਹ ਅਤੇ ਨਗਰ ਨਿਵਾਸੀ ਕਬੂਲ ਕਰਨ।ਸਰਪੰਚ ਬਲਵਿੰਦਰ ਸਿੰਘ ਲੱਡੂ ਪ੍ਰਧਾਨ, ਗ੍ਰਾਮ ਪੰਚਾਇਤ ਮੈਂਬਰਾਂ ਅਤੇ ਨਗਰ ਨਿਵਾਸੀਆਂ ਵੱਲੋਂ ਸੁਖਦੇਵ ਲਾਲ ਮੈਸਨ, ਮੱਖਣਪਾਲ ਅਤੇ ਸਮੂਹ ਮੈਸਨ ਪਰਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਨੁੱਖਤਾ ਲਈ ਭਲਾ ਕਰਨਾ ਕਿਸੇ ਕਿਸੇ ਦੇ ਹੀ ਹਿੱਸੇ ਆਉਂਦਾ ਹੈ। ਇਸ ਮੌਕੇ 'ਤੇ ਦਵਿੰਦਰ ਸਿੰਘ ਓਠੀ, ਸਤਨਾਮ ਸਿੰਘ ਸਾਬੀ, ਸਰਬਜੀਤ ਸਿੰਘ ਸ਼ੱਬਾ, ਰਜਿੰਦਰ ਸਿੰਘ ਭਾਰਜ, ਸੁਖਦੇਵ ਸਿੰਘ ਸਾਰੇ ਮੈਂਬਰ ਪੰਚਾਇਤ, ਬਲਦੇਵ ਸਿੰਘ ਵੜੈਚ, ਅਜੈਬ ਜਰਮਨ, ਰੋਹਿਤ ਮੈਸਨ, ਅਮਨ ਸੁਨਿਆਰਾ ਅੰਤਰਰਾਸ਼ਟਰੀ ਕਬੱਡੀ ਖਿਡਾਰੀ, ਬਿੱਲਾ ਭੂਸ਼ਨ, ਨਰਿੰਦਰ ਮੈਸਨ, ਸੁਮਨ ਮੈਸਨ, ਰੁਪਿੰਦਰ ਸੇਠੀ ਸਾਬਕਾ ਬੀਪੀਓ ਚਰਨਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਪ੍ਰਿੰਸੀਪਲ ਅਮਨਦੀਪ ਸ਼ਰਮਾ ਸਨਮਾਨਤ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਰਹਾਲਾ ਮੂੰਡੀਆਂ ਦੇ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੂੰ 76ਵੇਂ ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਕਰਵਾਏ ਗਏ ਸਮਾਗਮ ਦੌਰਾਨ ਸਿੱਖਿਆ ਵਿਭਾਗ 'ਚ ਵਧੀਆ ਸੇਵਾਵਾਂ ਲਈ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ, ਡਿਪਟੀ ਕਮਿਸ਼ਨਰ ਕੋਮਲ ਮਿੱਤਲ ਪ੍ਰਸ਼ੰਸਾ ਪੱਤਰ ਅਤੇ ਪੌਦਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਲਲਿਤਾ ਅਰੋੜਾ, ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਹਰਜਿੰਦਰ ਸਿੰਘ, ਡਿਪਟੀ ਡੀਓ ਧੀਰਜ ਵਸ਼ਿਸ਼ਟ, ਡਿਪਟੀ ਡੀਓ ਸੁਖਵਿੰਦਰ ਸਿੰਘ ਅਤੇ ਹੋਰ ਉੱਚ ਅਧਿਕਾਰੀ ਮੌਜੂਦ ਸਨ।

## ਰਾਸਾ ਯੂ ਕੇ ਵੱਲੋਂ ਬੋਰਡ ਦੇ ਨਵ-ਨਿਯੁਕਤ ਕੰਟਰੋਲਰ ਦਾ ਸਨਮਾਨ

**ਮੋਹਾਲੀ (ਗੁਰਜੀਤ ਬਿੱਲਾ)**- ਮਾਨਤਾ ਪ੍ਰਾਪਤ ਅਤੇ ਐਫੀਲੀਏਟਿਡ ਸਕੂਲ ਐਸੋਸੀਏਸ਼ਨ ( ਰਾਸਾ ਯੂ ਕੇ ) ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਵ-ਨਿਯੁਕਤ ਕੰਟਰੋਲਰ ਪ੍ਰੀਖਿਆਵਾਂ ਲਵਿਸ ਚਾਲਵਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਐਸੋਸੀਏਸ਼ਨ ਦੀ ਨਵੀਂ ਚੁਣੀ ਟੀਮ ਨੂੰ ਸਨਮਾਨ ਨਿਸ਼ਾਨੀ ਦੇ ਕੇ



ਸਨਮਾਨਿਤ ਕੀਤਾ ਗਿਆ। ਰਾਸਾ ਦੇ ਚੇਅਰਮੈਨ ਹਰਪਾਲ ਸਿੰਘ ਯੂ ਕੇ ਅਤੇ ਜਨਰਲ ਸਕੱਤਰ ਪ੍ਰਿੰਸੀਪਲ ਗੁਰਮੁੱਖ ਸਿੰਘ ਨੇ ਦੱਸਿਆ ਕਿ ਰਾਸਾ ਵੱਲੋਂ ਬੋਰਡ ਦੇ ਨਵ-ਨਿਯੁਕਤ ਕੰਟਰੋਲਰ ਪ੍ਰੀਖਿਆਵਾਂ ਲਾਵਿਸ ਚਾਲਵਾ ਨੂੰ ਭਰੋਸਾ ਦਿੱਤਾ ਗਿਆ ਕਿ ਰਾਸਾ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਨੂੰ ਮਿਆਰੀ ਵਿਦਿਆ ਪ੍ਰਦਾਨ ਕਰਨ ਦੇ ਹਰ ਫੈਸਲੇ ਨੂੰ ਇਨ ਬਿੰਨ ਲਾਗੂ ਕੀਤਾ ਜਾਵੇਗਾ।ਰਾਸਾ ਦੇ ਵਫਦ ਨੂੰ ਕੰਟਰੋਲਰ ਪ੍ਰੀਖਿਆਵਾਂ ਨੇ ਕਿਹਾ ਕਿ ਪ੍ਰਾਈਵੇਟ ਸਕੂਲ ਵਿਦਿਆਰਥੀਆਂ ਨੂੰ ਵਿਦਿਆ ਪ੍ਰਦਾਨ ਕਰਨ ਦੇ ਕਾਰਜ ਵਿੱਚ ਮਹੱਤਵ ਪੂਰਨ ਰੋਲ ਅਦਾ ਕਰ ਰਿਹਾ ਹੈ। ਉਹ ਜਲਦੀ ਹੀ ਪ੍ਰਾਈਵੇਟ ਸਕੂਲਾਂ ਨੂੰ ਕਰਪੇਸ਼ ਸਮੱਸਿਆਵਾਂ ਦਾ ਹਲ ਕਰਨ ਅਤੇ ਪ੍ਰੀਖਿਆ ਪ੍ਰਣਾਲੀ ਨੂੰ ਹੋਰ ਪਾਰਦਰਸ਼ੀ ਬਣਾਉਣ ਲਈ ਸੁਝਾਓ ਲੈਣ ਲਈ ਇਕ ਮੀਟਿੰਗ ਕਰਨਗੇ।ਇਸ ਮੌਕੇ ਰਾਸਾ ਯੂ ਕੇ ਵੱਲੋਂ ਸਿੱਖਿਆ ਕਰਮਚਾਰੀ ਯੂਨੀਅਨ ਦੀ ਪਹਿਲੀ ਵਾਰ ਪ੍ਰਧਾਨ ਬਣੀ ਇਸਤਰੀ ਕਰਮਚਾਰੀ ਬੀਬਾ ਰਮਨਦੀਪ ਕੌਰ ਗਿੱਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।ਪ੍ਰੈਸ ਨੂੰ ਜਾਰੀ ਇਕ ਬਿਆਨ ਵਿੱਚ ਰਮਨਦੀਪ ਕੌਰ ਗਿੱਲ ਅਤੇ ਜਨਰਲ ਸਕੱਤਰ ਸੁਖਚੈਨ ਸਿੰਘ ਸੈਣੀ ਵੱਲੋਂ ਰਾਸਾ ਯੂ ਕੇ ਦੀ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਯੂਨੀਅਨ ਦੀ ਹਮੇਸ਼ਾਂ ਕੋਸ਼ਿਸ਼ ਹੋਵੇਗੀ ਕਿ ਪ੍ਰਾਈਵੇਟ ਸਕੂਲ ਨਾਲ ਸਬੰਧਤ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹਲ ਕਰਨ ਵਿੱਚ ਮੱਦਦ ਕਰਨਗੇ ਤੇ ਉਨ੍ਹਾਂ ਦੀ ਇਹ ਕੋਸ਼ਿਸ਼ ਹੋਵੇਗੀ ਕਿ ਪ੍ਰਾਈਵੇਟ ਸਕੂਲਾਂ ਨੂੰ ਦਫਤਰ ਆਉਣ 'ਤੇ ਪੂਰਨ ਸਹਿਯੋਗ ਦਿੱਤਾ ਜਾਵੇਗਾ।

## ਆਰ ਬੀ ਯੂ ਵਿਖੇ ਅੰਗਦਾਨ ਜਾਗਰੂਕਤਾ ਕੈਂਪ ਦਾ ਆਯੋਜਨ

**ਮੋਹਾਲੀ, (ਗੁਰਜੀਤ ਬਿੱਲਾ)**

ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ ਅਲਾਈਡ ਹੈਲਥ ਸਾਇੰਸਿਜ਼ ਨੇ ਅੰਗਦਾਨ ਜਾਗਰੂਕਤਾ ਕੈਂਪ ਦਾ ਆਯੋਜਨ ਰੀਜਨਲ ਆਰਗਨ ਐਂਡ ਟਿਸ਼ੂ



ਟ੍ਰਾਂਸਪਲਾਂਟ ਆਰਗੇਨਾਈਜ਼ੇਸ਼ਨ (ਰੋਟੋ ਨਾਰਥ) ਦੇ ਸਹਿਯੋਗ ਨਾਲ ਕੀਤਾ ਗਿਆ ।ਇਸ ਸਮਾਗਮ ਦਾ ਉਦੇਸ਼ ਅੰਗਦਾਨ ਨੂੰ ਉਤਸ਼ਾਹਿਤ ਕਰਨਾ ਅਤੇ ਕੀਮਤੀ ਜਾਨਾਂ ਬਚਾਉਣ ਵਿੱਚ ਇਸਦੀ ਭੂਮਿਕਾ 'ਤੇ ਜ਼ੋਰ ਦੇਣਾ ਸੀ।ਉੱਘੇ ਬੁਲਾਰੇ ਸਰਯੂ ਡੀ ਮਦਰਾ ਨੇ ਅੰਗ ਦਾਨ ਕਰਨ ਵਾਲਿਆਂ ਦੀ ਅਹਿਮ ਲੋੜ ਦੀ ਗੱਲ ਕਹੀ ਅਤੇ ਉਨ੍ਹਾਂ ਦੇ ਯੋਗਦਾਨ ਨਾਲ ਬਹੁਤ ਵੱਡਾ ਫਰਕ ਪੈ ਸਕਦਾ ਹੈ।ਸਰਯੂ ਡੀ ਮਦਰਾ ਨੇ ਜ਼ੋਰ ਦੇ ਕੇ ਕਿਹਾ ਕਿ ਇੱਕ ਅੰਗ ਦਾਨ ਕਰਨ ਵਾਲਾ ਅੱਠ ਲੋਕਾਂ ਤੱਕ ਦੀ ਜਾਨ ਬਚਾ ਸਕਦਾ ਹੈ ਅਤੇ ਕਈਆਂ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰ ਸਕਦਾ ਹੈ। ਇਹ ਜਾਗਰੂਕਤਾ ਕੈਂਪ ਕੇਂਦਰ ਸਰਕਾਰ ਦੀ 'ਅੰਗਦਾਨ ਮਹਾਦਾਨ' ਪਹਿਲਕਦਮੀ ਦਾ ਹਿੱਸਾ ਸੀ । ਇਸ ਮੌਕੇ ਮਾਹਿਰਾਂ ਨੇ ਅਸਲ ਜੀਵਨ ਦੀ ਸਫ਼ਲਤਾ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ, ਦਾਨ ਦੀ ਪ੍ਰਕਿਰਿਆ ਬਾਰੇ ਵਿਸਥਾਰਪੂਰਵਕ ਦੱਸਿਆ ਅਤੇ ਇਸ ਨਾਲ ਜੁੜੀਆਂ ਗਲਤ ਧਾਰਨਾਵਾਂ ਨੂੰ ਸਪੱਸ਼ਟ ਕੀਤਾ। ਡਾ. ਪੰਕਜ ਕੌਲ, ਯੂਐਸਏਐੱਚਐਸ ਦੇ ਡੀਨ ਨੇ ਉੱਘੇ ਬੁਲਾਰੇ ਸਰਯੂ ਨੂੰ ਉਸਦੇ ਯੋਗਦਾਨ ਲਈ ਸਨਮਾਨਿਤ ਕੀਤਾ। ਸਮਾਗਮ ਇੱਕ ਇੰਟਰਐਕਟਿਵ ਸੈਸ਼ਨ ਨਾਲ ਸਮਾਪਤ ਹੋਇਆ।ਜਿੱਥੇ ਹਾਜ਼ਰੀਨ ਨੂੰ ਆਪਣੇ ਭਾਈਚਾਰਿਆਂ ਵਿੱਚ ਜਾਗਰੂਕਤਾ ਫੈਲਾ ਕੇ ਇਸ ਕਾਰਜ ਦਾ ਸਮਰਥਨ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਪਰਵਿੰਦਰ ਕੌਰ ਅਤੇ ਸਾਕਸ਼ੀ ਜਸਵਾਲ ਅਲਾਈਡ ਹੈਲਥ ਸਾਇੰਸ ਫੈਕਲਟੀ ਨੇ ਆਪਣੇ ਵਿਦਿਆਰਥੀਆਂ ਨਾਲ ਮਿਲ ਕੇ ਪ੍ਰਭਾਵਸ਼ਾਲੀ ਰੰਗੋਲੀ ਬਣਾਈ।

## ਹੀਮੋਫੀਲਿਆ ਤੇ ਥੈਲੀਸੀਮੀਆ ਤੋਂ ਪੀੜਤ ਲੋਕਾਂ ਦੀ ਪੈਨਸ਼ਨ ਲਈ ਉਮਰ ਸੀਮਾ ਖਤਮ : ਕੁਮਾਰੀ ਆਰਤੀ ਸਿੰਘ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**—ਹਰਿਆਣਾ ਦੀ ਸਿਹਤ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਦੇ ਲੋਕਾਂ ਨੂੰ ਸਸਤੀ ਅਤੇ ਸਰਲ ਇਲਾਜ ਦੇਣ ਲਈ ਯਤਨਸ਼ੀਲ ਹੈ, ਪਿਛਲੇ 100 ਦਿਨਾਂ ਵਿਚ ਮੌਜੂਦਾ ਸਰਕਾਰ ਨੇ ਸਿਹਤ ਨੂੰ ਲੈ ਕੇ ਅਨੇਕ ਖਾਸ ਫੈਸਲੇ ਲਏ ਹਨ।ਉਨ੍ਹਾਂ ਨੇ ਦਸਿਆ ਕਿ ਹੁਣ ਹੀਮੋਫੀਲਿਆ ਅਤੇ ਥੈਲੀਸੀਮਿਆ ਤੋਂ ਪੀੜਤ ਲੋਕਾਂ ਨੂੰ ਦਿੱਤੀ ਜਾਣ ਵਾਲੀ ਪੈਂਸ਼ਨ ਲਈ 18 ਸਾਲ ਦੀ ਉਮਰ ਸੀਮਾ ਨੂੰ ਖਤਮ ਕਰ ਦਿੱਤਾ ਗਿਆ ਹੈ, ਉਕਤ ਦੋਵਾਂ ਬੀਮਾਰੀਆਂ ਤੋਂ ਪੀੜਤ ਵਿਅਕਤੀਆਂ ਨੂੰ 3,000 ਰੁਪਏ ਪ੍ਰਤੀ ਮਹੀਨਾ ਪੈਂਸ਼ਨ ਦਿੱਤੀ ਜਾਵੇਗੀ, ਇਹ ਪੈਂਸ਼ਨ ਕਿਸੇ ਵੀ ਹੋਰ ਪੈਂਸ਼ਨ ਤੋਂ ਇਲਾਵਾ ਹੋਵੇਗੀ। ਰਾਓ ਨੇ ਅੱਗੇ ਦਸਿਆ ਕਿ ਮੌਜੂਦਾ ਸਰਕਾਰ ਨੇ 18 ਅਕਤੂਬਰ, 2024 ਨੂੰ ਰਾਜ ਵਿਚ ਕਿਡਨੀ ਦੇ ਰੋਗ ਨਾਲ ਪੀੜਤਾਂ ਨੂੰ ਮੁਫਤ ਡਾਇਲਿਸਿਸ ਦੀ ਸੇਵਾਵਾਂ ਪ੍ਰਦਾਨ ਕਰਨ ਦੀ ਸ਼ੁਰੂਆਤ ਕਰ ਦਿੱਤੀ ਹੈ, ਇਹ ਸਿਹਤ ਦੇ ਖੇਤਰ ਵਿਚ ਅਹਿਮ ਕਦਮ ਹੈ। ਸਿਰਫ 3 ਮਹੀਨੇ ਵਿਚ ਹੀ ਇਸ ਸਿਹਤ-ਸਹੂਲਤ ਦਾ ਕਰੀਬ 20 ਹਜਾਰ ਲੋਕ ਲਾਭ ਲੈ ਚੁੱਕੇ ਹਨ।

## ਕਾਂਗਰਸ ਤੇ ਭਾਜਪਾ ਦੋਹਾਂ ਪਾਰਟੀਆਂ ਨੂੰ ਲੱਗਿਆ ਵੱਡਾ ਝਟਕਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਨਗਰ ਨਿਗਮ ਦੀਆਂ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ, ਪੰਜਾਬ ਵਿਚ ਰਾਜਨੀਤਿਕ ਗਹਿਮਾ-ਗਹਿਮੀ ਪੂਰੇ ਸਿਖਰ 'ਤੇ ਹੈ । ਲੋਕ ਸਭਾ ਮੈਂਬਰ ਡਾ ਰਾਜ ਕੁਮਾਰ ਚੱਬੇਵਾਲ ਨੇ ਕਾਂਗਰਸ ਦੇ ਮਜਬੂਤ ਗੜ੍ਹ ਮੰਨੇ ਜਾਣ ਵਾਲੇ ਫਗਵਾੜਾ ਵਿੱਖੇ ਫਿਰ ਆਪਣੀ ਰਾਜਨੀਤੀ ਦਾ ਲੋਹਾ ਮਨਵਾਇਆ। ਉਹਨਾਂ ਦੀ ਅਗਵਾਈ ਵਿਚ 'ਆਪ' ਨੂੰ ਹੋਰ ਬਲ ਮਿਲਿਆ ਅਤੇ ਕਾਂਗਰਸੀ ਕੌਂਸਲਰ ਮਨੀਸ਼ ਪ੍ਰਭਾਕਰ, ਰਾਮਪਾਲ ਉੱਪਲ, ਪਦਮ ਸੁਧੀਰ (ਨਿੱਕਾ) ਆਪਣੇ ਸਾਥੀਆਂ ਦੇ ਨਾਲ ਆਪ ਵਿਚ ਸ਼ਾਮਲ ਹੋ ਗਏ। ਭਾਜਪਾ ਦੇ ਕੌਂਸਲਰ ਪਰਮਜੀਤ ਸਿੰਘ ਖੁਰਾਣਾ ਨੇ ਵੀ ਇਕ ਦਿਨ ਪਹਿਲਾਂ ਹੀ ਡਾ. ਰਾਜ ਨਾਲ ਹੱਥ ਮਿਲਾਇਆ ਅਤੇ ਆਪ ਵਿਚ ਸ਼ਮੂਲੀਅਤ ਕੀਤੀ । ਇਸ ਤੋਂ ਪਹਿਲਾਂ ਦੋ ਆਜ਼ਾਦ ਉਮੀਦਵਾਰ ਇੰਦਰਜੀਤ ਸਿੰਘ ਅਤੇ ਹਰਪ੍ਰੀਤ ਸਿੰਘ ਭੋਗਲ ਨੇ ਵੀ ਡਾ. ਰਾਜ ਦੀ ਲੀਡਰਸ਼ਿਪ ਨੂੰ ਕਬੂਲਦਿਆਂ ਆਪ ਦਾ ਸਾਥ ਦੇਣ ਦਾ ਫੈਸਲਾ ਜਨਤਕ ਕੀਤਾ। ਪੈਪੀ ਸ਼ਰਮਾ ਸਾਬਕਾ ਬਲਾਕ ਪ੍ਰਧਾਨ ਨੇ ਵੀ ਆਪ ਦਾ ਪੱਲਾ ਫੜਿਆ । ਫਗਵਾੜਾ ਵਿਖੇ ਇੱਕ ਸੰਖੇਪ ਸਮਾਗਮ ਵਿਚ ਡਾ. ਰਾਜ ਦੇ ਨਾਲ 'ਆਪ' ਵਿਧਾਇਕ ਰਮਨ ਅਰੋੜਾ, ਆਪ ਦੇ ਬੁਲਾਰੇ ਹਰਨੂਰ ਸਿੰਘ ਮਾਨ ਅਤੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਦੀ ਮੌਜੂਦਗੀ 'ਚ ਇਹਨਾਂ ਕੌਂਸਲਰਾਂ ਨੇ 'ਆਪ' 'ਚ ਸ਼ਾਮਿਲ ਹੋਣ ਦਾ ਰਸਮੀ ਐਲਾਨ ਕੀਤਾ। ਆਪ ਦੇ ਸੀਨੀਅਰ ਆਗੂਆਂ ਨੇ ਇਹਨਾਂ ਕੌਂਸਲਰਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਪਾਰਟੀ ਅੰਦਰ ਢੁੱਕਵੇਂ ਅਹੁਦੇ ਅਤੇ ਜ਼ਿੰਮੇਵਾਰੀਆਂ ਸੌਂਪੀਆਂ ਜਾਣਗੀਆਂ। ਇਸ ਮੌਕੇ 'ਤੇ ਦਲਜੀਤ ਰਾਜੂ, ਜਸਪਾਲ ਸਿੰਘ ਪੰਡੋਰੀ ਬੀਬੀ, ਕੌਂਸਲਰ ਵਿੱਕੀ ਸੂਦ, ਓਮ ਪ੍ਰਕਾਸ਼ ਬਿੱਟੂ, ਬੌਬੀ ਬੇਦੀ ਆਦਿ ਹਾਜ਼ਰ ਸਨ ।

## ਆਮ ਲੋਕਾਂ ਨੂੰ ਚੰਗੀਆਂ ਸਿਹਤ ਆਦਤਾਂ ਅਪਣਾਉਣ ਲਈ ਜਾਗਰੂਕ ਕੀਤਾ ਜਾਵੇ: ਡਾ. ਗੀਤਾਂਜਲੀ

**ਨਵਾਂਸ਼ਹਿਰ, (ਮਨੋਜ ਲਾਡੀ)**—ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਦੀ ਯੋਗ ਰਹਿਨੁਮਾਈ ਹੇਠ ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਵਿਖੇ ਆਸ਼ਾ ਸੁਪਰਵਾਈਜਰਾਂ ਤੇ ਆਸ਼ਾ ਵਰਕਰਾਂ ਨਾਲ ਮਹੀਨਾਵਾਰ ਮੀਟਿੰਗ ਆਯੋਜਿਤ ਕੀਤੀ ਗਈ।ਇਸ ਮੀਟਿੰਗ ਦੌਰਾਨ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਨੇ ਆਸ਼ਾ ਵਰਕਰਾਂ ਦੇ ਕੰਮਕਾਜ ਨੂੰ ਰੀਵਿਊ ਕੀਤਾ ਗਿਆ। ਇਸ ਮੌਕੇ ਉਨ੍ਹਾਂ ਆਸ਼ਾ ਵਰਕਰਾਂ ਵੱਲੋਂ ਘਰ-ਘਰ ਜਾ ਕੇ ਆਯੁਸ਼ਮਾਨ ਭਾਰਤ- ਹੈਲਥ ਅਕਾਊਂਟ (ਆਭਾ) ਬਣਾਉਣ ਦੇ ਕੰਮ ਦੀ ਪ੍ਰਗਤੀ ਨੂੰ ਵੀ ਦੇਖਿਆ।ਇਸ ਦੌਰਾਨ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਨੇ ਆਸ਼ਾ ਸੁਪਰਵਾਈਜਰਾਂ ਤੇ ਆਸ਼ਾ ਵਰਕਰਾਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਉਹ ਆਮ ਲੋਕਾਂ ਨੂੰ ਚੰਗੀਆਂ ਸਿਹਤ ਆਦਤਾਂ ਅਪਣਾਉਣ ਲਈ ਜਾਗਰੂਕ ਫੈਲਾਉਣ 'ਤੇ ਵਿਸ਼ੇਸ਼ ਧਿਆਨ ਦੇਣ।ਉਨ੍ਹਾਂ ਕਿਹਾ ਕਿ ਉਹ ਆਪੋ-ਆਪਣੇ ਪਿੰਡਾਂ ਵਿੱਚ ਗਰਭਵਤੀ ਔਰਤਾਂ ਨੂੰ ਸਿਹਤ ਸਿੱਖਿਆ ਮੁਹੱਈਆ ਕਰਵਾਉਣ, ਚਾਰ ਏ.ਐਨ.ਸੀ ਚੈੱਕਅਪ ਯਕੀਨੀ ਬਣਾਉਣ, ਸਰਕਾਰੀ ਸੰਸਥਾਗਤ ਜਣੇਪਾ ਯਕੀਨੀ ਬਣਾਉਣ, ਹਾਈਰਿਸਕ ਗਰਭਵਤੀ ਔਰਤਾਂ ਦੀ ਵਿਸ਼ੇਸ਼ ਦੇਖਭਾਲ ਕਰਨ, ਨਿੱਕੇ ਬੱਚਿਆਂ ਦੀ ਵਿਸ਼ੇਸ਼ ਦੇਖਭਾਲ ਕਰਨ ਲਈ ਨਿਰਧਾਰਿਤ ਦੌਰੇ ਕਰਨ, ਸੰਪੂਰਨ ਟੀਕਾਕਰਨ ਕਰਵਾਉਣ ਸਮੇਤ ਹੋਰ ਸਿਹਤ ਸੇਵਾਵਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਐਕਸਟੈਂਸ਼ਨ ਐਜੂਕੇਟਰ ਮਨਿੰਦਰ ਸਿੰਘ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

## ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੀ ਘਟਨਾ ਬਹੁਤ ਨਿੰਦਣਯੋਗ : ਐਡਵੋਕੇਟ ਰਣਜੀਤ ਕੁਮਾਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਦੀ ਬੇਅਦਬੀ ਦੇ ਮਸਲੇ 'ਤੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਵਲੋਂ ਹੜਤਾਲ ਕੀਤੀ ਗਈ ਅਤੇ ਘਟਨਾ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ।ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਰਣਜੀਤ ਕੁਮਾਰ ਨੇ ਕਿਹਾ ਕਿ ਸੰਵਿਧਾਨ ਨਿਰਮਾਤਾ ਅੰਬੇਡਕਰ ਜੀ ਦੇ ਬੁੱਤ ਦੀ ਅੰਮ੍ਰਿਤਸਰ ਵਿਖੇ ਹੋਈ ਬੇਅਦਬੀ ਦੀ ਘਟਨਾ ਬਹੁਤ ਹੀ ਪੀੜਦਾਇਕ ਅਤੇ ਨਿੰਦਣਯੋਗ ਘਟਨਾ ਹੈ। ਬੜੇ ਦੁੱਖ ਵਾਲੀ ਗੱਲ ਹੈ ਕਿ ਦੇਸ਼ ਅਤੇ ਦੇਸ਼ ਵਾਸੀਆਂ ਖਾਸ ਕਰਕੇ ਔਰਤਾਂ ਅਤੇ ਦਲਿਤਾਂ ਦੇ ਭਲੇ ਤਰੱਕੀ ਵਾਸਤੇ ਸੰਘਰਸ਼ ਕਰਨ ਵਾਲੇ, ਆਮ ਲੋਕਾਂ ਨੂੰ ਸਮਾਨਤਾ, ਅਜਾਦੀ ਅਤੇ ਕਾਨੂੰਨੀ ਹੱਕ ਦੇਣ ਵਾਲੀ ਮਹਾਨ ਸ਼ਖ਼ਸ਼ੀਅਤ ਦਾ ਅਪਮਾਨ ਕੀਤਾ ਗਿਆ ਹੈ। ਮੁੱਢਲੇ ਤੌਰ 'ਤੇ ਇਹ ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਖਰਾਬ ਕਰਨ ਦੀ ਸ਼ਾਜਿਸ਼ ਜਾਪਦੀ ਹੈ।ਪੰਜਾਬ ਸਰਕਾਰ ਨੂੰ ਇਸ ਘਟਨਾ ਦੀ ਸੰਜੀਦਗੀ ਨਾਲ ਜਾਂਚ ਪੜਤਾਲ ਕਰਨੀ ਚਾਹੀਦੀ ਹੈ ਅਤੇ ਸਾਜਿਸ਼ਕਰਤਾਵਾ ਦੀ ਨਿਸ਼ਾਨਦੇਹੀ ਕਰਕੇ ਦੇਸ਼ ਧਰੋਹ ਅਤੇ ਫ਼ਿਰਕੂ ਫਸਾਦ ਪਾਉਣ ਦੇ ਦੋਸ਼ ਹੇਠ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਕਿ ਭਵਿੱਖ ਵਿੱਚ ਐਸੀ ਘਟਨਾ ਨਾ ਵਾਪਰੇ। ਉਹਨਾਂ ਮਹਾਨ ਰਹਿਬਰਾਂ ਅਤੇ ਸ਼ਖਸ਼ੀਅਤਾਂ ਦੀਆਂ ਯਾਦਗਾਰਾ ਦੀ ਸੁਰਖਿਆ ਦੇ ਪੁੱਖਤਾ ਪ੍ਰਬੰਧ ਕਰਨ ਲਈ ਸਰਕਾਰ ਨੂੰ ਅਪੀਲ ਵੀ ਕੀਤੀ। ਇਸ ਮੌਕੇ 'ਤੇ ਨਵਜੋਤ ਮਾਨ, ਮੀਤ ਪ੍ਰਧਾਨ, ਰਜਨੀ ਨੰਦਾ, ਜਨਰਲ ਸਕੱਤਰ, ਨਿਪੁੰਨ ਸ਼ਰਮਾ ਸਕੱਤਰ, ਇਸ਼ਾਨ ਕੌਸ਼ਲ ਲਾਈਬ੍ਰੇਰੀ ਸਕੱਤਰ, ਰੋਮਨ ਸੱਭਰਵਾਲ ਖਜਾਨਚੀ, ਅੰਜੂ ਬਾਲਾ, ਜੀਨਤ ਭਾਟੀਆ, ਦਿਨੇਸ਼ ਵਾਲੀਆ, ਸੁਰਿੰਦਰ ਸਿੰਘ, ਜਸਵਿੰਦਰ ਸਿੰਘ ਮੈਂਬਰ ਕਾਰਜਕਾਰਨੀ ਜ਼ਿਲ੍ਹਾ ਬਾਰ ਅਸੋਸੀਏਸ਼ਨ ਵਲੋਂ ਜਸਟਿਸ ਮੰਜਰੀ ਨਹਿਰੂ ਕੌਲ ਨੂੰ ਇਕ ਯਾਦਗਾਰੀ ਚਿੰਨ੍ਹ ਭੇਂਟ ਕੀਤਾ ਗਿਆ। ਸਮਾਗਮ ਦੌਰਾਨ ਸਾਬਕਾ ਪ੍ਰਧਾਨ ਵਰਿੰਦਰ ਕੁਮਾਰ ਮੇਨਨ, ਪਲਵਿੰਦਰ ਸਿੰਘ ਘੁੰਮਣ, ਆਰ ਪੀ ਧੀਰ, ਕੁਲਦੀਪ ਸਿੰਘ,ਅਸ਼ੋਕ ਵਾਲਿਆ ਅਤੇ ਸੀਨਿਅਰ ਵਕੀਲ ਸ਼੍ਰੀ ਏਕੇ ਸੋਨੀ,ਕੇ ਸੀ ਮਹਾਜਨ, ਆਰ ਡੀ ਬੱਧਣ,ਮਨੋਜ ਸ਼ਰਮਾ ਲਸ਼ਕਰ ਸਿੰਘ, ਸਰਬਜੀਤ ਸਹੋਤਾ,ਸ਼ਮਸ਼ੇਰ ਭਾਰਦਵਾਜ, ਅਜੈ ਚੋਪੜਾ ਸੁਹਾਸ ਰਾਜਨ, ਪੁਨੀਤ ਇੰਦਰ ਕੰਗ, ਅਭਿਨਵ, ਹਰਪ੍ਰੀਤ ਝਾਵਰ,ਪਾਲਵਿੰਦਰ ਮਾਨਾ, ਰਾਕੇਸ਼ ਮਰਵਾਹਾ, ਮੋਹਨ ਸਿੰਘ ਲਹਿਲ, ਲਵਕੇਸ਼ ਓਹਰੀ, ਅਜੈ ਵਾਲੀਆ, ਰਾਕੇਸ਼ ਕੁਮਾਰ, ਕੇਲਾਸ਼,ਪਾਵਨ ਬੱਧਣ, ਵਿਕਰਮ,ਉਮੇਸ਼ ਕੁਮਾਰ,ਰਾਕੇਸ਼, ਰਿਤੂ ਸ਼ਰਮਾ, ਰਾਜਵਿੰਦਰ ਕੌਰ, ਮੋਨਿਕਾ,ਸ਼ਿਵਾਂਗੀ ਅਤੇ ਸਿਧਾਂਤ ਚੌਧਰੀ, ਨਕੁਲ ਆਦੀ ਵੀ ਹਾਜਰ ਸਨ।

## ਸਰਪੰਚ ਕਾਮਰੇਡ ਮਨਜੀਤ ਸਿੰਘ ਲਾਲੀ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਲੰਗੇਰੀ ਸ਼ਾਨੋ-ਸ਼ੌਕਤ ਨਾਲ ਸ਼ੁਰੂ



**ਮਾਹਿਲਪੁਰ (ਸ਼ਫ਼ਰੀ)**

ਪਿੰਡ ਲੰਗੇਰੀ ਦੇ ਸਰਪੰਚ ਸਵ: ਕਾਮਰੇਡ ਮਨਜੀਤ ਸਿੰਘ ਲਾਲੀ ਦੀ ਯਾਦ ਨੂੰ ਸਮਰਪਿਤ ਪਿੰਡ ਪੱਧਰੀ ਓਪਨ ਅਤੇ ਅੰਡਰ -16 ਸਾਲ ਫੁਟਬਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਦਾ ਉਦਘਾਟਨ ਮੇਜਰ ਸਿੰਘ ਐਸ ਪੀ ਹੁਸ਼ਿਆਰਪੁਰ ਨੇ ਕੀਤਾ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਹੀ ਸੇਧ ਦੇਣ ਵਾਸਤੇ ਹਰ ਪਿੰਡ ਵਿੱਚ ਟੂਰਨਾਮੈਂਟ ਕਰਵਾਏ ਜਾਂਣੇ ਇਕ ਵਧੀਆ ਉਪਰਾਲਾ ਹੈ।ਸਮਾਗਮ ਦੀ ਪ੍ਰਧਾਨਗੀ ਹਰਬਲਰਾਜ ਸਿੰਘ ਰਾਜਾ ਯੂਕੇ, ਗੁਰਭਜਨ ਸਿੰਘ ਸੰਘਾ ਬੈਲਜੀਅਮ, ਬ੍ਰਹਮਜੋਤ ਸਿੰਘ ਯੂਕੇ, ਕਰਮਨ ਸਿੰਘ ਕਨੇਡਾ, ਸੁਰਿੰਦਰ ਸਿੰਘ ਜਿਆਣ ਡੀ ਐਸ ਪੀ, ਇੰਸਪੈਕਟਰ ਗਗਨਦੀਪ ਸਿੰਘ ਸੇਖੋਂ ਥਾਣਾ ਮਾਹਿਲਪੁਰ, ਸੁਰਜੀਤ ਸਿੰਘ ਸੰਘਾ ਬੈਲਜੀਅਮ, ਅਵਤਾਰ ਸਿੰਘ ਲੰਗੇਰੀ, ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਅਤੇ ਮਨਪ੍ਰੀਤ ਸਿੰਘ ਮੰਨਾ ਯੂਕੇ ਵਾਲਿਆਂ ਨੇ ਕੀਤੀ। ਮੀਡੀਆ ਇੰਚਾਰਜ ਪਰਮਜੀਤ ਸਿੰਘ ਸੰਘਾ ਨੇ ਦੱਸਿਆ ਕਿ ਕਰਵਾਏ ਜਾ ਰਹੇ ਇਸ ਟੂਰਨਾਮੈਂਟ ਵਿੱਚ ਕੁਲ 44 ਫੁੱਟਬਾਲ ਟੀਮਾਂ ਆਪਣੀ ਖੇਡ ਦਾ ਪ੍ਰਦਰਸ਼ਨ ਕਰਨਗੀਆ।1 ਫਰਵਰੀ ਨੂੰ ਫਾਈਨਲ ਮੈਚ ਹੋਵੇਗਾ। ਟੂਰਨਾਮੈਂਟ ਦੇ ਆਖਰੀ ਦਿਨ ਮੁੱਖ ਮਹਿਮਾਨ ਵਜੋਂ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕਰਨਗੇ।ਇਸ ਮੌਕੇ ਮਲਕੀਤ ਸਿੰਘ ਹੀਰ, ਹਰਜਿੰਦਰ ਸਿੰਘ ਹੀਰ, ਕੋਚ ਸੁਖਦੇਵ ਸਿੰਘ ਸੰਘਾ, ਨੰਬਰਦਾਰ ਗੁਰਵਿੰਦਰ ਸਿੰਘ, ਕੁੰਵਰਪ੍ਰੀਤ ਸਿੰਘ ਫੌਜੀ, ਪ੍ਰੀਤਮ ਸਿੰਘ ਕਨੇਡੀਅਨ, ਡਾਕਟਰ ਓਪੀ ਸਿੰਘ ਹੀਰ, ਸੁਰਿੰਦਰ ਸਿੰਘ ਸੰਘਾ ਸਾਬਕਾ ਪੰਚਾਇਤਾਂ ਅਫਸਰ, ਕੁਲਵਿੰਦਰ ਸਿੰਘ ਬਿੱਟੂ, ਖੁਸ਼ਵਿੰਦਰ ਸਿੰਘ, ਮਨਮੀਰ ਸਿੰਘ ਮੀਰਾ, ਸੈਕਟਰੀ ਰੇਸ਼ਮ ਸਿੰਘ, ਗੁਰਬਖਸ਼ ਸਿੰਘ ਮਸਤਾਨਾ, ਪਰਮਜੀਤ ਸਿੰਘ ਸੰਘਾ, ਮਨਪ੍ਰੀਤ ਸਿੰਘ ਕੋਕੋ, ਇੰਸਪੈਕਟਰ ਸੁਖਦੇਵ ਸਿੰਘ ਸੰਘਾ, ਇੰਸਪੈਕਟਰ ਅੰਮ੍ਰਿਤਪਾਲ ਸਿੰਘ ਸੰਘਾ, ਜਸਵਿੰਦਰ ਸਿੰਘ ਬਿੱਲਾ, ਗੁਰਜੀਤ ਸਿੰਘ, ਕਰਮਜੀਤ ਸਿੰਘ ਕੈਨੇਡਾ, ਗੁਰਵਿੰਦਰ ਸਿੰਘ ਰਾਜਾ, ਅਮਰੀਕ ਸਿੰਘ ਅਮਨ, ਪਰੀਤ ਸਿੰਘ, ਰਜਿੰਦਰ ਕੁਮਾਰ, ਜਸ ਧਾਰੀਵਾਲ, ਹਰਭਜਨ ਸਿੰਘ, ਕੇਵਲ ਸਿੰਘ, ਸੁੱਖ ਕਨੇਡਾ, ਕਰਨੈਲ ਸਿੰਘ ਗੋਨਾ, ਮਦਨ ਲਾਲ, ਸਤਿੰਦਰ ਸਿੰਘ ਮਿੰਟਾਂ, ਪਰਮਿੰਦਰ ਸਿੰਘ ਬੰਟੀ, ਹਰਬੰਸ ਸਿੰਘ ਪੰਜਾਬ ਪੁਲਸ, ਬਾਬੂ ਦਰਸ਼ਨ ਸਿੰਘ, ਬਲਵੀਰ ਸਿੰਘ ਰੀਹਲ, ਤੀਰਥ ਸਿੰਘ, ਕਰਮਜੀਤ ਸਿੰਘ ਮੁਨਸ਼ੀ, ਜਸ ਧਾਰੀਵਾਲ, ਵਿੱਕੀ ਅਦਿੱਤਾ, ਸੁਰਿੰਦਰ ਸਿੰਘ ਛਿੰਦਾ, ਜਸਪਾਲ ਸਿੰਘ ਸ਼ੀਰੀ, ਸੁਖਜੀਤ ਸਿੰਘ ਬੰਟੀ, ਰੈਫਰੀ ਸੰਦੀਪ ਸਿੰਘ ਡਮੇਲੀ, ਰੈਫਰੀ ਗੁਰਦੀਪ ਸਿੰਘ ਖੇੜਾ, ਰੈਫਰੀ ਜਤਿੰਦਰ ਜੀਤੀ ਕਹਾਰਪੁਰ, ਰੈਫਰੀ ਜਸਬੀਰ ਸਿੰਘ ਪੰਜੌੜ ਆਦਿ ਹਾਜ਼ਰ ਸਨ।

## ਮੋਨਿਕਾ ਗਾਂਧੀ ਨੂੰ ਕੀਤਾ ਸਨਮਾਨਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**—ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਬਸੀ ਦੌਲਤ ਖਾਂ ਦੀ ਈਟੀਟੀ ਅਧਿਆਪਕਾ, ਸ਼੍ਰੀਮਤੀ ਮੋਨਿਕਾ ਗਾਂਧੀ ਨੂੰ 26 ਜਨਵਰੀ ਦੇ ਮੌਕੇ 'ਤੇ ਸ਼ਿਕਸ਼ਾ ਦੇ ਖੇਤਰ ਵਿੱਚ ਉਤਕ੍ਰਿਸ਼ਟ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਪੰਜਾਬ ਦੇ ਸ਼ਿਕਸ਼ਾ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਵੱਲੋਂ ਪ੍ਰਦਾਨ



ਕੀਤਾ ਗਿਆ।ਸ਼੍ਰੀਮਤੀ ਮੋਨਿਕਾ ਗਾਂਧੀ ਨੇ ਆਪਣੇ ਨਿੱਭੇ ਫਰਜ਼ਾਂ ਅਤੇ ਸਮਰਪਿਤ ਸੇਵਾਵਾਂ ਨਾਲ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਦੇ ਹੋਏ ਸਮਾਰਟ ਸਿੱਖਿਆ ਦੇ ਮਾਪਦੰਡ ਸਥਾਪਿਤ ਕੀਤੇ ਹਨ। ਉਹਨਾਂ ਦੀ ਸਿੱਖਣ-ਸਿਖਾਣ ਦੀ ਪ੍ਰਗਤੀਸ਼ੀਲ ਪਹੁੰਚ ਅਤੇ ਕਠੋਰ ਮਿਹਨਤ ਦਾ ਹੀ ਨਤੀਜਾ ਹੈ ਕਿ ਉਹਨਾਂ ਨੂੰ ਇਸ ਗੌਰਵਮਈ ਸਨਮਾਨ ਲਈ ਚੁਣਿਆ ਗਿਆ।ਇਸ ਮੌਕੇ 'ਤੇ ਮੋਨਿਕਾ ਗਾਂਧੀ ਨੇ ਆਪਣੇ ਸਕੂਲ ਦੇ ਸਟਾਫ ਅਤੇ ਪਰਵਾਰ ਨੂੰ ਇਸ ਉਪਲਬਧੀ ਲਈ ਧੰਨਵਾਦ ਦਿੱਤਾ ਅਤੇ ਆਗਾਮੀ ਭਵਿੱਖ ਵਿੱਚ ਵੀ ਸਿੱਖਿਆ ਦੇ ਖੇਤਰ ਵਿੱਚ ਆਪਣੀ ਸਮਰਪਿਤ ਯੋਗਦਾਨ ਦੇਣ ਦਾ ਵਾਅਦਾ ਕੀਤਾ।